# eNkJh ns f;bkJh

**(d; th ôDh bJh)**

***bye L*** **vk. ;sBkw fYlbk**
***;Xe L*** **ifsdo ;jh**
***fu;soeko L*** **eb ihs eo**
***ftôk enkovhBNo L*** **euB ôowk**

## gikp ;eb f;lfynk pov

**;kfjp÷kdk nihs f;x Bro**

© gikp ;eb f;fynk pov

gfjbh tkoL 2015 aaaaaaaaaaaaaaaaaa6,000 ekghnK

*All rights, including those of translation, reproduction and annotation etc., are reserved by the Punjab School Education Board.*

**uskt Bh**

1a eJh th Ji;h-jbvo tkX g; t;bD d wst Bkb gkm-g;seK s fibd-;k÷h Bjh eo ;edk. (Ji;h-jbvoK Bkb jJ ;wMs dh Xkok BL7 nB;ko)

2a gikp ;eb f;fynk pov dnkok SgtkJhnK ns gekfôs gkm-g;seK d iknbh Bebh gekôBK (gkm-g;seK) dh SgkJh, gekôB, ;Nke eoBk, iwK-yoh iK fteoh nkfd eoBk Gkosh dv gDkbh d nsors ødkoh iow j.

(gikp ;eb f;fynk pov dhnK gkm-g;seK pov d ôtkNo wkoeÙ tkb ekr÷ T;go jh SgtkJhnK iKdhnK jB.)

**w;bL- 28-00**

;elsoL gikp ;eb f;fynk pov, ftfdnk GtB, c÷-8, ;kfjp÷kdk nihs f;x Bro- 160062 tb gekfôs ns *ਨਿਊ ਸਿਮਰਨ ਔਫਸੈਟ ਪ੍ਰਿੰਟਰਜ ਜਲੰਧਰ* tb Skgh rJh.

# wly pX

gikp ;eb f;lfynk pov nkgDh ;EkgBk d ;wl s jh ;eb glXo dhnK ;kohnK ôDhnK d gkmew ;XD ns fJjBK ;X jJ gkm-ewK nB;ko gkm g;seK fsnko eoB bJh :sBôhb fojk j . okôNoh glXo s toswkB ftfdne ;u B wly oly d jJ pov B gkm g;seK dh BtouBk dk fJle ftôô grokw Tbhfenk j . fJj g;se fJ; grokw dh fJle eVh j .

eNkJh ns f;bkJh fJle nfi jh ebk j, fi; okjhl ;XkoB fdy tkbk elgVk nfs ;do gôke ftlu spdhb ehsk ik ;edk j . gôke dh ;dosk f;bkJh eoB tkb dh f;ybkJh ns ebk s fBoGo jdh j . fJ; ebk ftlu fBgBsk fbnkTD bJh eNkJh ns f;bkJh d ;wkB dk frnkB, Bkg bD d Yr, elgVk f;TD d fB:w, vokcNfN r, eNkJh ns f;bkJh pko goh ikDekoh dh bV j i fe ;kB eNkJh ns f;bkJh ftô s jh fwbdh j . dkybk ;kb 2001-2002 s gVkJh ;ehw dh Bth Bhsh nXhB wfNe ôDhnK bJh fJj ftôk uDt ftô t i bkr ehsk frnk j . jEbh g;se d; th ôDh d ftfdnkoEhnK bJh fsnko ehsh rJh j . fJ; d ftôk t;s B} tXo ;lgôN eoB bJh Ye t fulso ns TdkjoBK fdlshnK rJhnK jB . g;se dh Gkôk, ôpdkt bh, ôbh ;ob ns ftfdnkoEhnK d wkBf;e glXo nB;ko olyD dk :sB ehsk frnk j .

nk; j fe fJj g;se ftô d ftfdnkoEhnK s nfXnkgeK bJh Tg:rh f;lX j t rh . fJ; g;se B jo urok pDkTD bJh yso ftlu nkJ ;MktK dk pov tb ;fseko ehsk ikt rk .

unogo;B
gikp ;eb f;lfynk pov

# ftôk- ;uh


| bVh BL | ftôk | gBk |
|---|---|---|
| 1. | ਰੇਸ਼ਾ, ਧਾਗਾ ਅਤੇ ਕੱਪੜਾ | 1 |
| 2. | ਰੇਸ਼ਿਆਂ ਦਾ ਵਰਗੀਕਰਨ | 6 |
| 3. | ਕੱਪੜਿਆਂ ਦੀ ਪਹਿਚਾਣ ਅਤੇ ਵਿਸ਼ੇਸ਼ਤਾਈਆਂ | 14 |
| 4. | ਕੱਪੜਿਆਂ ਦੀ ਚੋਣ | 24 |
| 5. | ਡਿਜ਼ਾਇਨ ਦੇ ਮੂਲ ਅੰਸ਼ ਅਤੇ ਸਿਧਾਂਤ | 31 |
| 6. | ਸਿਲਾਈ ਮਸ਼ੀਨ | 37 |
| 7. | ਨਾਪ ਨੂੰ ਡਰਾਫਟਿੰਗ ਵਿੱਚ ਬਦਲਣਾ | 48 |
| 8. | ਖੁਲ੍ਹੀ ਪੱਟੀ ਬਣਾਉਣਾ ਅਤੇ ਬੰਦ ਕਰਨਾ | 53 |
| 9. | ਪੁਸ਼ਾਕ ਨੂੰ ਖੁੱਲ੍ਹਾ ਕਰਨ ਦੇ ਤਰੀਕੇ | 68 |
| 10. | ਪੁਸ਼ਾਕ ਦੀ ਡਰਾਫਟਿੰਗ ਅਤੇ ਸਿਲਾਈ | 85 |
| 11. | ਕੱਪੜਿਆਂ ਦੀ ਮੁਰੰਮਤ | 106 |

# gkm-1

# ਰੇਸ਼ਾ, ਧਾਗਾ ਅਤੇ ਕੱਪੜਾ

*ਭੋਜਨ, ਕੱਪੜਾ ਅਤੇ ਮਕਾਨ ਮਨੁੱਖ ਦੀਆਂ ਮੁੱਢਲੀਆਂ ਲੋੜਾਂ ਹਨ। ਜਿਸ ਤਰ੍ਹਾਂ ਭੋਜਨ ਜਿਉਂਦੇ ਰਹਿਣ ਲਈ ਅਤੇ ਮਕਾਨ ਰਹਿਣ ਲਈ ਚਾਹੀਦਾ ਹੈ ਉਸੇ ਤਰ੍ਹਾਂ ਕੱਪੜਾ ਮੌਸਮ ਤੋਂ ਬਚਣ, ਸੁੰਦਰਤਾ ਅਤੇ ਚੰਗੇ ਸਲੀਕੇ ਵਜੋਂ ਪਹਿਨਿਆ ਜਾਂਦਾ ਹੈ। ਅੱਜ-ਕੱਲ੍ਹ ਬਾਜ਼ਾਰ ਵਿੱਚ ਅਨੇਕਾਂ ਪ੍ਰਕਾਰ ਦੇ ਕੱਪੜੇ ਉਪਲਬਧ ਹਨ। ਅਸੀਂ ਆਪਣੀ ਜ਼ਰੂਰਤ ਅਨੁਸਾਰ ਕੱਪੜੇ ਦੀ ਚੋਣ ਕਰਦੇ ਹਾਂ।*

## ਰੇਸ਼ਾ (Fibre)

*ਕੀ ਤੁਸੀਂ ਕਦੇ ਸੋਚਿਆ ਹੈ ਕਿ ਕੱਪੜਾ ਕਿੱਥੋਂ ਬਣਦਾ ਹੈ। ਕੋਈ ਕੱਪੜਾ ਲਓ ਅਤੇ ਇਸਨੂੰ ਧਿਆਨ ਨਾਲ ਦੇਖੋ। ਜਿੱਥੋਂ ਇਸ ਨੂੰ ਫਾੜਿਆ ਜਾਂ ਕੱਟਿਆ ਗਿਆ ਹੈ ਉੱਥੇ ਕਈ ਧਾਗੇ ਉਧੜਦੇ ਨਜ਼ਰ ਆਉਣਗੇ। ਇੱਕ ਧਾਗਾ ਖਿੱਚ ਕੇ, ਇਸ ਧਾਗੇ ਨੂੰ ਖੋਲਣ ਦੀ ਕੋਸ਼ਿਸ਼ ਕਰੋ। ਤੁਸੀਂ ਦੇਖੋਗੇ ਕਿ ਇਹ ਧਾਗਾ ਹੋਰ ਵੀ ਬਾਰੀਕ ਵਾਲ ਵਰਗੇ ਰੇਸ਼ਿਆਂ ਤੋਂ ਬਣਿਆ ਹੋਇਆ ਹੈ। ਅਸਲ ਵਿਚ ਇਹ ਰੇਸ਼ੇ ਹੀ ਕੱਪੜੇ ਦੀ ਮੂਲ ਇਕਾਈ ਹਨ।*

**ਰੇਸ਼ਾ (Fibre)** – *ਬਹੁਤ ਬਾਰੀਕ ਵਾਲ ਵਰਗੀਆਂ ਤੰਦਾਂ ਜੋ ਕਿ ਹਰ ਪ੍ਰਕਾਰ ਦੇ ਕੱਪੜੇ ਦੀ ਮੂਲ ਇਕਾਈ ਹਨ ਨੂੰ 'ਰੇਸ਼ਾ' ਕਿਹਾ ਜਾਂਦਾ ਹੈ।*

## ਧਾਗਾ (Yarn)

*ਧਾਗਾ ਰੇਸ਼ੇ ਤੋਂ ਕੱਪੜਾ ਬਣਾਉਣ ਦੇ ਵਿਚਕਾਰਲੀ ਸਥਿਤੀ ਹੈ। ਧਾਗਾ ਕਈ ਰੇਸ਼ਿਆਂ ਨੂੰ ਇਕੱਠੇ ਮਿਲਾ ਕੇ ਜਾਂ ਕੱਤ ਕੇ (ਵਟ ਦੇ ਕੇ) ਬਣਾਇਆ ਜਾਂਦਾ ਹੈ ਤੁਸੀਂ ਅੱਗੇ ਜਾ ਕੇ ਪੜ੍ਹੋਗੇ ਕਿ ਰੇਸ਼ੇ ਕਈ ਪ੍ਰਕਾਰ ਦੇ ਹੁੰਦੇ ਹਨ। ਇਹਨਾਂ ਸਾਰਿਆਂ ਨੂੰ ਉਵੇਂ ਜਿਵੇਂ ਹੀ ਵਰਤਿਆ ਨਹੀਂ ਜਾ ਸਕਦਾ ਇਸ ਲਈ ਕੱਪੜਾ ਬਣਾਉਣ ਤੋਂ ਪਹਿਲਾਂ ਰੇਸ਼ਿਆਂ ਨੂੰ ਇਕੱਠੇ ਮਿਲਾ ਕੇ ਕੱਤ ਕੇ ਧਾਗੇ ਵਿੱਚ ਤਬਦੀਲ ਕੀਤਾ ਜਾਂਦਾ ਹੈ। ਜੋ ਲੰਬਾ, ਮੋਟਾ ਅਤੇ ਮਜ਼ਬੂਤ ਹੁੰਦਾ ਹੈ।*

**Xkrk — Xkrk** *ਰੇਸ਼ੇ* **s egVk pDkTD dh ftuekobh ;fEsh j fi; ftlu ofSnK** *ਨੂੰ ਕੱਤ* **e iK tN d e fsnko ehsk iKdk j i fe bpk, wNk ns** *ਮਜ਼ਬੂਤ* **jdk j.**

**ਧਾਗਾ ਬਣਾਉਣ ਦਾ ਤਰੀਕਾ—** *ਪਿੰਡਾਂ ਵਿੱਚ ਰੂੰ ਦੀਆਂ ਪੂਣੀਆਂ ਨੂੰ ਚਰਖੇ ਨਾਲ ਕੱਤ ਕੇ ਧਾਗਾ ਆਮ ਬਣਾਇਆ ਜਾਂਦਾ ਹੈ। ਰੇਸ਼ਿਆਂ ਨੂੰ ਖਿੱਚ ਕੇ, ਸਿੱਧਾ ਕਰਕੇ ਅਤੇ ਵਟਾ ਦੇ ਕੇ ਧਾਗਾ ਤਿਆਰ ਕੀਤਾ ਜਾਂਦਾ ਹੈ। ਰੇਸ਼ਿਆਂ ਦੀ ਕਿਸਮ ਅਨੁਸਾਰ ਉਹਨਾਂ ਦੀ ਕਤਾਈ ਕੀਤੀ ਜਾਂਦੀ ਹੈ ਧਾਗਾ ਬਣਾਉਣ ਸਮੇਂ ਕਤਾਈ ਲਈ ਤੱਕਲੀ, ਚਰਖਾ ਜਾਂ ਕਤਾਈ ਮਿੱਲਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਕਤਾਈ ਸਮੇਂ ਇੱਕ ਤੋਂ ਜ਼ਿਆਦਾ ਤਰ੍ਹਾਂ ਦੇ ਰੇਸ਼ੇ ਆਪਸ ਵਿੱਚ ਮਿਲਾ ਕੇ ਵੀ ਧਾਗਾ ਤਿਆਰ ਕੀਤਾ ਜਾ ਸਕਦਾ ਹੈ ਜਿਸ ਨਾਲ ਕੱਪੜੇ ਵਿੱਚ ਚੰਗੇ ਗੁਣ ਪੈਦਾ ਕੀਤੇ ਜਾ ਸਕਦੇ ਹਨ। ਮਨੁੱਖ ਦੁਆਰਾ ਬਣਾਏ ਰੇਸ਼ਿਆਂ ਨੂੰ ਵੀ ਆਪਸ ਵਿੱਚ ਮਿਲਾ ਕੇ ਧਾਗੇ ਦੇ ਰੂਪ ਵਿੱਚ ਇਸਤੇਮਾਲ ਕੀਤਾ ਜਾਂਦਾ ਹੈ। ਛੋਟੇ ਰੇਸ਼ਿਆਂ ਨੂੰ ਕੱਤ ਕੇ (ਵੱਟ ਚੜ੍ਹਾ ਕੇ) ਆਪਸ ਵਿੱਚ ਜੋੜਿਆ ਜਾਂਦਾ ਹੈ ਜਿਸ ਨਾਲ ਇਹ ਲੰਬਾ ਰੂਪ ਧਾਰਨ ਕਰ ਲੈਂਦੇ ਹਨ। ਧਾਗੇ ਨੂੰ ਤਿਆਰ ਕਰਕੇ ਗਲੋਟ, ਗੁੱਡੀਆਂ (ਅੱਟੀਆਂ) ਜਾਂ ਰੀਲਾਂ ਦੇ ਰੂਪ ਵਿੱਚ ਇਕੱਠਾ ਕਰ ਲਿਆ ਜਾਂਦਾ ਹੈ। ਫਿਲਾਮੈਂਟ ਰੇਸ਼ੇ ਵੀ ਵੱਟ ਚੜ੍ਹਾ ਕੇ ਜਾਂ ਬਿਨਾਂ ਵੱਟ ਚੜ੍ਹਾਏ ਇਕੱਠੇ ਕਰਕੇ ਲੋੜ ਮੁਤਾਬਿਕ ਮੋਟੇ ਧਾਗੇ ਬਣਾ ਕੇ ਇਸਤੇਮਾਲ ਕੀਤੇ ਜਾਂਦੇ ਹਨ। ਧਾਗੇ ਸਾਦੀ ਦਿੱਖ ਵਾਲੇ ਜਾਂ ਨਮੂਨੇ ਵਾਲੇ ਵੀ ਹੋ ਸਕਦੇ ਹਨ।*

## ਕੱਪੜਾ (Fabric)

*ਕੱਪੜੇ ਬਾਰੇ ਤਾਂ ਤੁਸੀਂ ਸਾਰੇ ਜਾਣਦੇ ਹੀ ਹੋ। ਵੱਖ-ਵੱਖ ਪੁਸ਼ਾਕਾਂ ਬਣਾਉਣ ਲਈ ਅਨੇਕਾਂ ਪ੍ਰਕਾਰ ਦੇ ਕੱਪੜੇ ਉਪਲਬਧ ਹਨ। ਕੱਪੜਾ ਬਣਾਉਣ ਲਈ ਛੋਟੇ ਰੇਸ਼ਿਆਂ ਨੂੰ ਧਾਗੇ ਦਾ ਰੂਪ ਦੇਣ ਉਪਰੰਤ ਧਾਗਿਆਂ ਨੂੰ ਆਪਸ ਵਿੱਚ ਵਿਉਂਤ ਬੰਦੀ ਨਾਲ ਖੱਡੀ ਜਾਂ ਮਸ਼ੀਨਾਂ ਰਾਹੀਂ ਬੁਣ ਕੇ ਕੱਪੜਾ ਤਿਆਰ ਕੀਤਾ ਜਾਂਦਾ ਹੈ। ਵੱਖ-ਵੱਖ ਤਰ੍ਹਾਂ ਦੀ ਬੁਣਾਈ ਨਾਲ ਧਾਗੇ ਤੋਂ ਵੱਖ-ਵੱਖ ਪ੍ਰਕਾਰ ਦਾ ਕੱਪੜਾ ਤਿਆਰ ਕੀਤਾ ਜਾ ਸਕਦਾ ਹੈ। ਪਹਿਲਾਂ ਘਰਾਂ ਵਿੱਚ ਹੀ ਖੱਡੀਆਂ ਤੇ ਕੱਪੜਾ ਤਿਆਰ ਕੀਤਾ ਜਾਂਦਾ ਸੀ। ਹੁਣ ਕੱਪੜਾ ਬਣਾਉਣ ਲਈ ਅਨੇਕਾਂ ਕਿਸਮ ਦੀਆਂ ਮਸ਼ੀਨਾਂ ਹਨ ਜੋ ਬਿਜਲੀ ਨਾਲ ਚੱਲਦੀਆਂ ਹਨ। ਕੋਈ ਮੋਟਾ ਕੱਪੜਾ ਜਾਂ ਚਾਰਪਾਈ ਵਗੈਰਾ ਦੀ ਬੁਣਾਈ ਨੂੰ ਧਿਆਨ ਨਾਲ ਦੇਖੋ। ਕੱਪੜਾ ਬਣਾਉਣ ਲਈ ਦੋ ਪ੍ਰਕਾਰ ਦੇ ਧਾਗਿਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ।*

(i) *ਲੰਬਾਈ ਦੇ ਰੁਖ਼ ਜਾਂ ਤਾਣਾ* (warp)

(ii) *ਚੌੜਾਈ ਦੇ ਰੁਖ਼ ਜਾਂ ਪੇਟਾ* (weft)

*ਤਾਣੇ ਅਤੇ ਪੇਟੇ ਦੇ ਧਾਗਿਆਂ ਨੂੰ ਆਪਸ ਵਿੱਚ ਬੁਣ ਕੇ ਕੱਪੜਾ ਬਣਾਇਆ ਜਾਂਦਾ ਹੈ। ਤਾਣੇ ਅਤੇ ਪੇਟੇ ਦੇ ਧਾਗਿਆਂ ਨੂੰ ਵੱਖ-ਵੱਖ ਤਰੀਕੇ ਨਾਲ ਬੁਣ ਕੇ ਵੱਖ-ਵੱਖ ਤਰ੍ਹਾਂ ਦੀ ਬੁਣਤੀ* (weaves) *ਵਾਲੇ ਕੱਪੜੇ ਬਣਾਏ ਜਾ ਸਕਦੇ ਹਨ ਜਿਵੇਂ ਕਿ ਸਾਦਾ ਬੁਣਾਈ, ਟਵਿਲ ਬੁਣਾਈ ਅਤੇ ਸਾਟਨ ਬੁਣਾਈ ਆਦਿ।*

*ਕੱਪੜਾ ਬੁਣਾਉਣ ਦਾ ਦੂਸਰਾ ਤਰੀਕਾ ਵੀ ਹੈ ਜਿਸ ਵਿੱਚ ਇੱਕੋ ਜਾਂ ਕਈ ਧਾਗਿਆਂ ਦੇ ਫੰਦਿਆਂ ਨੂੰ ਬੁਣ ਕੇ ਕੱਪੜਾ ਬਣਾਇਆ ਜਾਂਦਾ ਹੈ। ਸਲਾਈਆਂ ਨਾਲ ਸਵੈਟਰ ਇਸ ਤਰੀਕੇ ਨਾਲ ਹੀ ਬਣਾਏ ਜਾਂਦੇ ਹਨ। ਸਲਾਈਆਂ ਨਾਲ ਸਵੈਟਰ ਬੁਣਨ ਸਮੇਂ ਇੱਕ ਹੀ ਧਾਗੇ ਦੇ ਫੰਦਿਆਂ ਨੂੰ ਬੁਣ ਕੇ ਕੱਪੜਾ ਬਣਦਾ ਜਾਂਦਾ ਹੈ। ਬੁਨੈਣ ਵਗੈਰਾ ਦੀ ਬੁਣਾਈ ਵਿੱਚ ਕਈ ਧਾਗਿਆਂ ਦਾ ਸੈੱਟ ਇਕੱਠਾ ਚਲਦਾ ਹੈ ਤਾਂ ਇਹਨਾਂ ਸਾਰਿਆਂ ਦੇ ਫੰਦਿਆਂ ਨੂੰ ਬੁਣ ਕੇ ਮਸ਼ੀਨਾਂ ਨਾਲ ਕੱਪੜਾ ਬਣਾਇਆ ਜਾਂਦਾ ਹੈ।*

## ਰੇਸ਼ੇ ਤੋਂ ਕੱਪੜਾ ਬਣਾਉਣ ਲਈ ਮੂਲ ਗੁਣ

*ਕੁਦਰਤ ਵਿੱਚ ਅਨੇਕਾਂ ਪ੍ਰਕਾਰ ਦੇ ਰੇਸ਼ੇ ਮਿਲਦੇ ਹਨ ਪਰ ਰੇਸ਼ਿਆਂ ਤੋਂ ਕੱਪੜਾ ਬਣਾਉਣ ਲਈ ਇਹਨਾਂ ਵਿੱਚ ਕੁਝ ਮੂਲ ਗੁਣ ਹੋਣੇ ਜ਼ਰੂਰੀ ਹਨ ਤਾਂ ਹੀ ਇਹਨਾਂ ਰੇਸ਼ਿਆਂ ਤੋਂ ਕੱਪੜਾ ਬਣਾਇਆ ਜਾ ਸਕਦਾ ਹੈ। ਇਹ ਪੰਜ ਮੂਲ ਗੁਣ ਹੇਠ ਲਿਖੇ ਅਨੁਸਾਰ ਹਨ।*

1. *ਰੇਸ਼ੇ ਦੇ ਰੂਪ ਵਿੱਚ ਹੋਣਾ* (Staple)
2. *ਮਜ਼ਬੂਤੀ* (Strength/Tenacity)
3. *ਲਚਕੀਲਾਪਨ* (Elasticity/Flexibility)
4. *ਇਕਸਾਰਤਾ* (Uniformity)
5. *ਜੁੜਨ ਸ਼ਕਤੀ* (Spinning Quality/Cohesiveness)

**1. ਰੇਸ਼ੇ ਦੇ ਰੂਪ ਵਿੱਚ ਹੋਣਾ—** *ਰੇਸ਼ੇ, ਸਟੇਪਲ ਜਾਂ ਫਿਲਾਮੈਂਟ ਦੋ ਤਰ੍ਹਾਂ ਦੇ ਹੋ ਸਕਦੇ ਹਨ। ਸਟੇਪਲ ਤੋਂ ਭਾਵ ਹੈ ਕਿ ਰੇਸ਼ੇ ਤੋਂ ਕੱਪੜਾ ਬਣਾਉਣ ਲਈ ਉਹਨਾਂ ਦੀ ਖਾਸ ਲੰਬਾਈ ਅਤੇ ਵਿਆਸ ਦਾ ਹੋਣਾ ਤਾਂ ਹੀ ਉਹਨਾਂ ਦੀ ਤਸੱਲੀਬਖ਼ਸ਼ ਵਰਤੋਂ ਹੋ ਸਕਦੀ ਹੈ। ਜੇਕਰ ਰੇਸ਼ਿਆਂ ਦੀ ਲੰਬਾਈ ਅੱਧਾ ਇੰਚ ਤੋਂ ਘੱਟ ਹੋਵੇ ਤਾਂ ਉਹ ਧਾਗਾ ਬਣਾਉਣ ਲਈ ਇਸਤੇਮਾਲ ਨਹੀਂ ਕੀਤੇ ਜਾ ਸਕਦੇ। ਮਨੁੱਖ ਦੁਆਰਾ ਤਿਆਰ ਕੀਤੇ ਅਤੇ ਸਿਲਕ ਦੇ ਰੇਸ਼ਿਆਂ ਦੀ ਲੰਬਾਈ ਤਾਂ ਬਹੁਤ ਹੁੰਦੀ ਹੈ ਪ੍ਰੰਤੂ ਉੱਨ ਅਤੇ ਕਪਾਹ ਦੇ ਰੇਸ਼ਿਆਂ ਦੀ ਲੰਬਾਈ ਘੱਟ ਹੁੰਦੀ ਹੈ। ਲੇਕਿਨ ਇਹਨਾਂ ਰੇਸ਼ਿਆਂ ਵਿੱਚ ਆਪਸ ਵਿੱਚ ਜੁੜ ਕੇ ਕੱਤ ਹੋ ਸਕਣ ਦਾ ਗੁਣ ਬਹੁਤ ਜ਼ਿਆਦਾ ਹੁੰਦਾ ਹੈ ਜੋ ਕੱਪੜਾ ਬਣਾਉਣ ਲਈ ਲਾਭਕਾਰੀ ਹੈ। ਕਪਾਹ ਦੇ ਛੋਟੇ ਰੇਸ਼ੇ ਜਿਹਨਾਂ ਤੋਂ ਧਾਗਾ ਨਹੀਂ ਬਣਾਇਆ ਜਾ ਸਕਦਾ ਉਨ੍ਹਾਂ ਤੇ ਰਸਾਇਣਿਕ ਪਦਾਰਥਾਂ ਦੀ ਪ੍ਰਕਿਰਿਆ ਦੁਆਰਾ ਰੇਸ਼ੇ ਦਾ ਪੁਨਰ ਨਿਰਮਾਣ ਕਰਕੇ ਰੇਔਨ ਦਾ ਰੇਸ਼ਾ ਬਣਾਇਆ ਜਾਂਦਾ ਹੈ। ਇਸ ਲਈ ਹੀ ਰੇਔਨ ਦੇ ਗੁਣ ਸੂਤੀ ਕੱਪੜੇ ਨਾਲ ਕਾਫੀ ਮਿਲਦੇ ਹਨ।*

**2. ਮਜ਼ਬੂਤੀ—** *ਰੇਸ਼ੇ ਤੋਂ ਕੱਪੜਾ ਬਣਾਉਣਾ ਇਕ ਲੰਬੀ ਪ੍ਰਕਿਰਿਆ ਹੈ। ਰੇਸ਼ੇ ਇੰਨੇ ਕੁ ਮਜ਼ਬੂਤ ਹੋਣੇ ਚਾਹੀਦੇ ਹਨ ਕਿ ਕਤਾਈ, ਸਫ਼ਾਈ ਅਤੇ ਬੁਣਾਈ ਸਮੇ ਪੈ ਰਹੀ ਖਿੱਚ ਦਾ ਮੁਕਾਬਲਾ ਕਰ ਸਕਣ ਅਤੇ ਹੰਢਣਸਾਰ ਕੱਪੜੇ ਦੇ ਰੂਪ ਵਿੱਚ ਬਦਲੇ*

*ਜਾ ਸਕਣ। ਰੇਸ਼ਿਆਂ ਦੀ ਮਜ਼ਬੂਤੀ ਤੇ ਵਾਤਾਵਰਨ ਦੀ ਨਮੀ ਦਾ ਅਸਰ ਵੀ ਹੁੰਦਾ ਹੈ। ਆਮ ਤੌਰ ਤੇ ਕੁਦਰਤੀ ਰੂਪ ਵਿੱਚ ਪੌਦਿਆਂ ਤੋਂ ਪ੍ਰਾਪਤ ਹੋਣ ਵਾਲੇ ਰੇਸ਼ੇ ਜਦੋਂ ਗਿੱਲੇ ਹੋਣ ਤਾਂ ਜ਼ਿਆਦਾ ਮਜ਼ਬੂਤ ਹੁੰਦੇ ਹਨ। ਜਦੋਂ ਕਿ ਦੂਜੇ ਰੇਸ਼ੇ ਜਿਵੇਂ ਰੇਔਨ, ਉੱਨ ਅਤੇ ਸਿਲਕ ਵਗੈਰਾ ਗਿੱਲੇ ਹੋਣ ਤੇ ਕਮਜ਼ੋਰ ਹੋ ਜਾਂਦੇ ਹਨ।*

3. **ਲਚਕੀਲਾਪਨ—***ਰੇਸ਼ਿਆਂ ਵਿੱਚ ਟੁੱਟੇ ਬਗੈਰ ਮੁੜ ਸਕਣ ਦਾ ਗੁਣ ਹੋਣਾ ਚਾਹੀਦਾ ਹੈ ਤਾਂ ਜੋ ਇਹਨਾਂ ਨੂੰ ਇੱਕ ਦੂਜੇ ਤੇ ਲਪੇਟ ਕੇ ਜਾਂ ਵਲ ਦੇ ਕੇ ਧਾਗਾ ਬਣਾਇਆ ਜਾ ਸਕੇ। ਇਹ ਗੁਣ ਕੱਪੜੇ ਨੂੰ ਹੰਢਣਸਾਰ ਬਣਾਉਣ, ਸ਼ਕਲ ਅਤੇ ਆਕਾਰ ਬਰਕਰਾਰ ਰੱਖਣ ਵਿੱਚ ਮਦਦ ਕਰਦਾ ਹੈ। ਜਿਹਨਾਂ ਰੇਸ਼ਿਆਂ ਵਿੱਚ ਲਚਕ ਵੱਧ ਹੁੰਦੀ ਹੈ ਉਹਨਾਂ ਵਿੱਚ ਵੱਟ ਘੱਟ ਪੈਂਦੇ ਹਨ।*

4. **ਇਕਸਾਰਤਾ—***ਰੇਸ਼ਿਆਂ ਦੀ ਲੰਬਾਈ ਅਤੇ ਵਿਆਸ ਵਿੱਚ ਇਕਸਾਰਤਾ ਹੋਣ ਨਾਲ ਉਹਨਾਂ ਤੋਂ ਸਾਫ਼ ਅਤੇ ਇਕਸਾਰ ਧਾਗਾ ਬਣਾਇਆ ਜਾ ਸਕਦਾ ਹੈ ਜਿਸ ਨਾਲ ਕੱਪੜਾ ਵੀ ਮੁਲਾਇਮ ਅਤੇ ਸਾਫ਼ ਬਣਦਾ ਹੈ।*

5. **ਜੁੜਨ-ਸ਼ਕਤੀ—***ਚੰਗੀ ਕਤਾਈ ਲਈ ਰੇਸ਼ਿਆਂ ਵਿੱਚ ਆਪਸ ਵਿੱਚ ਜੁੜ ਹੋ ਸਕਣ ਦੀ ਸ਼ਕਤੀ ਦਾ ਹੋਣਾ ਜ਼ਰੂਰੀ ਹੈ ਤਾਂ ਜੋ ਉਹਨਾਂ ਦੀ ਕਤਾਈ ਹੋ ਸਕੇ। ਰੇਸ਼ਿਆਂ ਦੀ ਜੁੜਨ-ਸ਼ਕਤੀ ਚਾਰ ਗੱਲਾਂ ਤੇ ਨਿਰਭਰ ਕਰਦੀ ਹੈ।*

(i) *ਰੇਸ਼ੇ ਦੀ ਲੰਬਾਈ*

(ii) *ਰੇਸ਼ੇ ਦੀ ਬਾਰੀਕੀ*

(iii) *ਰੇਸ਼ੇ ਦੀ ਸਤਹ ਦੀ ਕਿਸਮ*

(iv) *ਲਚਕੀਲਾਪਨ*

*ਰੇਸ਼ੇ ਵਿੱਚ ਜਿੰਨੀ ਜੁੜਨ-ਸ਼ਕਤੀ ਵਧੇਰੇ ਹੋਵੇਗੀ ਉਨੀ ਹੀ ਕਤਾਈ ਉਪਰੰਤ ਧਾਗੇ ਦੀ ਬਾਰੀਕੀ ਅਤੇ ਮਜ਼ਬੂਤੀ ਹੋਵੇਗੀ। ਇਹ ਹੀ ਗੁਣ ਕੱਪੜੇ ਵਿੱਚ ਵੀ ਆਉਣਗੇ।*

## ਹੋਰ ਗੁਣ

*ਉੱਪਰ ਦੱਸੇ ਪੰਜ ਮੂਲ ਗੁਣਾਂ ਤੋਂ ਬਗੈਰ ਤਾਂ ਰੇਸ਼ਿਆਂ ਤੋਂ ਕੱਪੜਾ ਬਣਾਇਆ ਹੀ ਨਹੀਂ ਜਾ ਸਕਦਾ। ਪਰ ਇਹਨਾਂ ਤੋਂ ਇਲਾਵਾ ਕੁਝ ਹੋਰ ਗੁਣ ਵੀ ਰੇਸ਼ਿਆਂ ਵਿੱਚ ਹੋ ਸਕਦੇ ਹਨ ਜੋ ਕਿ ਕੱਪੜੇ ਦੀ ਸ਼ਾਨ ਵਿੱਚ ਵਾਧਾ ਕਰ ਸਕਦੇ ਹਨ ਜਿਵੇਂ ਕਿ—*

- *ਦਿਖ (ਚਮਕ)* (Lusture)
- *ਪਾਣੀ ਸੋਖਣ ਦੀ ਸਮਰੱਥਾ* (Absorption)
- *ਚਿਪਕਨਾ* (Felting)

- *ਅੱਗ ਸਹਿਨ ਅਤੇ ਸੜਨ ਦੀ ਸਮਰਥਾ* (Flammability)
- *ਸੰਘਣਾਪਨ* (Density)
- *ਤਾਪ ਪ੍ਰਤੀ ਰੋਧਕਤਾ* (Resistance to heat)
- *ਤੇਜ਼ਾਬ ਅਤੇ ਖਾਰਾਪਨ ਸਹਿਣ ਦੀ ਸ਼ਕਤੀ* (Resistance to acid & alkalies)
- *ਵੱਟ ਨਾ ਪੈਣਾ* (Resilience)
- *ਵਲਦਾਰ ਹੋਣਾ* (Crimp) *ਆਦਿ।*

*ਇਹ ਖਾਸ ਗੁਣ ਵਾਲੇ ਰੇਸ਼ੇ ਵਿਸ਼ੇਸ਼ ਮੰਤਵ ਲਈ ਖਾਸ ਕੱਪੜਾ ਬਣਾਉਣ ਦੇ ਕੰਮ ਆਉਂਦੇ ਹਨ।*

## ਅਭਿਆਸ

**ਵਸਤੂਨਿਸ਼ਠ ਪ੍ਰਸ਼ਨ—**

*1. ਕੱਪੜੇ ਦੇ ਸੰਦਰਭ ਵਿੱਚ ਰੇਸ਼ੇ ਤੋਂ ਕੀ ਭਾਵ ਹੈ?*

*2. ਕੱਪੜੇ ਦੇ ਸੰਦਰਭ ਵਿੱਚ ਧਾਗੇ ਤੋਂ ਕੀ ਭਾਵ ਹੈ?*

*3. ਕੱਪੜੇ ਦੀ ਬੁਣਾਈ ਕਿਸ ਤੋਂ ਅਤੇ ਕਿਵੇਂ ਕੀਤੀ ਜਾਂਦੀ ਹੈ?*

*4. ਰੇਸ਼ੇ ਤੋਂ ਧਾਗਾ ਕਿਵੇਂ ਬਣਾਇਆ ਜਾਂਦਾ ਹੈ?*

**ਛੋਟੇ ਉੱਤਰਾਂ ਵਾਲੇ ਪ੍ਰਸ਼ਨ —**

*5. 'ਰੇਸ਼ਾ', 'ਧਾਗਾ' ਅਤੇ 'ਕੱਪੜਾ' ਤੋਂ ਕੀ ਭਾਵ ਹੈ?*

*6. ਕੱਪੜਾ ਬਣਾਉਣ ਲਈ ਰੇਸ਼ੇ ਅਤੇ ਧਾਗੇ ਵਿੱਚੋਂ ਕਿਸ ਦਾ ਇਸਤੇਮਾਲ ਕੀਤਾ ਜਾਂਦਾ ਹੈ ਅਤੇ ਕਿਉਂ?*

*7. ਰੇਸ਼ੇ ਤੋਂ ਕੱਪੜਾ ਬਣਾਉਣ ਲਈ ਤਿੰਨ ਮੂਲ ਗੁਣਾਂ ਬਾਰੇ ਦੱਸੋ।*

**ਨਿਬੰਧਾਤਮਕ ਪ੍ਰਸ਼ਨ —**

*8. ਰੇਸ਼ੇ ਤੋਂ ਕੱਪੜਾ ਬਣਾਉਣ ਲਈ ਰੇਸ਼ੇ ਵਿੱਚ ਕਿਹੜੇ-ਕਿਹੜੇ ਗੁਣ ਹੋਣੇ ਚਾਹੀਦੇ ਹਨ?*

## ਪਾਠ 2

# ਰੇਸ਼ਿਆਂ ਦਾ ਵਰਗੀਕਰਨ

*ਰੇਸ਼ੇ ਕੱਪੜੇ ਦੀ ਮੂਲ ਇਕਾਈ ਹਨ ਜਿਨ੍ਹਾਂ ਦੇ ਆਪਸੀ ਮੇਲ ਨਾਲ ਕੱਪੜਾ ਬਣਦਾ ਹੈ। ਕੱਪੜਾ ਬਣਾਉਣ ਲਈ ਰੇਸ਼ਿਆਂ ਵਿੱਚ ਖਾਸ ਗੁਣ ਹੁੰਦੇ ਹਨ। ਕੁਝ ਪ੍ਰਕਾਰ ਦੇ ਧਾਗੇ ਲੈ ਕੇ ਉਹਨਾਂ ਦੇ ਰੇਸ਼ਿਆਂ ਨੂੰ ਵੱਖ ਕਰਕੇ, ਇਹਨਾਂ ਰੇਸ਼ਿਆਂ ਦਾ ਅਧਿਐਨ ਕਰੋ ਜਿਵੇਂ — ਰੂੰ, ਨਾਈਲੋਨ ਆਦਿ। ਰੂੰ ਦੇ ਗੋਲੇ ਵਿੱਚੋਂ ਕੱਢੇ ਰੇਸ਼ੇ ਕੁਝ ਇੰਚ ਲੰਬੇ ਹੀ ਹੁੰਦੇ ਹਨ, ਜਦੋਂ ਕਿ ਨਾਈਲੋਨ ਦੇ ਕੱਪੜੇ ਵਿੱਚੋਂ ਵੱਖ ਕੀਤੇ ਰੇਸ਼ਿਆਂ ਦੀ ਲੰਬਾਈ ਜ਼ਿਆਦਾ ਹੁੰਦੀ ਹੈ। ਇਸ ਲਈ ਰੇਸ਼ਿਆਂ ਦੀ ਲੰਬਾਈ ਦੇ ਆਧਾਰ ਤੇ ਉਹਨਾਂ ਦਾ ਵਰਗੀਕਰਨ ਕੀਤਾ ਜਾ ਸਕਦਾ ਹੈ।*

### ਰੇਸ਼ਿਆਂ ਦੀ ਲੰਬਾਈ ਮੁਤਾਬਕ ਵਰਗੀਕਰਨ

*ਕੁਦਰਤੀ ਰੂਪ ਵਿੱਚ ਮਿਲਣ ਵਾਲੇ ਰੇਸ਼ੇ, ਲੰਬਾਈ ਵਿੱਚ ਛੋਟੇ ਜਾਂ ਵੱਡੇ ਹੁੰਦੇ ਹਨ। ਛੋਟੀ ਲੰਬਾਈ ਵਾਲੇ ਰੇਸ਼ਿਆਂ ਨੂੰ ਸਟੇਪਲ ਰੇਸ਼ੇ ਅਤੇ ਜ਼ਿਆਦਾ ਲੰਬਾਈ ਵਾਲੇ ਰੇਸ਼ਿਆਂ ਨੂੰ ਫਿਲਾਮੈਂਟ ਰੇਸ਼ੇ ਕਹਿੰਦੇ ਹਨ। ਸਟੇਪਲ ਰੇਸ਼ੇ ਅੱਧਾ ਇੰਚ ਤੋਂ ਲੈ ਕੇ ਕੁਝ ਇੰਚ ਲੰਬੇ ਹੁੰਦੇ ਹਨ ਜਦ ਕਿ ਫਿਲਾਮੈਂਟ ਰੇਸ਼ੇ ਜ਼ਿਆਦਾ ਲੰਬਾਈ ਵਾਲੇ ਰੇਸ਼ੇ ਜੋ ਕਿ ਕੁਝ ਮੀਟਰ ਜਾਂ ਗਜ਼ ਲੰਬੇ ਹੁੰਦੇ ਹਨ।*

*ਛੋਟੇ ਰੇਸ਼ੇ — ਸਟੇਪਲ ਰੇਸ਼ੇ*

*ਲੰਬੇ ਰੇਸ਼ੇ — ਫਿਲਾਮੈਂਟ ਰੇਸ਼ੇ*

1. **ਸਟੇਪਲ ਰੇਸ਼ੇ —** *ਕੁਦਰਤੀ ਰੂਪ ਵਿੱਚ ਮਿਲਣ ਵਾਲੇ ਸਾਰੇ ਰੇਸ਼ੇ ਸਟੇਪਲ ਹੀ ਹੁੰਦੇ ਹਨ। ਜਿਵੇਂ ਕਿ ਸੂਤੀ, ਲਿਨਨ, ਸਣ, ਪਟਸਨ (ਜੂਟ), ਊਨੀ ਐਸਬੈਸਟਸ ਆਦਿ। ਲੇਕਿਨ ਬਣਾਉਟੀ ਰੇਸ਼ਿਆਂ ਨੂੰ ਲੋੜ ਮੁਤਾਬਿਕ ਕੱਟ ਕੇ ਸਟੇਪਲ ਬਣਾਇਆ ਜਾਂਦਾ ਹੈ ਅਸਲ ਵਿੱਚ ਇਹ ਫਿਲਾਮੈਂਟ ਹੀ ਹੁੰਦੇ ਹਨ।*

2. **ਫਿਲਾਮੈਂਟ ਰੇਸ਼ੇ —** *ਸਿਲਕ ਦਾ ਰੇਸ਼ਾ ਹੀ ਇੱਕ ਅਜਿਹਾ ਕੁਦਰਤੀ ਰੇਸ਼ਾ ਹੈ ਜਿਸ ਦੀ ਲੰਬਾਈ 1800 ਗਜ਼ ਤੱਕ ਹੋ ਸਕਦੀ ਹੈ। ਮਨੁੱਖ ਦੁਆਰਾ (ਬਣਾਉਟੀ ਰੇਸ਼ੇ) ਤਿਆਰ ਕੀਤੇ ਸਾਰੇ ਹੀ ਰੇਸ਼ੇ ਫਿਲਾਮੈਂਟ ਹੁੰਦੇ ਹਨ। ਇਹਨਾਂ ਰੇਸ਼ਿਆਂ ਨੂੰ ਲੋੜ ਮੁਤਾਬਕ ਕੱਟ ਕੇ ਸਟੇਪਲ ਬਣਾਇਆ ਜਾ ਸਕਦਾ ਹੈ।*

**ਲੰਬਾਈ ਮੁਤਾਬਕ ਰੇਸ਼ਿਆਂ ਦਾ ਵਰਗੀਕਰਨ**

**ਸਟੇਪਲ**

*(ਛੋਟੀ ਲੰਬਾਈ)*
*ਜਿਵੇਂ ਕਿ*
*ਸੂਤੀ, ਸਣ,*
*ਪਟਸਨ, ਊੱਨੀ*
*ਅਤੇ ਐਸਬੈਸਟਸ*

**ਫਿਲਾਮੈਂਟ**

*(ਜ਼ਿਆਦਾ ਲੰਬਾਈ)*
*ਜਿਵੇਂ ਕਿ*
*ਸਿਲਕ ਅਤੇ ਸਾਰੇ*
*ਬਣਾਉਟੀ ਰੇਸ਼ੇ*

*ਰੇਔਨ*
*ਨਾਈਲੋਨ,*
*ਪੌਲੀਐਸਟਰ*
*ਆਰਲੋਨ*
*ਸੋਨਾ, ਚਾਂਦੀ*
*ਐਲੂਮੀਨੀਅਮ ਅਤੇ*
*ਗਲਾਸ ਫਾਈਬਰ*

## ਪ੍ਰਾਪਤੀ ਦੇ ਆਧਾਰ ਤੇ ਰੇਸ਼ਿਆਂ ਦਾ ਵਰਗੀਕਰਨ

*ਰੇਸ਼ਿਆਂ ਦਾ ਵਰਗੀਕਰਨ ਇਹਨਾਂ ਦੇ ਪ੍ਰਾਪਤੀ ਦੇ ਸਾਧਨਾਂ ਅਤੇ ਗੁਣਾਂ ਦੇ ਆਪਸੀ ਮੇਲ ਮੁਤਾਬਕ ਵੀ ਕੀਤਾ ਜਾ ਸਕਦਾ ਹੈ। ਪ੍ਰਾਪਤੀ ਦੇ ਆਧਾਰ ਇਹਨਾਂ ਨੂੰ ਮੁੱਖ ਦੋ ਕਿਸਮਾਂ ਵਿੱਚ ਵੰਡਿਆ ਜਾ ਸਕਦਾ ਹੈ।*

*1. ਕੁਦਰਤੀ ਰੇਸ਼ੇ*

*2. ਮਨੁੱਖ ਦੁਆਰਾ ਤਿਆਰ ਕੀਤੇ ਜਾਂ ਬਣਾਉਟੀ ਰੇਸ਼ੇ*

### *1. ਕੁਦਰਤੀ ਰੇਸ਼ੇ*

*ਇਹ ਪੌਦਿਆਂ, ਜਾਨਵਰਾਂ ਅਤੇ ਧਾਤ ਤੋਂ ਪ੍ਰਾਪਤ ਹੋਣ ਵਾਲੇ ਰੇਸ਼ੇ ਹਨ।*

(i) **ਪੌਦਿਆਂ ਤੋਂ ਪ੍ਰਾਪਤ ਹੋਣ ਵਾਲੇ ਰੇਸ਼ੇ—** *ਇਹ ਪੌਦਿਆਂ ਦੇ ਬੀਜਾਂ ਦੇ ਵਾਲ ਦੇ ਰੂਪ ਵਿੱਚ ਕਪਾਹ ਅਤੇ ਤਣਿਆਂ ਦੇ ਰੇਸ਼ਿਆਂ ਦੇ ਰੂਪ ਵਿੱਚ ਸਣ, ਪਟਸਨ ਆਦਿ ਹਨ।*

(ii) *ਜਾਨਵਰਾਂ ਤੋਂ ਪ੍ਰਾਪਤ ਹੋਣ ਵਾਲੇ ਰੇਸ਼ੇ — ਜਾਨਵਰਾਂ ਦੇ ਵਾਲਾਂ ਦੇ ਰੂਪ ਵਿੱਚ ਉੱਨ ਅਤੇ ਰੇਸ਼ਮ ਦੇ ਕੀੜਿਆਂ ਤੋਂ ਰੇਸ਼ਮ ਪ੍ਰਾਪਤ ਹੁੰਦੀ ਹੈ।*

## ਰੇਸ਼ਿਆਂ ਦਾ ਵਰਗੀਕਰਨ (ਪ੍ਰਾਪਤੀ ਦੇ ਆਧਾਰ 'ਤੇ)

### ਰੇਸ਼ੇ

| ਕੁਦਰਤੀ | | | ਮਨੁੱਖ ਦੁਆਰਾ ਬਣਾਏ (ਬਣਾਉਟੀ) | | | |
|---|---|---|---|---|---|---|
| **ਪੌਦਿਆਂ ਤੋਂ ਪ੍ਰਾਪਤ ਹੋਣ ਵਾਲੇ** | **ਜਾਨਵਰਾਂ ਤੋਂ ਪ੍ਰਾਪਤ ਹੋਣ ਵਾਲੇ** | **ਧਾਤਾਂ ਤੋਂ ਪ੍ਰਾਪਤ ਹੋਣ ਵਾਲੇ** | **ਸੈਲੂਲੋਜ਼ ਤੋਂ ਬਣੇ ਰੇਸ਼ੇ** | **ਤਾਪ ਲਚਕੀਲੇ ਰੇਸ਼ੇ ਥਰਮੋਪਲਾਸਟਿਕ ਰੇਸ਼ੇ** | **ਧਾਤਾਂ ਤੋਂ ਬਣੇ ਰੇਸ਼ੇ** | **ਸ਼ੀਸ਼ੇ ਤੋਂ ਬਣੇ ਰੇਸ਼ੇ** |
| *(ਬਨਸਪਤਿਕ ਰੇਸ਼ੇ)* | *(ਪ੍ਰੋਟੀਨ ਰੇਸ਼ੇ)* | *ਐਸਬੈਸਟਸ* | *ਰੇਔਨ* | *ਨਾਈਲੋਨ* | *ਸੋਨਾ* | *ਸ਼ੀਸ਼ੇ ਦੇ ਰੇਸ਼ੇ* |
| *ਕਪਾਹ (ਸੂਤੀ)* | *ਊਨੀ* | | *(ਵਿਸਕੋਜ਼)* | *ਪੌਲੀਐਸਟਰ* | *ਚਾਂਦੀ* | *(ਗਲਾਸ-ਫਾਈਬਰ)* |
| *ਸਣ* | *ਸਿਲਕੀ* | | *(ਨਾਈਟਰੋਸੈਲੂਲੋਜ਼)* | *(ਟੈਰਾਲੀਨ)* | *ਐਲੂਮੀਨੀਅਮ* | |
| *ਪਟਸਨ* | *(ਰੇਸ਼ਮੀ)* | | *(ਕਿਓਪਰਾਮੋਨੀਅਮ)* | *ਆਰਲੋਨ* | | |
| | | | | *(ਕੈਸ਼ਮੀਲੋਨ)* | | |
| | | | | *ਨਾਈਟਰੋਸੈਲੂਲੋਜ਼ ਰੇਔਨ* | | |

(iii) *ਧਾਤ ਤੋਂ ਪ੍ਰਾਪਤ ਹੋਣ ਵਾਲੇ ਰੇਸ਼ੇ—ਇਹ ਐਸਬੈਸਟਸ ਹੈ ਜਿਹੜਾ ਚਟਾਨਾਂ ਵਿੱਚੋਂ ਮਿਲਦਾ ਹੈ।*

## *2. ਬਣਾਉਟੀ ਰੇਸ਼ੇ*

*ਇਹ ਰੇਸ਼ੇ ਰਸਾਇਣਕਾਂ ਨੂੰ ਆਪਸ ਵਿੱਚ ਮਿਲਾ ਕੇ ਤਿਆਰ ਕੀਤੇ ਜਾਂਦੇ ਹਨ ਅਤੇ ਮੁੱਖ ਚਾਰ ਤਰ੍ਹਾਂ ਦੇ ਹੁੰਦੇ ਹਨ।*

(i) *ਸੈਲੂਲੋਜ਼ ਤੋਂ ਪ੍ਰਾਪਤ ਹੋਣ ਵਾਲੇ ਬਣਾਉਟੀ ਰੇਸ਼ੇ—ਇਹ ਲੱਕੜੀ ਦਾ ਗੁੱਦਾ ਜਾਂ ਕਪਾਹ ਦੇ ਛੋਟਿਆਂ ਰੇਸ਼ਿਆਂ ਨੂੰ ਰਸਾਇਣਕਾਂ ਨਾਲ ਮਿਲਾ ਕੇ ਬਣਦ ਹਨ। ਇਹ ਰੇਔਨ ਦੀਆਂ ਵੱਖ-ਵੱਖ ਕਿਸਮਾਂ ਹਨ ਜਿਵੇਂ ਕਿ ਨਾਈਟਰੋਸੈਲੂਲੋਜ਼, ਕਿਉਪਰਾਮੋਨੀਅਮ ਅਤੇ ਵਿਸਕੋਸ। ਐਸੀਟੇਟ ਸੈਲੂਲੋਜ਼ ਵੀ ਰੇਔਨ ਦੀ ਕਿਸਮ ਹੈ, ਲੇਕਿਨ ਉਸ ਦੇ ਰੇਸ਼ੇ ਤਾਪ ਲਚਕੀਲੇ ਹੁੰਦੇ ਹਨ।*

(ii) *ਥਰਮੋਪਲਾਸਟਿਕ ਰੇਸ਼ੇ—ਜ਼ਿਆਦਾ ਗਰਮੀ ਮਿਲਣ ਤੇ ਇਹ ਰੇਸ਼ੇ ਪਿਘਲ ਜਾਂਦੇ ਹਨ। ਇਸ ਲਈ ਇਨ੍ਹਾਂ ਨੂੰ ਥਰਮੋਪਲਾਸਟਿਕ (ਤਾਪ ਲਚਕੀਲੇ) ਰੇਸ਼ੇ ਕਿਹਾ ਜਾਂਦਾ ਹੈ। ਇਹ ਨਾਈਲੋਨ, ਪੌਲੀਐਸਟਰ (ਟੈਰਾਲੀਨ), ਐਕਰਿਲਿਕ ਅਤੇ ਐਸੀਟੇਟ ਸੈਲੂਲੋਜ਼ ਹਨ।*

(iii) *ਧਾਤ ਤੋਂ ਪ੍ਰਾਪਤ ਹੋਣ ਵਾਲੇ ਬਣਾਉਟੀ ਰੇਸ਼ੇ—ਇਹ ਸੋਨਾ, ਚਾਂਦੀ ਅਤੇ ਐਲੂਮੀਨੀਅਮ ਦੀਆਂ ਧਾਤਾਂ ਤੋਂ ਬਣਦੇ ਹਨ।*

(iv) *ਗਲਾਸ ਫਾਇਬਰ (ਸ਼ੀਸ਼ੇ ਤੋਂ ਪ੍ਰਾਪਤ ਰੇਸ਼ੇ) ਸ਼ੀਸ਼ੇ ਨੂੰ ਪਿਘਲਾ ਕੇ ਇਹ ਰੇਸ਼ੇ ਤਿਆਰ ਕੀਤੇ ਜਾਂਦੇ ਹਨ।*


## ਰੇਸ਼ਿਆਂ ਦੀ ਪਹਿਚਾਣ

*ਵੱਖ-ਵੱਖ ਰੇਸ਼ਿਆਂ ਨੂੰ ਪਹਿਚਾਨਣ ਲਈ ਕਈ ਤਰ੍ਹਾਂ ਦੇ ਪ੍ਰਯੋਗ ਕੀਤੇ ਜਾਂਦੇ ਹਨ ਜਿਸ ਨਾਲ ਉਹਨਾਂ ਦੇ ਹੇਠ ਲਿਖੇ ਗੁਣ ਪਤਾ ਲਗਾਏ ਜਾ ਸਕਦੇ ਹਨ।*

1. **ਭੌਤਿਕ ਗੁਣ—***ਕੁਝ ਰੇਸ਼ਿਆਂ ਨੂੰ ਕੱਪੜੇ ਜਾਂ ਧਾਗੇ ਵਿੱਚੋਂ ਕੱਢ ਕੇ ਉਹਨਾਂ ਦੀ ਲੰਬਾਈ, ਰੰਗ, ਮਜ਼ਬੂਤੀ, ਚਮਕ, ਲਚਕ, ਮੁਲਾਇਮ ਜਾਂ ਖੁਰਦਰਾਪਣ ਆਦਿ ਦੇਖੇ ਜਾ ਸਕਦੇ ਹਨ।*

2. **ਖੁਰਦਬੀਨ ਥੱਲੇ ਰੇਸ਼ਿਆਂ ਦੀ ਦਿਖਾਵਟ—***ਕੱਪੜੇ ਜਾਂ ਧਾਗੇ ਵਿੱਚੋਂ ਕੁਝ ਰੇਸ਼ੇ ਲੈ ਕੇ ਉਹਨਾਂ ਨੂੰ ਖੁਰਦਬੀਨ ਦੇ ਥੱਲੇ ਸਲਾਈਡ ਤੇ ਰੱਖ ਕੇ ਰੇਸ਼ਿਆਂ ਦਾ ਆਕਾਰ, ਵੱਟ, ਸਕੇਲ, ਦਾਣੇ, ਗੰਢਾਂ ਅਤੇ ਉਹਨਾਂ ਵਿਚਲੀਆਂ ਰੇਖਾਵਾਂ ਨੋਟ ਕਰਨ ਤੇ ਪਤਾ ਲਗਦਾ ਹੈ ਕਿ ਵੱਖ-ਵੱਖ ਕਿਸਮ ਦੇ ਰੇਸ਼ਿਆਂ ਦੀ ਦਿਖਾਵਟ ਵੱਖ-ਵੱਖ ਹੁੰਦੀ ਹੈ। ਇਸੇ ਤਰ੍ਹਾਂ ਚੌੜ੍ਹਾਈ ਰੁਖ ਵੀ ਰੇਸ਼ਿਆਂ ਦਾ ਆਕਾਰ ਨੋਟ ਕੀਤਾ ਜਾ ਸਕਦਾ ਹੈ ਜੋ ਕਿ ਗੋਲ, ਤਿਕੋਨਾ, ਨਲੀਦਾਰ, ਦਾਣੇਦਾਰ ਜਾਂ ਦੰਦੇਦਾਰ ਹੋ ਸਕਦਾ ਹੈ।*

## ਵੱਖ-ਵੱਖ ਰੇਸ਼ਿਆਂ ਦਾ ਖੁਰਦਬੀਨ ਥੱਲੇ ਆਕਾਰ




ਚਿੱਤਰ 2.1 ਖੁਰਦਬੀਨ ਥੱਲੇ ਰੇਸ਼ਿਆਂ ਦਾ ਆਕਾਰ

*ਟੇਬਲ 2.1 ਮੁੱਖ ਰੇਸ਼ਿਆਂ ਦੀ ਪਹਿਚਾਣ*

| | ਕੁਦਰਤੀ ਰੇਸ਼ੇ | | ਬਣਾਉਟੀ ਰੇਸ਼ੇ | |
|---|---|---|---|---|
| **ਰੇਸ਼ੇ ਪਹਿਚਾਣ ਦਾ ਤਰੀਕਾ** | **ਬਨਸਪਤਿਕ ਰੇਸ਼ੇ (ਸੂਤੀ, ਲਿਨਨ, ਜੂਟ)** | **ਜਾਨਵਰਾਂ ਤੋਂ ਪ੍ਰਾਪਤ ਰੇਸ਼ੇ (ਉੱਨ, ਰੇਸ਼ਮ)** | **ਤਾਪ ਲਚਕੀਲੇ (ਥਰਮੋਪਲਾਸਟਿਕ ਨਾਈਲੋਨ, ਪੌਲੀਐਸਟਰ, ਆਰਲੋਨ, ਐਸੀਟੇਟ ਰੇਔਨ)।** | **ਸੈਲੂਲੋਜ਼ ਦਾ ਪੁਲਰ-ਨਿਰਮਾਣ ਕਰਕੇ (ਰੇਔਨ)** |
| *ਭੌਤਿਕ ਗੁਣ* | *ਇਹ ਦੇਖਣ ਨੂੰ ਦਰਮਿਆਨੀ ਤੇ ਘੱਟ ਲਚਕ ਵਾਲੇ, ਦਰਮਿਆਨੀ ਕੋਮਲਤਾ (ਮੁਲਾਇਮ), ਮਜ਼ਬੂਤੀ ਤੇ ਲਚਕ ਵਾਲੇ ਹੁੰਦੇ ਹਨ।* | *ਇਹਨਾਂ ਦੀ ਦਿੱਖ ਵਿੱਚ ਫ਼ਰਕ ਹੁੰਦਾ ਹੈ। ਊਨੀ ਰੇਸ਼ੇ ਜਾਨਵਰਾਂ ਦੇ ਵਾਲ ਹੁੰਦੇ ਹਨ ਜੋ ਕਿ ਮੁਲਾਇਮ ਜਾਂ ਖੁਰਦਰੇ ਹੋ ਸਕਦੇ ਹਨ। ਚਮਕ ਦਰਮਿਆਨੀ ਤੋਂ ਘੱਟ ਹੁੰਦੀ ਹੈ। ਰੇਸ਼ਮੀ ਰੇਸ਼ਾ ਜ਼ਿਆਦਾ ਚਮਕ ਵਾਲਾ ਅਤੇ ਮੁਲਾਇਮ ਹੁੰਦਾ ਹੈ।* | *ਇਹ ਦੇਖਣ ਘੱਟ ਤੋਂ ਜ਼ਿਆਦਾ ਚਮਕ ਵਾਲੇ ਬਹੁਤ ਮਜ਼ਬੂਤ ਅਤੇ ਲਚਕੀਲੇ ਹੁੰਦੇ ਹਨ। ਆਰਲੋਨ (ਕੈਸ਼ਮੀਲੋਨ) ਦੇਖਣ ਨੂੰ ਉੱਨ ਵਰਗੀ ਪਰ ਮਜ਼ਬੂਤੀ ਉੱਨ ਨਾਲੋਂ ਜ਼ਿਆਦਾ ਹੁੰਦੀ ਹੈ। ਐਸੀਟੇਟ ਰੇਔਨ ਮੁਲਾਇਮ ਅਤੇ ਜ਼ਿਆਦਾ ਚਮਕ ਵਾਲੀ ਹੁੰਦੀ ਹੈ।* | *ਇਹ ਸੂਤੀ ਰੇਸ਼ਿਆਂ ਨੂੰ ਵੱਖ-ਵੱਖ ਰਸਾਇਣਾਂ ਨਾਲ਼ ਮਿਲਾ ਕੇ ਬਣਦੇ ਹਨ ਇਸ ਲੀ ਕੁਝ ਗੁਣ ਸੂਤੀ ਰੇਸ਼ਿਆਂ ਨਾਲ਼ ਮੇਲ ਖਾਂਦੇ ਹਨ। ਇਹਨਾਂ ਤੋਂ ਥੈਂਬਰ, ਜਾਰਜਟ, ਕਰੇਪ ਅਤੇ ਸਾਟਨ ਵਰਗੇ ਘੱਟ ਤੋਂ ਜ਼ਿਆਦਾ ਚਮਕ ਵਾਲੇ ਕੱਪੜੇ ਬਣਦੇ ਹਨ।* |
| *ਖੁਰਦਬੀਨ ਹੇਠ* | *ਖੁਰਦਬੀਨ ਰਾਹੀਂ ਦੇਖਣ ਤੇ ਸੂਤੀ ਰੇਸ਼ੇ ਵੱਟ ਚੜ੍ਹੇ ਰਿਬਨ ਵਰਗੇ, ਸਣ ਤੇ ਪਟਸਨ ਦੇ ਰੇਸ਼ੇ ਨਲੀਦਾਰ ਹੁੰਦੇ ਹਨ ਜਿਹਨਾਂ ਦੀ ਬਾਹਰਲੀ ਦੀਵਾਰ ਮੋਟੀ ਹੁੰਦੀ ਹੈ।* | *ਊਨੀ ਰੇਸ਼ੇ ਛੜੀ ਦੀ ਤਰ੍ਹਾਂ ਨਜ਼ਰ ਆਉਂਦੇ ਹਨ ਜਿਹਨਾਂ ਤੇ ਮੱਛੀ ਦੇ ਦਾਣਿਆਂ ਵਰਗੇ ਸਕੇਲ ਹੁੰਦੇ ਹਨ। ਰੇਸ਼ਮੀ ਰੇਸ਼ੇ ਸਾਫ਼ ਛੜੀ ਵਰਗੇ ਅਤੇ ਕਿਤੇ-ਕਿਤੇ ਗੂੰਦ ਦੇ ਧੱਬੇ ਨਜ਼ਰ ਆਉਂਦੇ ਹਨ।* | *ਖੁਰਦਬੀਨ ਰਾਹੀਂ ਦੇਖਣ ਤੇ ਨਾਈਲੋਨ, ਪੋਲੀਐਸਟਰ, ਕੈਸ਼ਮੀਲੋਨ ਦੇ ਰੇਸ਼ੇ ਛੜੀ ਵਾਂਗ ਨਜ਼ਰ ਆਉਂਦੇ ਹਨ ਪਰ ਪੋਲੀਐਸਟਰ ਵਿੱਚ ਛੋਟੇ-ਛੋਟੇ ਦਾਣੇ ਵੀ ਨਜ਼ਰ ਆਉਂਦੇ ਹਨ। ਐਸੀਟੇਟ ਰੇਔਨ ਵਿੱਚ ਲੰਬਾਈ ਰੁਖ ਲਾਈਨਾਂ ਵੀ ਨਜ਼ਰ ਆਉਂਦੀਆਂ ਹਨ।* | *ਖੁਰਦਬੀਨ ਹੇਠ ਇਹ ਰੇਸ਼ੇ ਗੋਲ ਅਤੇ ਇਕਸਾਰ ਲਗਦੇ ਹਨ। ਇਹਨਾਂ ਨੂੰ ਬਣਾਉਣ ਦੇ ਤਰੀਕੇ ਅਨੁਸਾਰ ਇਹਨਾਂ ਦੀ ਬਣਾਵਟ ਵੱਖ ਹੋ ਜਾਂਦੀ ਹੈ।* |
| *ਜਲਾ ਕੇ* | *ਜਲਾਉਣ ਤੇ ਇਹ ਸਾਰੇ ਰੇਸ਼ੇ ਕਾਗਜ਼ ਜਾਂ ਪੱਤੇ ਦੇ ਜਲਣ ਵਰਗੀ ਗੰਧ ਦਿੰਦੇ ਹਨ। ਇਹ ਜਲਦੀ ਜਲ ਜਾਂਦੇ ਹਨ ਅਤੇ ਜਲਣ ਉਪਰੰਤ ਸਲੇਟੀ ਰੰਗ ਦੀ ਰਾਖ ਬਣਾਉਂਦੇ ਹਨ।* | *ਜਾਨਵਰਾਂ ਤੋਂ ਪ੍ਰਾਪਤ ਹੋਣ ਵਾਲੇ ਰੇਸ਼ੇ ਜਲਾਉਣ ਤੇ ਇਕਦਮ ਜਲ ਜਾਂਦੇ ਹਨ ਤੇ ਖੰਭ ਜਾਂ ਵਾਲਾਂ ਦੇ ਜਲਣਵਰਗੀ ਗੰਧ ਦਿੰਦੇ ਹਨ। ਜਲਣ ਤੋਂ ਬਾਅਦ ਭੁਰਨ ਵਾਲਾ ਕਾਲਾ ਮਣਕਾ ਬਣਾਉਂਦੇ ਹਨ।* | *ਜਲਾਉਣ ਤੇ ਇਹ ਰੇਸ਼ੇ ਪਿਘਲ ਜਾਂਦੇ ਹਨ, ਐਸੀਟੇਟ ਰੇਔਨ ਦੀਆਂ ਬੂੰਦਾਂ ਬਣ ਕੇ ਥੱਲੇ ਡਿੱਗ ਜਾਂਦੀਆਂ ਹਨ ਜੋ ਕਿ ਸੁੱਕ ਕੇ ਸਖਤ ਹੋ ਜਾਂਦੀਆਂ ਹਨ। ਨਾਈਲੋਨ ਜਲਣ ਤੇ ਅਜਵਾਇਨ ਵਰਗੀ, ਪੈਲੀਐਸਟਰ ਮਿੱਠੀ ਗੰਧ, ਕੈਸ਼ਮੀਲੋਨ ਤਿੱਖੀ ਅਤੇ ਐਸੀਟੇਟ ਰੇਔਨ ਸਿਰਕੇ ਵਰਗੀ ਗੰਧ ਦਿੰਦੇ ਹਨ ਇਸ ਤੋਂ ਬਾਅਦ ਭੁਰਨ ਵਾਲਾ ਮਣਕਾ ਬਣਦਾ ਹੈ।* | *ਸੂਤੀ ਰੇਸ਼ਿਆਂ ਨਾਲ ਮੇਲ ਖਾਂਦੇ ਹਨ।* |
| *ਰਸਾਇਣਾਂ ਦਾ ਅਸਰ* | *ਤੇਜ਼ਾਬ ਵਿੱਚ ਪਾਉਣ ਤੇ ਇਹ ਰੇਸ਼ੇ ਨਸ਼ਟ ਹੋ ਜਾਂਦੇ ਹਨ।* | *ਖਾਰ ਵਿੱਚ ਪਾਉਣ ਤੇ ਇਹ ਰੇਸ਼ੇ ਘੁਲ ਜਾਂਦੇ ਹਨ?* | *ਠੰਢੇ ਤੇ ਹਲਕੇ ਤੇਜ਼ਾਬ ਦਾ ਇਹਨਾਂ ਤੇ ਕੋਈ ਅਸਰ ਨਹੀਂ ਹੁੰਦਾ ਪਰੰਤੂ ਤੇਜ਼ ਤੇਜ਼ਾਬ ਵਿੱਚ ਇਹ ਸਾਰੇ ਰੇਸ਼ੇ ਘੁਲ ਜਾਂਦੇ ਹਨ।* | *ਤੇਜ਼ਾਬ ਜਲਦੀ ਖਰਾਬ ਕਰ ਦਿੰਦਾ ਹੈ ਖਾਰ ਦਾ ਕੋਈ ਅਸਰ ਨਹੀਂ ਹੁੰਦਾ। ਸੂਤੀ ਰੇਸ਼ਿਆਂ ਤੋਂ ਕਮਜ਼ੋਰ ਹੁੰਦੇ ਹਨ।* |

*3. ਰੇਸ਼ਿਆਂ ਨੂੰ ਜਲਾ ਕੇ ਦੇਖਣਾ—ਕੁਝ ਰੇਸ਼ੇ ਛੋਟੀ ਚਿਮਟੀ ਨਾਲ ਪਕੜ ਕੇ ਸਪਿਰਟ ਲੈਂਪ ਦੀ ਲਾਟ ਵਿੱਚ ਜਲਾਉਣ ਤੇ ਨੋਟ ਕਰੋ ਕਿ ਕਿਸ ਤਰ੍ਹਾਂ ਜਲਦੇ ਹਨ ਜਿਵੇਂ ਹੌਲੀ-ਹੌਲੀ ਜਾਂ ਜਲਦੀ-ਜਲਦੀ। ਧੂੰਆਂ, ਗੰਧ ਅਤੇ ਲਾਟ ਕਿਸ ਤਰ੍ਹਾਂ ਦੀ ਦਿੰਦੇ ਹਨ, ਜਲਣ ਤੋਂ ਬਾਅਦ ਕਿਸ ਰੰਗ ਦੀ ਰਾਖ ਜਾਂ ਮਣਕਾ ਬਣਾਉਂਦੇ ਹਨ। ਮਣਕਾ ਭੀ ਸਖਤ ਜਾਂ ਭੁਰਨ ਵਾਲਾ ਹੋ ਸਕਦਾ ਹੈ ਆਦਿ।*

*4. ਰਸਾਇਣਿਕ ਗੁਣ — ਵੱਖ-ਵੱਖ ਰਸਾਇਣਿਕ ਪਦਾਰਥ ਰੇਸ਼ਿਆਂ ਤੇ ਵੱਖ-ਵੱਖ ਅਸਰ ਕਰਦੇ ਹਨ ਜਿਵੇਂ ਤੇਜ਼ਾਬ ਜਾਂ ਖਾਰ ਦੇ ਹਲਕੇ ਅਤੇ ਗਾੜ੍ਹੇ ਘੋਲ ਦਾ ਠੰਢੇ ਤੇ ਗਰਮ ਘੋਲ ਵਿੱਚ ਵੱਖ-ਵੱਖ ਅਸਰ ਹੁੰਦਾ ਹੈ। ਕੁਝ ਰੇਸ਼ੇ ਕਮਜ਼ੋਰ ਪੈ ਜਾਂਦੇ ਹਨ, ਕੁਝ ਘੁਲ ਜਾਂਦੇ ਹਨ ਲੇਕਿਨ ਕਈਆਂ ਤੇ ਕੋਈ ਅਸਰ ਨਹੀਂ ਹੁੰਦਾ।*

*ਵੱਖ-ਵੱਖ ਰੇਸ਼ਿਆਂ ਤੋਂ ਬਣੇ ਕੱਪੜਿਆਂ ਵਿੱਚ ਇਹਨਾਂ ਨਾਲ ਸੰਬੰਧਤ ਰੇਸ਼ਿਆਂ ਵਾਲੀਆਂ ਹੀ ਵਿਸ਼ੇਸ਼ਤਾਈਆਂ ਪਾਈਆਂ ਜਾਂਦੀਆਂ ਹਨ। ਅਗਲੇ ਪਾਠ ਵਿੱਚ ਵੱਖ-ਵੱਖ ਕਿਸਮ ਦੇ ਕੱਪੜਿਆਂ ਦੀ ਪਹਿਚਾਣ ਅਤੇ ਵਿਸ਼ੇਸ਼ਤਾਈਆਂ ਬਾਰੇ ਪੜ੍ਹਾਂਗੇ। ਰੇਸ਼ਿਆਂ ਦੀਆਂ ਮੁੱਖ ਵਿਸ਼ੇਸ਼ਤਾਈਆਂ ਉਹਨਾਂ ਦੇ ਪ੍ਰਾਪਤੀ ਦੇ ਸਾਧਨ ਮੁਤਾਬਕ ਵਰਗੀਕਰਿਤ ਕੀਤੀਆਂ ਜਾ ਸਕਦੀਆਂ ਹਨ। ਪੌਦਿਆਂ ਤੋਂ ਪ੍ਰਾਪਤ ਹੋਣ ਵਾਲੇ (ਬਨਸਪਤਿਕ), ਜਾਨਵਰਾਂ ਤੋਂ ਪ੍ਰਾਪਤ ਹੋਣ ਵਾਲੇ (ਪ੍ਰੋਟੀਨ ਵਾਲੇ) ਅਤੇ ਬਣਾਵਟੀ ਰੇਸ਼ਿਆਂ ਤੋਂ ਬਨਣ ਵਾਲੇ (ਬਣਾਉਟੀ) ਰੇਸ਼ਿਆਂ ਦੀ ਮੁੱਖ ਪਹਿਚਾਣ ਟੇਬਲ 2.1 ਵਿੱਚ ਦਿੱਤੀ ਗਈ ਹੈ।*

## ਅਭਿਆਸ

**ਵਸਤੂਨਿਸ਼ਠ ਪ੍ਰਸ਼ਨ**

1. *ਰੇਸ਼ਿਆਂ ਦੀ ਲੰਬਾਈ ਦੇ ਆਧਾਰ ਤੇ ਉਹਨਾਂ ਨੂੰ ਕਿਹੜੀਆਂ ਸ਼੍ਰੇਣੀਆਂ ਵਿੱਚ ਵੰਡਿਆਂ ਜਾ ਸਕਦਾ ਹੈ?*
2. *ਰੇਸ਼ਿਆਂ ਦੀ ਪ੍ਰਾਪਤੀ ਕਿੱਥੋਂ ਹੁੰਦੀ ਹੈ?*
3. *ਕੁਦਰਤੀ ਬਨਸਪਤਿਕ ਰੇਸ਼ਿਆਂ ਤੋਂ ਕੀ ਭਾਵ ਹੈ?*
4. *ਕੁਦਰਤੀ ਪ੍ਰੋਟੀਨ ਰੇਸ਼ਿਆਂ ਤੋਂ ਕੀ ਭਾਵ ਹੈ?*
5. *ਮਨੁੱਖ ਦੁਆਰਾ ਤਿਆਰ ਕੀਤੇ ਰੇਸ਼ਿਆਂ ਨੂੰ ਕਿਹੜੀਆਂ-ਕਿਹੜੀਆਂ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ?*

*6. ਪ੍ਰਾਪਤੀ ਦੇ ਆਧਾਰ ਤੇ ਵੰਡਣ ਸਮੇਂ ਹੇਠ ਲਿਖੇ ਰੇਸ਼ਿਆਂ ਨੂੰ ਕਿਸ ਸ਼੍ਰੇਣੀ ਹੇਠ ਵਰਗੀਕਰਿਤ ਕਰੋਗੇ?*

(i) *ਸੂਤੀ* (ii) *ਉੱਨ*

(iii) *ਸਿਲਕ* (iv) *ਨਾਈਲੋਨ*

**ਛੋਟੇ ਉੱਤਰਾਂ ਵਾਲੇ ਪ੍ਰਸ਼ਨ—**

*7. ਰੇਸ਼ਿਆਂ ਦੀ ਪਹਿਚਾਣ ਕਿਸ ਆਧਾਰ 'ਤੇ ਕੀਤੀ ਜਾਂਦੀ ਹੈ?*

*8. ਬਨਸਪਤਿਕ ਰੇਸ਼ਿਆਂ ਦੇ ਆਮ ਗੁਣ ਕੀ-ਕੀ ਹਨ?*

*9. ਜਾਨਵਰਾਂ ਤੋਂ ਪ੍ਰਾਪਤ ਹੋਣ ਵਾਲੇ ਰੇਸ਼ੇ ਕਿਹੜੇ-ਕਿਹੜੇ ਹਨ ਅਤੇ ਕਿਹੜੇ-ਕਿਹੜੇ ਗੁਣਾਂ ਦੀ ਸਮਾਨਤਾ ਹੈ?*

*10. ਬਣਾਉਟੀ ਰੇਸ਼ਿਆਂ ਅਤੇ ਕੁਦਰਤੀ ਰੇਸ਼ਿਆਂ ਵਿੱਚ ਕੀ ਅੰਤਰ ਹੈ? ਬਣਾਉਟੀ ਰੇਸ਼ਿਆਂ ਦੇ ਮੂਲ ਗੁਣ ਕੀ ਹਨ?*

**ਨਿਬੰਧਾਤਮਕ ਪ੍ਰਸ਼ਨ—**

*11. ਰੇਸ਼ਿਆਂ ਦਾ ਵਰਗੀਕਰਨ ਕਿਵੇਂ ਅਤੇ ਕਿਉਂ ਕੀਤਾ ਜਾਂਦਾ ਹੈ?*

*12. ਵੱਖ-ਵੱਖ ਰੇਸ਼ਿਆਂ ਦੀ ਪਹਿਚਾਣ ਕਿਵੇਂ ਕੀਤੀ ਜਾਂਦੀ ਹੈ? ਉਦਾਹਰਨ ਸਹਿਤ ਦੱਸੋ।*

**********

## ਪਾਠ 3

# ਕੱਪੜਿਆਂ ਦੀ ਪਹਿਚਾਣ ਅਤੇ ਵਿਸ਼ੇਸ਼ਤਾਈਆਂ

*ਵੱਖ-ਵੱਖ ਕੱਪੜੇ ਵੱਖ-ਵੱਖ ਰੇਸ਼ਿਆਂ ਤੋਂ ਬਣੇ ਹੁੰਦੇ ਹਨ। ਇਹਨਾਂ ਦੀ ਪਹਿਚਾਣ, ਉਹਨਾਂ ਦੀ ਦਿੱਖ ਅਤੇ ਕੁਝ ਗੁਣਾਂ ਦੇ ਆਧਾਰ 'ਤੇ ਕੀਤੀ ਜਾਂਦੀ ਹੈ। ਪਹਿਚਾਣ ਕੁਝ ਪ੍ਰਯੋਗਾਂ ਦੇ ਆਧਾਰ ਤੇ ਵੀ ਕੀਤੀ ਜਾਂਦੀ ਹੈ। ਜਿਹਨਾਂ ਵਿੱਚੋਂ ਕੁਝ ਸਧਾਰਨ ਹਨ ਅਤੇ ਘਰ ਦੇ ਅੰਦਰ ਹੀ ਕੀਤੇ ਜਾ ਸਕਦੇ ਹਨ ਲੇਕਿਨ ਕੁਝ ਪ੍ਰਯੋਗਸ਼ਾਲਾ ਵਿੱਚ ਹੀ ਕੀਤੇ ਜਾ ਸਕਦੇ ਹਨ।*

### 1. ਸੂਤੀ ਕੱਪੜੇ

*ਸੂਤੀ ਰੇਸ਼ੇ ਕਪਾਹ ਦੇ ਪੌਦਿਆਂ ਦੇ ਬੀਜਾਂ ਦੇ ਵਾਲ ਹਨ। ਲੰਬਾਈ ਵਿੱਚ ਇਹ ਅੱਧਾ ਇੰਚ ਤੋਂ ਤਕਰੀਬਨ ਦੋ ਇੰਚ ਲੰਬੇ ਹੁੰਦੇ ਹਨ। ਇਹ ਸਫ਼ੈਦ ਅਤੇ ਭੂਰੇ ਰੰਗ ਵਿੱਚ ਪਾਏ ਜਾਂਦੇ ਹਨ। ਇਹਨਾਂ ਤੋਂ ਭਿੰਨ-ਭਿੰਨ ਤਰ੍ਹਾਂ ਦੇ ਕੱਪੜੇ ਬਣਾਏ ਜਾ ਸਕਦੇ ਹਨ ਜਿਵੇਂ ਕਿ —*

*ਪਤਲੀ ਮੋਟਾਈ ਵਾਲੇ—ਮਲਮਲ, ਵਾਇਲ, ਰੁਬੀਆ ਅਤੇ ਕੈਂਬਰਿਕ ਆਦਿ।*

*ਦਰਮਿਆਨੀ ਮੋਟਾਈ ਵਾਲੇ—ਲੱਠਾ, ਪਾਪਲੀਨ, ਲੀਜ਼ੀਬਿਜ਼ੀ ਆਦਿ।*

*ਮੋਟੇ ਕੱਪੜੇ—ਖੱਦਰ, ਕੇਸਮੈਂਟ, ਮੈਟੀ, ਪਰਦਿਆਂ ਦੀ ਟਪੈਸਟਰੀ, ਜੀਨ, ਡੈਨਿਮ ਆਦਿ।*

#### ਖਾਸ ਵਿਸ਼ੇਸ਼ਤਾਈਆਂ—

**(i) ਗਰਮੀ ਦਾ ਅਸਰ—** *ਇਹਨਾਂ ਤੇ ਗਰਮੀ ਦਾ ਅਸਰ ਘੱਟ ਹੁੰਦਾ ਹੈ ਜਿਸ ਕਰਕੇ ਇਹ ਕੱਪੜੇ ਉਬਾਲੇ ਵੀ ਜਾ ਸਕਦੇ ਹਨ ਅਤੇ ਧੁੱਪੇ ਸੁਕਾਏ ਵੀ ਜਾ ਸਕਦੇ ਹਨ। ਪਰੰਤੂ ਕੱਪੜੇ ਦੇ ਰੰਗ ਨੂੰ ਧਿਆਨ ਵਿੱਚ ਰੱਖ ਕੇ ਕੱਪੜਾ ਉਬਾਲਣਾ ਅਤੇ ਧੁੱਪੇ ਸੁਕਾਉਣਾ ਚਾਹੀਦਾ ਹੈ। ਦਰਮਿਆਨੀ ਅਤੇ ਤੇਜ਼ ਗਰਮ ਪ੍ਰੈੱਸ ਨਾਲ ਕੱਪੜਾ ਪ੍ਰੈੱਸ ਕੀਤਾ ਜਾ ਸਕਦਾ ਹੈ।*

**(ii) ਪਾਣੀ ਦਾ ਅਸਰ—** *ਪਾਣੀ ਵਿੱਚ ਇਹਨਾਂ ਦੀ ਮਜ਼ਬੂਤੀ ਵੱਧ ਜਾਂਦੀ ਹੈ ਜਿਸ ਕਰਕੇ ਇਹਨਾਂ ਨੂੰ ਧੋਣਾ, ਉਬਾਲਣਾ ਅਤੇ ਭਿਉਂਣਾ ਆਸਾਨ ਹੈ ਅਤੇ ਧੋਣ ਸਮੇਂ ਖਰਾਬ ਵੀ ਨਹੀਂ ਹੁੰਦੇ। ਇਹ ਨਮੀ ਸੋਖਣ ਵਾਲੇ ਹੋਣ ਕਰਕੇ ਹਰੇਕ ਉਮਰ ਦੇ*

*ਵਿਅਕਤੀ, ਹਰ ਕਿਸਮ ਦੀ ਚਮੜੀ ਅਤੇ ਹਰ ਮੌਸਮ ਵਿੱਚ ਪਹਿਨੇ ਜਾ ਸਕਦੇ ਹਨ। ਇਹ ਪਾਣੀ ਜਲਦੀ ਸੋਖਦੇ (ਚੂਸਦੇ) ਹਨ ਇਸ ਕਰਕੇ ਇਹਨਾਂ ਤੇ ਦਾਗ ਜਲਦੀ ਪੈ ਜਾਂਦੇ ਹਨ ਜਿਹੜੇ ਉਤਾਰਨੇ ਵੀ ਔਖੇ ਹੁੰਦੇ ਹਨ।*

**(iii) ਰਗੜ ਦਾ ਅਸਰ—** *ਇਹਨਾਂ ਤੇ ਰਗੜ ਦਾ ਅਸਰ ਘੱਟ ਹੁੰਦਾ ਹੈ। ਖਾਸ ਕਰਕੇ ਮੋਟੀ ਸਤਿਹ ਵਾਲੇ ਕੱਪੜੇ ਤੇ ਰਗੜ ਦਾ ਅਸਰ ਹੋਰ ਵੀ ਘੱਟ ਹੁੰਦਾ ਹੈ। ਇਹਨਾਂ ਨੂੰ ਧੋਣ ਲਈ ਧੁਆਈ ਦੇ ਸਾਰੇ ਤਰੀਕੇ ਜਿਵੇਂ ਹੱਥਾਂ ਨਾਲ, ਬੁਰਸ਼ ਨਾਲ ਰਗੜ ਕੇ ਅਤੇ ਮਸ਼ੀਨ ਰਾਹੀਂ ਧੋਇਆ ਜਾ ਸਕਦਾ ਹੈ।*

**(iv) ਖਾਰ ਦਾ ਅਸਰ—** *ਇਹਨਾਂ ਤੇ ਖਾਰ ਦਾ ਬੁਰਾ ਅਸਰ ਨਹੀਂ ਹੁੰਦਾ ਸਗੋਂ ਇਹਨਾਂ ਰੇਸ਼ਿਆਂ ਵਿੱਚ ਚਮਕ ਆ ਜਾਂਦੀ ਹੈ। ਸੂਤੀ ਕੱਪੜੇ ਤੇ ਖਾਰ ਦੀ ਪ੍ਰਕਿਰਿਆ ਨੂੰ ਹੀ ਮਰਸੇਰਾਈਜੇਸ਼ਨ ਕਹਿੰਦੇ ਹਨ। ਜਿਸ ਨਾਲ ਕੱਪੜੇ ਵਿੱਚ ਚਮਕ ਆ ਜਾਂਦੀ ਹੈ। ਇਸ ਲਈ ਹਰ ਕਿਸਮ ਦੇ ਸਾਬਣ ਅਤੇ ਸੋਢੇ ਪ੍ਰਯੋਗ ਕੀਤੇ ਜਾ ਸਕਦੇ ਹਨ ਪਰ ਕੱਪੜੇ ਦੇ ਰੰਗ ਨੂੰ ਜ਼ਰੂਰ ਧਿਆਨ ਵਿੱਚ ਰੱਖਣਾ ਚਾਹੀਦਾ ਹੈ।*

**(v) ਰੰਗ ਦਾ ਅਸਰ—** *ਇਹਨਾਂ ਤੇ ਸਾਰੇ ਕਿਸਮ ਦੇ ਰੰਗ ਨਹੀਂ ਚੜ੍ਹਾਏ ਜਾ ਸਕਦੇ। ਸੂਤੀ ਰੰਗਾਂ ਨਾਲ ਹੀ ਰੰਗਾਈ ਕੀਤੀ ਜਾ ਸਕਦੀ ਹੈ। ਇਹ ਰੰਗ ਧੋਣ ਸਮੇਂ ਅਤੇ ਧੁੱਪ ਵਿੱਚ ਬਹੁਤ ਪੱਕੇ ਨਹੀਂ ਹੁੰਦੇ।*

**(vi) ਰੰਗ ਕਾਟ ਦਾ ਅਸਰ—** *ਰੰਗਕਾਟ ਦਾ ਇਹਨਾਂ ਤੇ ਬੁਰਾ ਅਸਰ ਨਹੀਂ ਹੁੰਦਾ ਪਰ ਤੇਜ਼ ਰੰਗਕਾਟ ਕੱਪੜੇ ਨੂੰ ਕਮਜ਼ੋਰ ਕਰ ਦਿੰਦੇ ਹਨ।*

**(vii) ਉਲ੍ਹੀ ਅਤੇ ਲੋਹੇ ਦਾ ਅਸਰ—** *ਸਿਲ੍ਹੇ ਕੱਪੜਿਆਂ ਨੂੰ ਉੱਲ੍ਹੀ ਬਹੁਤ ਜਲਦੀ ਲੱਗ ਜਾਂਦੀ ਹੈ ਇਸ ਲਈ ਸਟੋਰ ਕਰਨ ਸਮੇਂ ਕੱਪੜਿਆਂ ਨੂੰ ਸੁਕਾ ਕੇ ਰੱਖਣਾ ਚਾਹੀਦਾ ਹੈ। ਪਰੰਤੂ ਲੋਹੇ ਦਾ ਇਹਨਾਂ ਦਾ ਬੁਰਾ ਅਸਰ ਨਹੀਂ ਹੁੰਦਾ। ਸੂਤੀ ਕੱਪੜੇ ਵਿੱਚ ਇੰਨੇ ਗੁਣ ਹਨ ਕਿ ਇਹਨਾਂ ਨੂੰ ਕੱਪੜਿਆਂ ਦਾ ਸਿਰਤਾਜ਼ ਕਿਹਾ ਜਾਂਦਾ ਹੈ।*

## 2. ਲਿਨਨ (ਸਣ) (Flex)

*ਇਹ ਫਲੈਕਸ ਪੌਦੇ ਦੀਆਂ ਟਾਹਣੀਆਂ ਤੋਂ ਪ੍ਰਾਪਤ ਹੋਣ ਵਾਲੇ ਰੇਸ਼ੇ ਹਨ ਜਿਹਨਾਂ ਦੀ ਲੰਬਾਈ 10 ਇੰਚ ਤੋਂ 40 ਇੰਚ ਤੱਕ ਹੋ ਸਕਦੀ ਹੈ। ਇਹਨਾਂ ਤੋਂ ਬਣਿਆ ਕੱਪੜਾ ਦਰਮਿਆਨੀ ਮੋਟਾਈ ਵਾਲਾ ਅਤੇ ਥੋੜ੍ਹਾ ਨਰਮ ਹੁੰਦਾ ਹੈ। ਇਸ ਵਿੱਚ ਚਮਕ ਸੂਤੀ ਰੇਸ਼ਿਆਂ ਤੋਂ ਥੋੜ੍ਹੀ ਜ਼ਿਆਦਾ ਹੁੰਦੀ ਹੈ। ਇਸ ਤੋਂ ਪਹਿਨਣ ਵਾਲੀਆਂ ਪੁਸ਼ਾਕਾਂ ਅਤੇ ਘਰੇਲੂ ਕੱਪੜੇ ਬਣਾਏ ਜਾਂਦੇ ਹਨ। ਸਣ ਨੂੰ ਮੰਜੇ, ਕੁਰਸੀਆਂ, ਪੀੜੀਆਂ ਬੁਨਣ ਅਤੇ ਰੱਸੇ ਬਨਾਉਣ ਲਈ ਵੀ ਪ੍ਰਯੋਗ ਕੀਤਾ ਜਾਂਦਾ ਹੈ। ਪੁਸ਼ਾਕਾਂ ਤੇ ਦੂਸਰੇ ਵਸਤਰਾਂ ਲਈ ਇਹ ਰੇਸ਼ੇ ਵਧੇਰੇ ਸਾਫ਼ ਕਰਕੇ ਵਰਤੇ ਜਾਂਦੇ ਹਨ ਜਿਸ ਕਰਕੇ ਕੱਪੜਾ ਜ਼ਿਆਦਾ ਮੁਲਾਇਮ ਜਦ ਕਿ ਰੱਸਿਆਂ ਵਾਲਾ ਕੱਪੜਾ ਖੁਰਦਰਾ ਹੁੰਦਾ ਹੈ।*

**ਖਾਸ ਵਿਸ਼ੇਸ਼ਤਾਈਆਂ—**

*ਲਿਨਨ ਦੀਆਂ ਕੁਝ ਵਿਸ਼ੇਸ਼ਤਾਈਆਂ ਸੂਤੀ ਕੱਪੜੇ ਨਾਲ ਮੇਲ ਖਾਂਦੀਆਂ ਹਨ ਪਰੰਤੂ ਜ਼ਿਆਦਾ ਗਰਮੀ ਵਿੱਚ ਇਹ ਰੇਸ਼ੇ ਕਮਜ਼ੋਰ ਪੈ ਜਾਂਦੇ ਹਨ ਇਸ ਲਈ ਇਹਨਾਂ ਨੂੰ ਉਬਾਲਣਾ ਨਹੀਂ ਚਾਹੀਦਾ। ਸੂਤੀ ਰੇਸ਼ਿਆਂ ਨਾਲੋਂ ਇਹ ਰੇਸ਼ੇ ਗਰਮੀ ਦੇ ਚੰਗੇ ਸੰਚਾਲਕ ਹਨ ਇਸ ਲਈ ਗਰਮੀਆਂ ਵਿੱਚ ਸੂਤੀ ਰੇਸ਼ਿਆਂ ਨਾਲੋਂ ਵੱਧ ਠੰਢਕ ਪਹੁੰਚਾਉਂਦੇ ਹਨ। ਇਹਨਾਂ ਤੇ ਸੂਤੀ ਰੇਸ਼ਿਆਂ ਨਾਲੋਂ ਤੇਜ਼ਾਬ ਦਾ ਅਸਰ ਘੱਟ ਪਰ ਖਾਰ ਦਾ ਵੱਧ ਅਸਰ ਹੁੰਦਾ ਹੈ ਜਿਸ ਲਈ ਇਹਨਾਂ ਨੂੰ ਸੋਢੇ ਵਾਲੇ ਘੋਲ ਵਿੱਚ ਨਹੀਂ ਧੋਣਾ ਚਾਹੀਦਾ। ਮਜ਼ਬੂਤ ਹੋਣ ਕਾਰਨ ਇਹਨਾਂ ਤੇ ਰਗੜ ਦਾ ਅਸਰ ਵੀ ਘੱਟ ਹੁੰਦਾ ਹੈ। ਇਹਨਾਂ ਦਾ ਪ੍ਰਯੋਗ ਹਰੇਕ ਕਿਸਮ ਦੀ ਲੋੜ ਲਈ ਕੀਤਾ ਜਾ ਸਕਦਾ ਹੈ।*

## 3. ਪਟਸਨ (ਜੂਟ) (Jute)

*ਇਹ ਰੇਸ਼ੇ ਜੂਟ ਦੇ ਤਣੇ ਤੋਂ ਪ੍ਰਾਪਤ ਕੀਤੇ ਜਾਂਦੇ ਹਨ ਲਿਨਨ ਵਾਂਗ ਇਹ ਰੇਸ਼ੇ ਵੀ ਕੁਝ ਇੰਚ ਲੰਬੇ ਹੁੰਦੇ ਹਨ। ਇਹ ਖੁਰਦਰੇ ਹੁੰਦੇ ਹਨ ਜਿਸ ਕਰਕੇ ਇਹਨਾਂ ਤੋਂ ਪੁਸ਼ਾਕਾਂ ਘੱਟ ਹੀ ਬਣਾਈਆਂ ਜਾਂਦੀਆਂ ਹਨ। ਟੋਪੀਆਂ, ਚੱਪਲਾਂ, ਜੈਕਟਾਂ ਆਦਿ ਲਈ ਇਸ ਦਾ ਪ੍ਰਯੋਗ ਕੀਤਾ ਜਾਂਦਾ ਹੈ ਪਰ ਸੂਟਾਂ ਲਈ ਬਹੁਤ ਹੀ ਘੱਟ ਵਰਤੋਂ ਹੁੰਦੀ ਹੈ। ਘਰੇਲੂ ਵਸਤਾਂ ਵਿੱਚ ਗਲੀਚੇ, ਮੈਟ, ਸਜਾਵਟੀ ਸਮਾਨ, ਥੈਲੇ, ਬੋਰੀਆਂ ਰੱਸੀਆਂ ਆਦਿ ਲਈ ਅਕਸਰ ਵਰਤਿਆ ਜਾਂਦਾ ਹੈ।*

**ਖਾਸ ਵਿਸ਼ੇਸ਼ਤਾਈਆਂ—***ਇਹਨਾਂ ਦੇ ਗੁਣ ਅਕਸਰ ਲਿਨਨ ਦੇ ਰੇਸ਼ਿਆਂ ਨਾਲ ਮੇਲ ਖਾਂਦੇ ਹਨ। ਖੁਰਦਰੇ ਹੋਣ ਕਰਕੇ ਇਹਨਾਂ ਦਾ ਪ੍ਰਯੋਗ ਘਰੇਲੂ ਵਸਤਾਂ ਲਈ ਜ਼ਿਆਦਾ ਅਤੇ ਪੁਸ਼ਾਕਾਂ ਲਈ ਘੱਟ ਹੁੰਦਾ ਹੈ।*

## 4. ਊਨੀ ਕੱਪੜੇ (Woollens)

*ਊਨੀ ਕੱਪੜਿਆਂ ਦੇ ਰੇਸ਼ੇ ਭੇਡਾਂ, ਬੱਕਰੀਆਂ, ਊਠਾਂ, ਖਰਗੋਸ਼ਾਂ ਆਦਿ ਦੇ ਵਾਲਾਂ ਤੋਂ ਮਿਲਦੇ ਹਨ। ਇਹ ਰੇਸ਼ੇ ਇੱਕ ਇੰਚ ਤੋਂ 18 ਇੰਚ ਲੰਬਾਈ ਵਾਲੇ ਹੁੰਦੇ ਹਨ ਅਤੇ ਮੋਤੀਆ, ਸਫ਼ੈਦ, ਕਾਲੇ ਤੇ ਭੂਰੇ ਰੰਗਾਂ ਵਿੱਚ ਮਿਲਦੇ ਹਨ। ਇਹਨਾਂ ਨੂੰ ਕੱਤ ਕੇ ਧਾਗੇ ਬਣਾ ਕੇ ਬੁਣਾਈ ਲਈ ਵਰਤਿਆ ਜਾਂਦਾ ਹੈ ਜਾਂ ਖੱਡੀ ਤੇ ਕੱਪੜਾ ਬਣਾਇਆ ਜਾਂਦਾ ਹੈ। ਨਿੱਘੇ ਹੋਣ ਕਰਕੇ ਇਹਨਾਂ ਨੂੰ ਠੰਢੇ ਮੌਸਮ ਵਿੱਚ ਹੀ ਪਹਨਿਆ ਜਾਂਦਾ ਹੈ। ਇਹਨਾਂ ਤੋਂ ਸਰਦੀਆਂ ਵਾਲੀਆਂ ਪੁਸ਼ਾਕਾਂ ਅਤੇ ਘਰੇਲੂ ਸਮਾਨ ਜਿਵੇਂ ਕੰਬਲ, ਗਲੀਚੇ ਆਸਣ, ਕੁਸ਼ਨ ਆਦਿ ਬਣਾਏ ਜਾਂਦੇ ਹਨ। ਊਨੀ ਰੇਸ਼ੇ ਬਿਨ੍ਹਾਂ ਕਤਾਈ ਤੋਂ ਨਮਦ (ਭਾਫ਼ ਨਾਲ ਪ੍ਰੈੱਸ ਕਰਕੇ) ਕੇ ਵੀ ਕੱਪੜਾ (ਫੈਲਟ) ਬਣਾਉਣ ਲਈ ਪ੍ਰਯੋਗ ਕੀਤੇ ਜਾਂਦੇ ਹਨ।*

**ਖਾਸ ਵਿਸ਼ੇਸ਼ਤਾਈਆਂ—**

(i) **ਗਰਮੀ ਦਾ ਅਸਰ—** *ਜ਼ਿਆਦਾ ਗਰਮੀ ਨਾਲ ਸਫ਼ੈਦ ਰੇਸ਼ੇ ਪੀਲੇ ਪੈ ਜਾਂਦੇ ਹਨ ਅਤੇ ਜ਼ਿਆਦਾ ਗਰਮ ਪ੍ਰੈੱਸ ਨਾਲ ਝੁਲਸ ਜਾਂਦੇ ਹਨ। ਇਹ ਤਾਪ ਦੇ ਚੰਗੇ ਸੰਚਾਲਕ ਨਹੀਂ ਜਿਸ ਕਰਕੇ ਸਰੀਰ ਦੀ ਗਰਮੀ ਨੂੰ ਬਾਹਰ ਨਹੀਂ ਨਿਕਲਣ ਦਿੰਦੇ ਅਤੇ ਨਿੱਘੇ ਰਹਿੰਦੇ ਹਨ। ਇਹ ਹੀ ਕਾਰਨ ਹੈ ਕਿ ਇਹਨਾਂ ਦਾ ਪ੍ਰਯੋਗ ਸਰਦੀਆਂ ਵਿੱਚ ਹੀ ਕੀਤਾ ਜਾਂਦਾ ਹੈ।*

(ii) **ਪਾਣੀ ਦਾ ਅਸਰ—** *ਇਹ ਬਿਨਾਂ ਗਿੱਲਾ ਮਹਿਸੂਸ ਕੀਤੇ ਆਪਣੇ ਅੰਦਰ ਆਪਣੇ ਭਾਰ ਦਾ 30% ਪਾਣੀ ਸਮੋ ਸਕਦੇ ਹਨ। ਗਿੱਲੇ ਹੋਣ ਤੇ 40 ਤੋਂ 50% ਤੱਕ ਲੰਬੇ ਹੋ ਜਾਂਦੇ ਹਨ ਜਿਸ ਕਰਕੇ ਧੋਣ ਸਮੇਂ ਬਹੁਤ ਸਾਵਧਾਨੀ ਵਰਤਣ ਦੀ ਲੋੜ ਹੁੰਦੀ ਹੈ ਅਤੇ ਲਟਕਾ ਕੇ ਵੀ ਨਹੀਂ ਸੁਕਾਉਣੇ ਚਾਹੀਦੇ। ਗਿੱਲ੍ਹੇ ਹੋਣ ਤੇ ਇਹ ਰੇਸ਼ੇ ਕਮਜ਼ੋਰ ਹੋ ਜਾਂਦੇ ਹਨ ਜਿਸ ਲਈ ਸਾਵਧਾਨੀ ਨਾਲ ਹੀ ਧੋਣਾ ਚਾਹੀਦਾ ਹੈ।*

(iii) **ਰਗੜ ਦਾ ਅਸਰ—** *ਰਗੜ ਨਾਲ ਇਹ ਰੇਸ਼ੇ ਆਪਸ ਵਿੱਚ ਜੁੜ ਜਾਂਦੇ ਹਨ। ਧੋਣ ਸਮੇਂ ਗਰਮ ਪਾਣੀ ਦੇ ਪ੍ਰਯੋਗ ਨਾਲ ਅਤੇ ਰਗੜ ਕੇ ਧੋਣ ਨਾਲ ਇਹ ਰੇਸ਼ੇ ਸਥਾਈ ਤੌਰ ਤੇ ਜੁੜ ਜਾਂਦੇ ਹਨ ਅਤੇ ਕੱਪੜਾ ਸਖ਼ਤ ਹੋ ਜਾਂਦਾ ਹੈ।*

(iv) **ਤੇਜ਼ਾਬ ਦਾ ਅਸਰ—** *ਹਲਕੇ ਤੇਜ਼ਾਬ ਦਾ ਇਹਨਾਂ ਤੇ ਘੱਟ ਅਸਰ ਹੁੰਦਾ ਹੈ ਪਰ ਤੇਜ਼ ਤੇਜ਼ਾਬ ਵਿੱਚ ਇਹ ਰੇਸ਼ੇ ਘੁਲ ਜਾਂਦੇ ਹਨ। ਇਹਨਾਂ ਦੀ ਰੰਗਾਈ ਸਮੇਂ ਹਲਕਾ ਤੇਜ਼ਾਬ ਵਰਤਿਆ ਜਾਂਦਾ ਹੈ।*

(v) **ਖਾਰ ਦਾ ਅਸਰ—** *ਖਾਰ ਇਹਨਾਂ ਰੇਸ਼ਿਆਂ ਨੂੰ ਨਸ਼ਟ ਕਰ ਦਿੰਦੀ ਹੈ ਜਿਸ ਲਈ ਖਾਰ ਵਾਲੇ ਪਦਾਰਥ ਅਤੇ ਸੋਢਾ ਇਹਨਾਂ ਨੂੰ ਧੋਣ ਲਈ ਇਸਤੇਮਾਲ ਨਹੀਂ ਕਰਨਾ ਚਾਹੀਦਾ।*

(vi) **ਰੰਗ ਦਾ ਅਸਰ—** *ਤੇਜ਼ਾਬ ਵਾਲੇ ਰੰਗ ਨਾਲ ਰੰਗਾਈ ਕੀਤੀ ਜਾਂਦੀ ਹੈ। ਇਹ ਰੰਗ ਨੂੰ ਆਪਣੇ ਅੰਦਰ ਜਲਦੀ ਸਮਾ ਲੈਂਦੇ ਹਨ।*

(vii) **ਰੰਗਕਾਟ ਦਾ ਅਸਰ—** *ਰੰਗਕਾਟ ਇਹਨਾਂ ਨੂੰ ਖੁਰਦਰੇ ਅਤੇ ਕਮਜ਼ੋਰ ਬਣਾ ਦਿੰਦੇ ਹਨ।*

(viii) **ਉੱਲ੍ਹੀ ਦਾ ਅਸਰ—** *ਉੱਲ੍ਹੀ ਇਹਨਾਂ ਤੇ ਲੱਗ ਸਕਦੀ ਹੈ ਪਰ ਹੋਰ ਕੀੜਾ ਬਹੁਤ ਜਲਦੀ ਲਗਦਾ ਹੈ। ਲੋਹਾ ਵੀ ਕੱਪੜੇ ਨੂੰ ਖਾ ਜਾਂਦਾ ਹੈ ਇਸ ਲਈ ਧੋਣ ਸਮੇਂ ਬਹੁਤ ਸਾਵਧਾਨੀ ਵਰਤਣੀ ਚਾਹੀਦੀ ਹੈ।*

## 5. ਰੇਸ਼ਮੀ (ਸਿਲਕ) ਕੱਪੜੇ (Silk)

*ਰੇਸ਼ਮ (ਸਿਲਕ) ਦੇ ਰੇਸ਼ੇ ਰੇਸ਼ਮ ਦੇ ਕੀੜਿਆਂ ਦੇ ਕੋਕੂਨਾਂ ਤੋਂ ਮਿਲਦੇ ਹਨ ਅਤੇ ਇਹਨਾਂ ਦੀ ਲੰਬਾਈ 1800 ਗਜ਼ ਤੱਕ ਹੋ ਸਕਦੀ ਹੈ। ਕੁਦਰਤੀ ਰੇਸ਼ਿਆਂ ਵਿੱਚੋਂ ਇਹ*

*ਸਭ ਤੋਂ ਸੋਹਣੀ ਦਿੱਖ, ਮੁਲਾਇਮ ਤੇ ਚਮਕ ਵਾਲੇ ਹੁੰਦੇ ਹਨ। ਇਹਨਾਂ ਤੋਂ ਬਣੇ ਕੱਪੜੇ ਸਰਦੀਆਂ ਵਿੱਚ ਅਤੇ ਖਾਸ ਮੌਕਿਆਂ ਤੇ ਪਾਏ ਜਾਂਦੇ ਹਨ। ਮਹਿੰਗੇ ਹੋਣ ਕਰਕੇ ਅਤੇ ਜ਼ਿਆਦਾ ਸੰਭਾਲ ਕਾਰਨ ਰੋਜ਼ਾਨਾ ਆਮ ਵਰਤੋਂ ਲਈ ਪ੍ਰਯੋਗ ਨਹੀਂ ਕੀਤੇ ਜਾਂਦੇ। ਅਮੀਰ ਲੋਕਾਂ ਦੀਆਂ ਪੁਸ਼ਾਕਾਂ ਅਤੇ ਸਾਜੋ ਸਮਾਨ ਜਿਵੇਂ ਗਲੀਚੇ, ਪਰਦੇ, ਕੁਸ਼ਨ ਅਤੇ ਦੂਸਰੇ ਸਜਾਵਟੀ ਸਮਾਨ ਲਈ ਇਹ ਰੇਸ਼ਾ ਆਮ ਵਰਤਿਆ ਜਾਂਦਾ ਹੈ।*

### ਖਾਸ ਵਿਸ਼ੇਸ਼ਤਾਈਆਂ—

*ਇਹਨਾਂ ਦੇ ਕਾਫ਼ੀ ਗੁਣ ਅਤੇ ਵਿਸ਼ੇਸ਼ਤਾਈਆਂ ਊਨੀ ਰੇਸ਼ਿਆਂ ਤੋਂ ਬਣੇ ਕੱਪੜਿਆਂ ਨਾਲ ਮਿਲਦੇ ਹਨ। ਇਹ ਰੇਸ਼ੇ ਵੀ ਗਰਮ ਹੁੰਦੇ ਹਨ ਪਰ ਉੱਨ ਜਿਨ੍ਹੇ ਨਹੀਂ। ਰਗੜ ਸਹਾਰ ਲੈਂਦੇ ਹਨ ਪਰ ਉੱਨ ਨਾਲੋਂ ਘੱਟ ਲਚਕ ਹੁੰਦੀ ਹੈ। ਖਾਰ ਤੇ ਤੇਜ਼ਾਬ ਇਨ੍ਹਾਂ ਤੇ ਉੱਨ ਨਾਲੋਂ ਜ਼ਿਆਦਾ ਬੁਰਾ ਅਸਰ ਕਰਦੇ ਹਨ। ਇਹ ਆਪਣੇ ਅੰਦਰ ਉੱਨ ਨਾਲੋਂ ਘੱਟ ਪਾਣੀ ਸਮੋ ਸਕਦੇ ਹਨ। ਭਾਵੇਂ ਇਹਨਾਂ ਦੀ ਸੰਭਾਲ ਔਖੀ ਹੈ ਪਰ ਅਜੇ ਵੀ ਆਪਣੀ ਸੁੰਦਰਤਾ ਕਰਕੇ ਇਹ ਰੇਸ਼ਾ ਕੱਪੜਿਆਂ ਦੀ ਰਾਣੀ ਕਹਾਉਂਦਾ ਹੈ ਅਤੇ ਲੋਕ ਇਸ ਤੋਂ ਬਣੇ ਕੱਪੜੇ ਪਾ ਕੇ ਫ਼ਖ਼ਰ ਮਹਿਸੂਸ ਕਰਦੇ ਹਨ।*

## ਨਾਈਲੋਨ

*ਰਸਾਇਣਿਕ ਪਦਾਰਥਾਂ ਤੋਂ ਬਣਨ ਵਾਲੇ ਇਹ ਰੇਸ਼ੇ ਘੱਟ ਅਤੇ ਜ਼ਿਆਦਾ ਲੰਬਾਈ ਵਿੱਚ ਬਣਾਏ ਜਾਂਦੇ ਹਨ। ਇਹਨਾਂ ਤੋਂ ਹਰੇਕ ਤਰ੍ਹਾਂ ਦੀਆਂ ਪੁਸ਼ਾਕਾਂ, ਘਰੇਲੂ ਤੇ ਉਦਯੋਗਿਕ ਕੱਪੜੇ, ਉੱਨ ਤੇ ਰੱਸੀਆਂ ਬਣਾਈਆਂ ਜਾਂਦੀਆਂ ਹਨ। ਇਹਨਾਂ ਵਿੱਚ ਬਹੁਤ ਲਚਕ ਹੋਣ ਕਰਕੇ ਜੁਰਾਬਾਂ, ਖੇਡਾਂ ਲਈ ਪਹਿਨਣ ਵਾਲੇ ਕੱਪੜੇ ਅਤੇ ਦੂਸਰੀਆਂ ਤੰਗ ਪੁਸ਼ਾਕਾਂ ਬਣਾਈਆਂ ਜਾਂਦੀਆਂ ਹਨ।*

### ਖਾਸ ਵਿਸ਼ੇਸ਼ਤਾਈਆਂ—

(i) **ਗਰਮੀ ਦਾ ਅਸਰ**—*ਇਹ ਕੱਪੜੇ ਜ਼ਿਆਦਾ ਗਰਮੀ ਨਹੀਂ ਸਹਾਰ ਸਕਦੇ ਇਸ ਲਈ ਦਰਮਿਆਨੀ ਗਰਮ ਪ੍ਰੈੱਸ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਤੇਜ਼ ਗਰਮ ਪ੍ਰੈੱਸ ਨਾਲ ਇਹ ਕੱਪੜੇ ਪਿਘਲ ਜਾਂਦੇ ਹਨ ਅਤੇ ਸੂਰਜ ਦੀ ਤੇਜ਼ ਗਰਮੀ ਨਾਲ ਕਮਜ਼ੋਰ ਪੈ ਜਾਂਦੇ ਹਨ।*

(ii) **ਪਾਣੀ ਦਾ ਅਸਰ**—*ਇਹ ਆਪਣੇ ਅੰਦਰ ਪਾਣੀ ਨਹੀਂ ਸੋਖ ਸਕਦੇ ਇਸ ਲਈ ਗਰਮੀਆਂ ਦੇ ਮੌਸਮ ਵਿੱਚ ਸਰੀਰ ਦਾ ਪਸੀਨਾ ਨਾ ਸੋਖਣ ਕਰਕੇ ਸਰੀਰ ਲਈ ਸੁਖਦਾਇਕ ਨਹੀਂ ਹੁੰਦੇ। ਪਰੰਤੂ ਪਾਣੀ ਨਾ ਸੋਖਣ ਕਰਕੇ ਦਾਗ ਵੀ ਜਲਦੀ ਨਹੀਂ ਜਜ਼ਬ ਕਰਦੇ। ਸੁੱਕੇ ਤੇ ਗਿੱਲੇ ਕੱਪੜੇ ਦੀ ਮਜ਼ਬੂਤੀ ਇੱਕੋ ਜਿਹੀ ਹੋਣ ਕਰਕੇ ਧੋਣੇ ਵੀ ਆਸਾਨ ਹਨ। ਇਨ੍ਹਾਂ ਨੂੰ ਕਿਸੇ ਵੀ ਸਾਬਣ ਦੇ ਘੋਲ ਵਿੱਚ ਹੱਥਾਂ ਨਾਲ ਮਸਲ ਜਾਂ ਰਗੜ ਕੇ ਜਾਂ ਮਸ਼ੀਨ ਰਾਹੀਂ ਧੋਇਆ ਜਾ ਸਕਦਾ ਹੈ।*

(iii) **ਰਗੜ ਦਾ ਅਸਰ—** *ਇਹ ਰੇਸ਼ੇ ਮਜ਼ਬੂਤ ਹੋਣ ਕਰਕੇ ਇਹਨਾਂ ਤੇ ਰਗੜ ਦਾ ਅਸਰ ਘੱਟ ਹੁੰਦਾ ਹੈ। ਇਹ ਧੋਣੇ ਵੀ ਆਸਾਨ ਹਨ। ਇਸ ਲਈ ਇਹਨਾਂ ਦਾ ਪ੍ਰਯੋਗ ਹਰ ਤਰ੍ਹਾਂ ਦੀਆਂ ਪੁਸ਼ਾਕਾਂ ਬਣਾਉਣ ਲਈ ਕੀਤਾ ਜਾਂਦਾ ਹੈ।*

(iv) **ਤੇਜ਼ਾਬ ਦਾ ਅਸਰ—** *ਤੇਜ਼ ਤੇਜ਼ਾਬ ਵਿੱਚ ਇਹ ਰੇਸ਼ੇ ਘੁਲ ਜਾਂਦੇ ਹਨ।*

(v) **ਖਾਰ ਦਾ ਅਸਰ—** *ਖਾਰ ਦਾ ਇਹਨਾਂ ਤੇ ਕੋਈ ਬੁਰਾ ਅਸਰ ਨਹੀਂ ਹੁੰਦਾ।*

(vi) **ਰੰਗ ਕਾਟ ਦਾ ਅਸਰ—** *ਰੰਗ ਕਾਟ ਦਾ ਇਹਨਾਂ ਤੇ ਬੁਰਾ ਅਸਰ ਨਹੀਂ ਹੁੰਦਾ।*

(vii) **ਉੱਲ੍ਹੀ ਅਤੇ ਲੋਹੇ ਦਾ ਅਸਰ—** *ਉੱਲ੍ਹੀ ਅਤੇ ਲੋਹੇ ਦਾ ਇਹਨਾਂ ਤੇ ਕੋਈ ਬੁਰਾ ਅਸਰ ਨਹੀਂ ਹੁੰਦਾ ਜਿਸ ਕਰਕੇ ਇਹਨਾਂ ਦੀ ਸੰਭਾਲ ਕਰਨੀ ਬਹੁਤ ਆਸਾਨ ਹੈ।*

## 7. ਪੌਲੀਐਸਟਰ (ਟੈਰਾਲੀਨ)

*ਇਹ ਰੇਸ਼ੇ ਲੋੜ ਅਨੁਸਾਰ ਲੰਬੇ ਅਤੇ ਛੋਟੇ ਆਕਾਰ ਵਿੱਚ ਬਣਾਏ ਜਾ ਸਕਦੇ ਹਨ। ਇਹਨਾਂ ਤੋਂ ਵੱਧ ਅਤੇ ਘੱਟ ਚਮਕ ਵਾਲੇ ਮੋਟੇ ਅਤੇ ਪਤਲੇ ਕੱਪੜੇ ਬਣਾਏ ਜਾ ਸਕਦੇ ਹਨ। ਇਹਨਾਂ ਦੇ ਰੇਸ਼ਿਆਂ ਨੂੰ ਦੂਸਰੇ ਰੇਸ਼ਿਆਂ ਨਾਲ ਮਿਲਾ ਕੇ ਮਿਸ਼ਰਤ ਰੇਸ਼ੇ ਤਿਆਰ ਕੀਤੇ ਜਾਂਦੇ ਹਨ ਜਿਵੇਂ ਕਿ—*

*ਟੈਰੀਕਾਟ = ਟੈਰਾਲੀਨ + ਸੂਤੀ*

*ਟੈਰੀਵੂਲ = ਟੈਰਾਲੀਨ + ਊਨੀ*

*ਟੈਰੀਸਿਲਕ = ਟੈਰਾਲੀਨ + ਸਿਲਕ*

*ਟੈਰੀ ਰੁਬੀਆ = ਟੈਰਾਲੀਨ + ਸੂਤੀ*

*ਟੈਰੀ ਵਾਇਲ = ਟੈਰਾਲੀਨ + ਸੂਤੀ*

*ਇਹਨਾਂ ਮਿਸ਼ਰਤ ਰੇਸ਼ਿਆਂ ਵਿੱਚ ਕੁਦਰਤੀ ਅਤੇ ਬਣਾਉਟੀ ਦੋਨੋਂ ਰੇਸ਼ਿਆਂ ਦੇ ਗੁਣ ਆ ਜਾਂਦੇ ਹਨ। ਗਰਮੀਆਂ ਵਿੱਚ ਇਹਨਾਂ ਦੇ ਸੂਤੀ ਰੇਸ਼ਿਆਂ ਨਾਲ ਬਣੇ ਕੱਪੜੇ ਜਿੱਥੇ ਸਰੀਰ ਦੀ ਚਮੜੀ ਲਈ ਠੀਕ ਰਹਿੰਦੇ ਹਨ ਉੱਥੇ ਇਹਨਾਂ ਕੱਪੜਿਆਂ ਦੀ ਮਜ਼ਬੂਤੀ ਵੀ ਵੱਧ ਜਾਂਦੀ ਹੈ ਅਤੇ ਦਾਗ ਵੀ ਘੱਟ ਲੱਗਦੇ ਹਨ। ਇਹਨਾਂ ਕੱਪੜਿਆਂ ਨੂੰ ਧੋਣਾ ਵੀ ਆਸਾਨ ਹੋ ਜਾਂਦਾ ਹੈ। ਇਸੇ ਤਰ੍ਹਾਂ ਹੀ ਟੈਰੀਸਿਲਕ ਅਤੇ ਟੈਰੀਵੂਲ ਕੱਪੜੇ ਸਰਦੀਆਂ ਨੂੰ ਠੀਕ ਰਹਿੰਦੇ ਹਨ।*

### ਖਾਸ ਵਿਸ਼ੇਸ਼ਤਾਈਆਂ—

*ਇਹਨਾਂ ਦੀਆਂ ਸਾਰੀਆਂ ਹੀ ਵਿਸ਼ੇਸ਼ਤਾਈਆਂ ਨਾਈਲੋਨ ਨਾਲ ਮੇਲ ਖਾਂਦੀਆਂ ਹਨ ਪਰ ਇਹਨਾਂ ਕੱਪੜਿਆਂ ਨੂੰ ਕੁਝ ਦੇਰ ਪ੍ਰਯੋਗ ਕਰਨ ਤੋਂ ਬਾਅਦ ਇਹਨਾਂ ਤੇ ਬੂਰ ਆ ਜਾਂਦਾ ਹੈ। ਇਹ ਨਾਈਲੋਨ ਨਾਲੋਂ ਘੱਟ ਲਚਕੀਲੇ ਹੁੰਦੇ ਹਨ।*

## 8. ਆਰਲੋਨ (ਕੈਸ਼ਮੀਲੋਨ)

*ਆਰਲੋਨ ਦੀ ਇੱਕ ਕਿਸਮ ਕੈਸ਼ਮੀਲੋਨ ਹੈ ਜਿਸ ਤੋਂ ਉੱਨ ਦੀ ਤਰ੍ਹਾਂ ਧਾਗੇ ਬਣਾ ਕੇ ਸਵੈਟਰ, ਸ਼ਾਲਾਂ, ਕੋਟ ਅਤੇ ਅਜਿਹੇ ਹੋਰ ਸਰਦੀਆਂ ਨੂੰ ਪਹਿਨਣ ਵਾਲੇ ਵਸਤਰ ਬਣਾਏ ਜਾਂਦੇ ਹਨ।*

## ਖਾਸ ਵਿਸ਼ੇਸ਼ਤਾਈਆਂ —

*ਇਹਨਾਂ ਦੇ ਗੁਣ ਵੀ ਨਾਈਲੋਨ ਦੇ ਗੁਣਾਂ ਨਾਲ ਮੇਲ ਖਾਂਦੇ ਹਨ। ਦੇਖਣ ਨੂੰ ਭਾਵੇਂ ਇਹ ਊਨੀ ਰੇਸ਼ਿਆਂ ਵਾਂਗ ਲੱਗਦੇ ਹਨ ਪਰ ਮਜ਼ਬੂਤ ਅਤੇ ਰੰਗ ਪੱਕੇ ਹੋਣ ਕਰਕੇ ਉੱਨ ਨਾਲੋਂ ਸਸਤੇ ਪੈਂਦੇ ਹਨ। ਉਸ ਨਾਲੋਂ ਇਹਨਾਂ ਦੀ ਸੰਭਾਲ ਕਰਨੀ ਬਹੁਤ ਆਸਾਨ ਹੈ ਜਿਸ ਕਰਕੇ ਉੱਨ ਨਾਲੋਂ ਵੱਧ ਪ੍ਰਯੋਗ ਵਿੱਚ ਆਉਣ ਲੱਗ ਪਏ ਹਨ। ਪਰੰਤੂ ਕੁਝ ਦੇਰ ਵਰਤਣ ਤੋਂ ਬਾਅਦ ਇਹਨਾਂ ਕੱਪੜਿਆਂ ਤੇ ਬੁਰ ਆਉਣ ਲੱਗ ਪੈਂਦਾ ਹੈ।*

## 9. ਐਸੀਟੇਟ ਰੇਔਨ

*ਇਹ ਸੂਤੀ ਰੇਸ਼ਿਆਂ ਵਿੱਚ ਰਸਾਇਣਕ ਪਦਾਰਥਾਂ ਨੂੰ ਮਿਲਾ ਕੇ ਪੁਨਰਨਿਰਮਾਣ ਕੀਤਾ ਰੇਸ਼ਾ ਹੈ। ਪ੍ਰੰਤੂ ਇਸ ਤੋਂ ਬਣੇ ਕੱਪੜਿਆਂ ਦੇ ਸਾਰੇ ਗੁਣ ਨਾਈਲੋਨ, ਪੌਲੀਐਸਟਰ ਅਤੇ ਆਰਲੋਨ ਨਾਲ ਮੇਲ ਖਾਂਦੇ ਹਨ। ਇਹ ਦੇਖਣ ਨੂੰ ਨਰਮ ਅਤੇ ਚਮਕਦਾਰ ਸਾਟਨ ਵਰਗਾ ਹੁੰਦਾ ਹੈ। ਇਸ ਨੂੰ ਘਰੇਲੂ ਵਸਤਰਾਂ ਅਤੇ ਪੁਸ਼ਾਕਾਂ ਲਈ ਆਮ ਵਰਤਿਆ ਜਾਂਦਾ ਹੈ।*

## 10. ਰੇਔਨ

*ਇਹ ਛੋਟੇ-ਛੋਟੇ ਸੂਤੀ ਰੇਸ਼ਿਆਂ ਨੂੰ ਵੱਖ-ਵੱਖ ਰਸਾਇਣਕ ਪਦਾਰਥਾਂ ਨਾਲ ਮਿਲਾ ਕੇ ਬਣਦੇ ਹਨ। ਰੇਔਨ ਦੀਆਂ ਤਿੰਨ ਕਿਸਮਾਂ ਹਨ—*

(i) *ਵਿਸਕੋਜ਼* (ii) *ਕਿਉਪਰਾਮੋਨੀਅਮ* (iii) *ਨਾਈਟਰੋਸੈਲੂਲੋਜ਼*

*ਇਹਨਾਂ ਵਿੱਚੋਂ ਵਿਸਕੋਜ਼ ਰੇਔਨ ਸਭ ਤੋਂ ਵੱਧ ਪ੍ਰਯੋਗ ਵਿੱਚ ਲਿਆਈ ਜਾਂਦੀ ਹੈ। ਇਸ ਤੋਂ ਬੈਂਬਰ, ਜਾਰਜਟ, ਕਰੇਪ ਅਤੇ ਸਾਟਨ ਵਰਗੇ ਘੱਟ ਅਤੇ ਜ਼ਿਆਦਾ ਚਮਕ ਵਾਲ਼ੇ ਕੱਪੜੇ ਬਣਦੇ ਹਨ। ਇਹਨਾਂ ਦਾ ਪ੍ਰਯੋਗ ਪੁਸ਼ਾਕਾਂ ਲਈ ਅਤੇ ਕਰੇਪ ਸਾਟਨ ਨੂੰ ਘਰੇਲੂ ਵਸਤਰ ਬਣਾਉਣ ਲਈ ਵੀ ਕੀਤਾ ਜਾਂਦਾ ਹੈ।*

## ਖਾਸ ਵਿਸ਼ੇਸ਼ਤਾਈਆਂ—

*ਇਹਨਾਂ ਦੇ ਕੁਝ ਗੁਣ ਸੂਤੀ ਰੇਸ਼ਿਆਂ ਨਾਲ ਮੇਲ ਖਾਂਦੇ ਹਨ ਜਿਵੇਂ ਕਿ ਜਲਣ ਦਾ ਅਸਰ। ਇਹ ਰੇਸ਼ੇ ਸੂਤੀ ਰੇਸ਼ਿਆਂ ਨਾਲੋਂ ਕਮਜ਼ੋਰ ਹੁੰਦੇ ਹਨ ਅਤੇ ਪਾਣੀ ਵਿੱਚ ਪਾਉਣ ਤੇ ਹੋਰ ਵੀ ਕਮਜ਼ੋਰ ਹੋ ਜਾਂਦੇ ਹਨ। ਇਹਨਾਂ ਨੂੰ ਸੋਢੇ ਰਹਿਤ ਸਾਬਣਾਂ ਨਾਲ ਅਤੇ ਬਹੁਤ ਧਿਆਨ ਨਾਲ ਧੋਣਾ ਚਾਹੀਦਾ ਹੈ ਕਿਉਂਕਿ ਖਾਰ ਅਤੇ ਤੇਜ਼ਾਬ ਦੋਨਾਂ*

*ਨਾਲ ਹੀ ਇਹ ਰੇਸ਼ੇ ਕਮਜ਼ੋਰ ਪੈ ਜਾਂਦੇ ਹਨ। ਇਹਨਾਂ ਨੂੰ ਰੰਗਣ ਲਈ ਸੂਤੀ ਰੰਗ ਇਸਤੇਮਾਲ ਕੀਤੇ ਜਾਂਦੇ ਹਨ। ਰੰਗਕਾਟ ਨਾਲ ਇਹ ਰੇਸ਼ੇ ਕਮਜ਼ੋਰ ਪੈ ਜਾਂਦੇ ਹਨ, ਉੱਲੀ ਵੀ ਇਹਨਾਂ ਨੂੰ ਜਲਦੀ ਲੱਗ ਜਾਂਦੀ ਹੈ ਅਤੇ ਦੂਸਰੇ ਕੀੜੇ ਵੀ ਬਹੁਤ ਜਲਦੀ ਖਾ ਲੈਂਦੇ ਹਨ। ਇਸ ਲਈ ਸਟੋਰ ਕਰਨ ਸਮੇਂ ਬਹੁਤ ਸਾਵਧਾਨੀ ਵਰਤਣੀ ਚਾਹੀਦੀ ਹੈ। ਧੋਣ ਤੇ ਇਹ ਸੁੰਗੜ ਜਾਂਦੇ ਹਨ ਪਰੰਤੂ ਪ੍ਰੈੱਸ ਕਰਨ ਨਾਲ ਅਕਸਰ ਪਹਿਲੇ ਆਕਾਰ ਵਿੱਚ ਆ ਜਾਂਦੇ ਹਨ।*

## 11. ਧਾਤਾਂ ਤੋਂ ਪ੍ਰਾਪਤ ਰੇਸ਼ਿਆਂ ਦੇ ਕੱਪੜੇ

*ਇਹ ਰੇਸ਼ੇ ਸੋਨੇ, ਚਾਂਦੀ ਅਤੇ ਐਲੂਮੀਨੀਅਮ ਨੂੰ ਪਿਘਲਾ ਕੇ ਬਣਦੇ ਹਨ। ਸੁੱਚੀ ਜ਼ਰੀ (ਸੋਨਾ-ਚਾਂਦੀ) ਮਹਿੰਗੀ ਹੋਣ ਕਰਕੇ ਅੱਜ ਕੱਲ੍ਹ ਐਲੂਮੀਨੀਅਮ ਦੇ ਰੇਸ਼ੇ ਬਣਾ ਕੇ ਇਹਨਾਂ ਤੇ ਸੋਨੇ ਚਾਂਦੀ ਦੀ ਪਰਤ ਚੜ੍ਹਾ ਦਿੱਤੀ ਜਾਂਦੀ ਹੈ। ਸੂਤੀ, ਰੇਸ਼ਮੀ ਜਾਂ ਬਣਾਉਟੀ ਰੇਸ਼ਿਆਂ ਨਾਲ ਮਿਲਾ ਕੇ ਇਹਨਾਂ ਤੋਂ ਜ਼ਰੀ ਵਾਲੇ ਕੱਪੜੇ ਤਿਆਰ ਕੀਤੇ ਜਾਂਦੇ ਹਨ। ਇਹ ਖਾਸ ਮੌਕਿਆਂ ਤੇ ਪਹਿਨਣ ਵਾਲੀਆਂ ਪੁਸ਼ਾਕਾਂ ਬਣਾਉਣ ਅਤੇ ਘਰੇਲੂ ਸਜਾਵਟ ਵਾਲੇ ਕੱਪੜੇ ਬਣਾਉਣ ਲਈ ਪ੍ਰਯੋਗ ਕੀਤੇ ਜਾਂਦੇ ਹਨ। ਇਹ ਚਮਕ ਵਾਲੇ ਕੱਪੜੇ ਹੁੰਦੇ ਹਨ ਪਰ ਸਿਲ੍ਹ, ਸੋਢੇ ਦੇ ਪਾਣੀ ਨਾਲ ਧੋਣ ਅਤੇ ਫਰਨੈਲ ਦੀਆਂ ਗੋਲੀਆਂ ਪਾ ਕੇ ਸਟੋਰ ਕਰਨ ਨਾਲ ਕਾਲੇ ਪੈ ਜਾਂਦੇ ਹਨ। ਵਧੀਆ ਜ਼ਰੀ ਨੂੰ ਡਰਾਈਕਲੀਨ ਹੀ ਕਰਵਾ ਲੈਣਾ ਚਾਹੀਦਾ ਹੈ। ਇਹ ਮਜ਼ਬੂਤ ਰੇਸ਼ੇ ਹਨ ਪਰ ਜਿਹਨਾਂ ਦੂਸਰੇ ਰੇਸ਼ਿਆਂ ਨਾਲ ਮਿਲਾ ਕੇ ਕੱਪੜੇ ਬਣਾਏ ਜਾਂਦੇ ਹਨ ਉਹਨਾਂ ਦੇ ਅਨੁਸਾਰ ਹੀ ਇਹਨਾਂ ਦੀ ਸੰਭਾਲ ਕਰ ਲੈਣੀ ਚਾਹੀਦੀ ਹੈ।*

## 12. ਗਲਾਸ ਫਾਇਬਰ (ਸ਼ੀਸ਼ੇ ਦੇ ਰੇਸ਼ੇ)

*ਇਹ ਵਸਤਰਾਂ ਲਈ ਘੱਟ ਹੀ ਪ੍ਰਯੋਗ ਕੀਤੇ ਜਾਂਦੇ ਹਨ। ਇਹਨਾਂ ਤੋਂ ਪਾਰਦਰਸ਼ੀ ਪਰਦੇ ਬਣਾਏ ਜਾਂਦੇ ਹਨ। ਪਰੰਤੂ ਉਹਨਾਂ ਲਈ ਵੀ ਇਹਨਾਂ ਦਾ ਘੱਟ ਹੀ ਪ੍ਰਯੋਗ ਕੀਤਾ ਜਾਂਦਾ ਹੈ।*

### ਅਭਿਆਸ

**ਵਸਤੂਨਿਸ਼ਠ ਪ੍ਰਸ਼ਨ—**

1. *ਸੂਤੀ ਕੱਪੜਿਆਂ ਦੀ ਪ੍ਰਾਪਤੀ ਦਾ ਆਧਾਰ ਕੀ ਹੈ?*
2. *ਸੂਤੀ ਰੇਸ਼ੇ ਤੋਂ ਕਿਹੋ ਜਿਹੇ ਕੱਪੜੇ ਬਣਾਏ ਜਾ ਸਕਦੇ ਹਨ?*
3. *ਗਰਮੀ ਦਾ ਸੂਤੀ ਕੱਪੜੇ ਤੇ ਕੀ ਅਸਰ ਹੁੰਦਾ ਹੈ?*
4. *ਸੂਤੀ ਕੱਪੜੇ ਤੇ ਪਾਣੀ ਦੇ ਅਸਰ ਬਾਰੇ ਦੱਸੋ?*
5. *ਰਗੜ ਦਾ ਸੂਤੀ ਕੱਪੜੇ ਤੇ ਕੀ ਅਸਰ ਹੁੰਦਾ ਹੈ?*
6. *ਰੰਗ ਅਤੇ ਰੰਗਕਾਟ ਦਾ ਸੂਤੀ ਕੱਪੜੇ ਤੇ ਕੀ ਅਸਰ ਹੁੰਦਾ ਹੈ?*

7. ਸੂਤੀ ਕੱਪੜੇ ਨੂੰ ਹਮੇਸ਼ਾ ਸੁਕਾ ਕੇ ਹੀ ਕਿਉਂ ਸੰਭਾਲਣਾ ਚਾਹੀਦਾ ਹੈ ?
8. ਲਿਨਨ ਦਾ ਕੱਪੜਾ ਕਿਸ ਮੌਸਮ ਵਿੱਚ ਪਹਿਨਣ ਦੇ ਕੰਮ ਆਉਂਦਾ ਹੈ ਅਤੇ ਕਿਉਂ ?
9. ਗਰਮੀ ਦਾ ਉੱਨ ਤੇ ਕੀ ਅਸਰ ਹੁੰਦਾ ਹੈ ?
10. ਪਾਣੀ ਦਾ ਉੱਨ ਤੇ ਕੀ ਅਸਰ ਹੁੰਦਾ ਹੈ ?
11. ਰਗੜ ਦਾ ਉੱਨ ਤੇ ਕੀ ਅਸਰ ਹੁੰਦਾ ਹੈ ?
12. ਤੇਜ਼ਾਬ ਅਤੇ ਖਾਰ ਦਾ ਉੱਨ 'ਤੇ ਕੀ ਅਸਰ ਹੁੰਦਾ ਹੈ ?
13. ਉੱਨ ਦੇ ਕੱਪੜਿਆਂ ਨੂੰ ਸੰਭਾਲਣਾ ਆਸਾਨ ਹੈ ਜਾਂ ਮੁਸ਼ਕਿਲ ਅਤੇ ਕਿਉਂ ?
14. ਰੇਸ਼ਮ ਕਿੱਥੋਂ ਪ੍ਰਾਪਤ ਕੀਤਾ ਜਾਂਦਾ ਹੈ ? ਇਹਨਾਂ ਰੇਸ਼ਿਆਂ ਦੀ ਲੰਬਾਈ ਕਿੰਨੀ ਹੁੰਦੀ ਹੈ ?
15. ਰੇਸ਼ਮ ਦੀਆਂ ਵਿਸ਼ੇਸ਼ਤਾਈਆਂ ਕਿਸ ਨਾਲ ਮੇਲ ਖਾਂਦੀਆਂ ਹਨ ਅਤੇ ਕਿਉਂ ?
16. ਨਾਈਲੋਨ ਦੇ ਕੱਪੜੇ ਦੀ ਪ੍ਰਾਪਤੀ ਦਾ ਕੀ ਆਧਾਰ ਹੈ ?
17. ਗਰਮੀ ਦਾ ਨਾਈਲੋਨ ਤੇ ਕੀ ਅਸਰ ਪੈਂਦਾ ਹੈ ?
18. ਪਾਣੀ ਦਾ ਨਾਈਲੋਨ ਤੇ ਕੀ ਅਸਰ ਹੁੰਦਾ ਹੈ ?
19. ਰਗੜ ਦਾ ਨਾਈਲੋਨ ਤੇ ਕੀ ਅਸਰ ਹੁੰਦਾ ਹੈ ?
20. ਤੇਜ਼ਾਬ ਅਤੇ ਖਾਰ ਦਾ ਨਾਈਲੋਨ ਤੇ ਕੀ ਅਸਰ ਹੁੰਦਾ ਹੈ ?
21. ਨਾਈਲੋਨ ਦੇ ਕੱਪੜਿਆਂ ਨੂੰ ਸੰਭਾਲਣਾ ਅਸਾਨ ਹੈ ਜਾਂ ਮੁਸ਼ਕਿਲ ਅਤੇ ਕਿਉਂ ?
22. ਨਾਈਲੋਨ ਦੇ ਕੱਪੜੇ ਗਰਮੀ ਦੇ ਮੌਸਮ ਵਿੱਚ ਕਿਉਂ ਨਹੀਂ ਪਹਿਨੇ ਜਾਂਦੇ ?
23. ਪੌਲੀਐਸਟਰ ਤੋਂ ਕਿਹੜੇ ਮਿਸ਼ਰਤ ਰੇਸ਼ੇ ਬਣਾਏ ਜਾਂਦੇ ਹਨ ? ਕਿਸੇ ਦੋ ਬਾਰੇ ਦੱਸੋ।
24. ਆਰਲੋਨ ਅਤੇ ਕੈਸ਼ਮੀਲੋਨ ਵਿੱਚ ਕੀ ਸਮਾਨਤਾ ਹੈ ਅਤੇ ਇਸ ਤੋਂ ਕਿਹੋ ਜਿਹਾ ਕੱਪੜਾ ਬਣਾਇਆ ਜਾਂਦਾ ਹੈ ?
25. ਰੇਔਨ ਦੀਆਂ ਕੋਈ ਦੋ ਕਿਸਮਾਂ ਦੱਸੋ ?
26. ਧਾਤਾਂ ਤੋਂ ਪ੍ਰਾਪਤ ਹੋਣ ਵਾਲੇ ਰੇਸ਼ੇ ਕਿਹੜੇ ਹਨ ?

**ਛੋਟੇ ਉੱਤਰਾਂ ਵਾਲੇ ਪ੍ਰਸ਼ਨ—**

27. *ਸੂਤੀ ਕੱਪੜੇ ਤੋਂ ਕੀ ਭਾਵ ਹੈ? ਇਸ ਤੋਂ ਕਿਹੋ ਜਿਹੇ ਵਸਤਰ ਬਣਾਏ ਜਾਂਦੇ ਹਨ ਅਤੇ ਕਿਸ ਮੌਸਮ ਵਿੱਚ ਪਹਿਨੇ ਜਾਂਦੇ ਹਨ?*
28. *ਸੂਤੀ ਕੱਪੜੇ ਨੂੰ ਧੋਣਾ ਆਸਾਨ ਹੈ। ਕਿਉਂ?*
29. *ਸੂਤੀ ਕੱਪੜੇ ਨੂੰ ਗਰਮੀਆਂ ਦੀ ਰੁੱਤ ਵਿੱਚ ਪਹਿਨਣਾ ਪਸੰਦ ਕੀਤਾ ਜਾਂਦਾ ਹੈ। ਕਿਉਂ?*
30. *ਮਰਸੀਰਾਈਜੇਸ਼ਨ ਤੋਂ ਕੀ ਭਾਵ ਹੈ? ਕਿਸ ਕੱਪੜੇ ਲਈ ਵਰਤੀ ਜਾਂਦੀ ਹੈ ਅਤੇ ਕਿਉਂ?*
31. *ਲਿਨਨ ਦੀਆਂ ਖਾਸ ਵਿਸ਼ੇਸ਼ਤਾਈਆਂ ਕੀ ਹਨ?*
32. *ਊਨੀ ਕੱਪੜੇ ਦੀ ਪ੍ਰਾਪਤੀ ਦਾ ਆਧਾਰ ਕੀ ਹੈ? ਇਸ ਤੋਂ ਕਿਹੋ ਜਿਹੇ ਕੱਪੜੇ ਬਣਾਏ ਜਾਂਦੇ ਹਨ? ਕਿਸ ਮੌਸਮ ਵਿੱਚ ਪਹਿਨੇ ਜਾਂਦੇ ਹਨ ਅਤੇ ਕਿਉਂ?*
33. *ਊੱਨੀ ਕੱਪੜਿਆਂ ਨੂੰ ਧੋਣਾ ਅਤੇ ਸੰਭਾਲਣਾ ਮੁਸ਼ਕਿਲ ਹੈ ਕਿਉਂ?*
34. *ਰੇਸ਼ਮ ਕਿੱਥੋਂ ਪ੍ਰਾਪਤ ਹੁੰਦਾ ਹੈ ਅਤੇ ਕਿਹੋ ਜਿਹੇ ਕੱਪੜੇ ਬਣਾਏ ਜਾਂਦੇ ਹਨ?*
35. *ਸਿਲਕ ਨੂੰ ਕੱਪੜਿਆਂ ਦੀ ਰਾਣੀ ਕਿਉਂ ਕਿਹਾ ਜਾਂਦਾ ਹੈ?*
36. *ਨਾਈਲੋਨ ਤੋਂ ਕਿਹੋ ਜਿਹੇ ਕੱਪੜੇ ਬਣਾਏ ਜਾਂਦੇ ਹਨ? ਪਾਣੀ ਦਾ ਇਸ ਤੇ ਕੀ ਅਸਰ ਹੁੰਦਾ ਹੈ?*
37. *ਨਾਈਲੋਨ ਦੇ ਕੱਪੜੇ ਧੋਣੇ ਅਤੇ ਸੰਭਾਲਣੇ ਆਸਾਨ ਹਨ। ਕਿਉਂ?*
38. *ਪੌਲੀਐਸਟਰ ਤੋਂ ਕਿਹੜੇ ਮਿਸ਼ਰਤ ਰੇਸ਼ੇ ਬਣਾਏ ਜਾਂਦੇ ਹਨ ਅਤੇ ਕਿਉਂ?*
39. *ਰੇਔਨ ਦੇ ਕਿਹੋ ਜਿਹੇ ਕੱਪੜੇ ਬਣਾਏ ਜਾਂਦੇ ਹਨ ਅਤੇ ਇਹਨਾਂ ਦੇ ਗੁਣ ਕਿਹੜੇ ਕੱਪੜੇ ਨਾਲ ਮੇਲ ਖਾਂਦੇ ਹਨ ਅਤੇ ਕਿਉਂ?*

**ਨਿਬੰਧਾਤਮਕ ਪ੍ਰਸ਼ਨ—**

40. *ਸੂਤੀ ਕੱਪੜੇ ਦੀਆਂ ਕਿਹੜੀਆਂ-ਕਿਹੜੀਆਂ ਵਿਸ਼ੇਸ਼ਤਾਈਆਂ ਹਨ?*
41. *ਊਨੀ ਕੱਪੜੇ ਦੀਆਂ ਕਿਹੜੀਆਂ-ਕਿਹੜੀਆਂ ਵਿਸ਼ੇਸ਼ਤਾਈਆਂ ਹਨ?*
42. *ਮਨੁੱਖ ਦੁਆਰਾ ਬਣਾਏ ਰੇਸ਼ਿਆਂ ਤੋਂ ਤਿਆਰ ਕੱਪੜਿਆਂ ਦੀ ਵਰਤੋਂ ਉਹਨਾਂ ਦੇ ਕਿਹੜੇ ਗੁਣਾਂ ਕਰਕੇ ਵੱਧ ਰਹੀ ਹੈ?*

********

## ਪਾਠ 4

# ਕੱਪੜਿਆਂ ਦੀ ਚੋਣ

*ਗਰਮੀਆਂ ਵਿੱਚ ਕਈ ਵਾਰੀ ਜਦੋਂ ਅਸੀਂ ਬਾਜ਼ਾਰ ਤੋਂ ਘਰ ਪਰਤਦੇ ਹਾਂ ਤਾਂ ਸਭ ਤੋਂ ਪਹਿਲਾਂ ਆਪਣੇ ਵਸਤਰ ਬਦਲਦੇ ਹਾਂ ਅਤੇ ਅਜਿਹੇ ਕੱਪੜਿਆਂ ਦੀ ਭਾਲ ਕਰਦੇ ਹਾਂ ਜਿਹੜੇ ਸਰੀਰ ਲਈ ਸੁਖਾਵੇਂ ਹੋਣ। ਕੀ ਤੁਸੀਂ ਕਦੇ ਸੋਚਿਆ ਹੈ ਕਿ ਅਸੀਂ ਅਜਿਹਾ ਕਿਉਂ ਕਰਦੇ ਹਾਂ? ਇਸੇ ਤਰ੍ਹਾਂ ਹੀ ਖਾਸ ਮੌਕੇ ਲਈ ਖਾਸ ਕੱਪੜੇ ਪਹਿਨਣ ਦੀ ਕੋਸ਼ਿਸ਼ ਕਰਦੇ ਹਾਂ।*

*ਕੱਪੜਿਆਂ ਦੀਆਂ ਜ਼ਰੂਰਤਾਂ ਦੇਖਣ ਨੂੰ ਭਾਵੇਂ ਸਧਾਰਨ ਹੀ ਹਨ ਪ੍ਰੰਤੂ ਉਹਨਾਂ ਦੀ ਚੋਣ ਕਰਨੀ ਉਨ੍ਹੀ ਸਧਾਰਨ ਨਹੀਂ। ਕੱਪੜਿਆਂ ਦੀ ਚੋਣ ਕਰਨ ਸਮੇਂ ਕੁਝ ਅਜਿਹੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਣਾ ਪੈਂਦਾ ਹੈ ਜੋ ਕਿ ਖਰਚੇ ਹੋਏ ਹਰੇਕ ਪੈਸੇ ਦਾ ਤਸੱਲੀ ਪੂਰਵਕ ਜਵਾਬ ਦੇ ਸਕਣ। ਅਸਲ ਵਿੱਚ ਕੱਪੜਾ ਜਿਸ ਜ਼ਰੂਰਤ ਲਈ ਖਰੀਦਿਆ ਜਾਂਦਾ ਹੈ ਉਸ ਨੂੰ ਪੂਰਾ ਕਰਨਾ ਚਾਹੀਦਾ ਹੈ, ਜਿਸ ਵਿਅਕਤੀ ਲਈ ਖਰੀਦਿਆ ਜਾਂਦਾ ਹੈ ਉਸ ਨੂੰ ਮਾਨਸਿਕ ਖੁਸ਼ੀ ਅਤੇ ਸਰੀਰਕ ਆਰਾਮ ਮਿਲਣਾ ਚਾਹੀਦਾ ਹੈ ਆਦਿ।*

## ਕੱਪੜਿਆਂ ਦੀ ਚੋਣ ਤੇ ਅਸਰ ਪਾਉਣ ਵਾਲੇ ਕਾਰਕ

*ਬੇਸ਼ਕ ਕਿਸੇ ਵੀ ਉਮਰ ਲਈ ਵਸਤਰ ਬਣਾਉਣੇ ਹੋਣ, ਕੱਪੜਿਆਂ ਦੀ ਚੋਣ ਕਰਦੇ ਸਮੇਂ ਕੱਪੜੇ ਦੀ ਪਹਿਚਾਣ ਤੋਂ ਇਲਾਵਾ ਸਾਨੂੰ ਹੇਠ ਲਿਖੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਣਾ ਪਵੇਗਾ।*

1. **ਉਮਰ—***ਕੱਪੜਾ ਖਰੀਦਣ ਤੋਂ ਪਹਿਲਾਂ ਇਹ ਧਿਆਨ ਕਰਨਾ ਚਾਹੀਦਾ ਹੈ ਕਿ ਉਹ ਕਿਸ ਉਮਰ ਦੇ ਵਿਅਕਤੀ ਲਈ ਖਰੀਦਣਾ ਹੈ ਕਿਉਂਕਿ ਬੱਚਿਆਂ ਦੀਆਂ ਜ਼ਰੂਰਤਾਂ ਜਵਾਨਾਂ ਅਤੇ ਬਜ਼ੁਰਗਾਂ ਨਾਲੋਂ ਫਰਕ ਹੁੰਦੀਆਂ ਹਨ। ਕੱਪੜੇ ਦੀ ਕਿਸਮ, ਰੰਗ, ਨਮੂਨਾ ਅਤੇ ਆਕਾਰ ਵਿਅਕਤੀ ਦੀ ਉਮਰ ਮੁਤਾਬਕ ਵੱਖ-ਵੱਖ ਹੁੰਦੇ ਹਨ। ਜਿਵੇਂ ਕਿ ਹਲਕੇ ਰੰਗਾਂ ਵਾਲੇ ਨਰਮ ਕੱਪੜੇ ਛੋਟੇ ਬੱਚਿਆਂ ਅਤੇ ਬਜ਼ੁਰਗਾਂ ਲਈ ਠੀਕ ਰਹਿੰਦੇ ਹਨ। ਬੱਚਿਆਂ ਲਈ ਨਰਸਰੀ ਪ੍ਰਿੰਟ ਵੀ ਖਰੀਦੇ ਜਾ ਸਕਦੇ ਹਨ। ਲੇਕਿਨ ਕੱਪੜੇ ਦਾ ਆਕਾਰ ਬੱਚੇ ਲਈ ਵੱਡੇ ਨਾਲੋਂ ਘੱਟ ਹੋਵੇਗਾ। ਜਵਾਨ ਮੁੰਡੇ ਕੁੜੀਆਂ ਲਈ ਹਰੇਕ ਤਰ੍ਹਾਂ ਦੇ ਕੱਪੜੇ ਪ੍ਰਯੋਗ ਵਿੱਚ ਲਿਆਏ ਜਾ ਸਕਦੇ ਹਨ।*

2. **ਲਿੰਗ**—ਅੱਜ ਕੱਲ੍ਹ ਲੜਕੇ ਅਤੇ ਲੜਕੀਆਂ ਲਈ ਇੱਕੋ ਕਿਸਮ ਦੀਆਂ ਪੁਸ਼ਾਕਾਂ (Unisex dresses) ਫੈਸ਼ਨ ਵਿੱਚ ਪ੍ਰਚੱਲਿਤ ਹਨ ਜਿਵੇਂ ਕਿ ਪੈਂਟ, ਨਿੱਕਰ, ਬੁਸ਼ਰਟ, ਟੀਸ਼ਰਟ ਅਤੇ ਕਮੀਜ਼ ਆਦਿ ਦਾ ਪ੍ਰਯੋਗ ਸ਼ਹਿਰਾਂ ਵਿੱਚ ਲੜਕੇ ਤੇ ਲੜਕੀਆਂ ਦੋਨੋਂ ਹੀ ਕਰਨ ਲੱਗ ਪਏ ਹਨ। ਪਰ ਫਿਰ ਵੀ ਸਮਾਜ ਦੀਆਂ ਰੀਤੀਆਂ ਰਿਵਾਜ਼ਾਂ ਕਰਕੇ ਅਜੇ ਵੀ ਕਈ ਥਾਵਾਂ ਤੇ ਲੜਕੇ ਅਤੇ ਲੜਕੀਆਂ, ਆਦਮੀਆਂ ਅਤੇ ਔਰਤਾਂ ਦੀਆਂ ਪੁਸ਼ਾਕਾਂ ਵਿੱਚ ਫਰਕ ਪਾਇਆ ਜਾਂਦਾ ਹੈ। ਜਿਵੇਂ ਕਿ ਲੜਕੇ ਅਤੇ ਆਦਮੀ ਆਮ ਤੌਰ ਤੇ ਪੈਂਟ, ਪਜਾਮਾ, ਧੋਤੀ, ਨਿੱਕਰ, ਕਮੀਜ਼, ਬੁਸ਼ਰਟ, ਕੁਰਤਾ ਆਦਿ ਪਹਿਨਦੇ ਹਨ ਲੇਕਿਨ ਲੜਕੀਆਂ ਫਰਾਕ, ਕਮੀਜ਼, ਸਲਵਾਰ, ਸਕੱਰਟ, ਬਲਾਊਜ਼ ਅਤੇ ਹੋਰ ਅਨੇਕ ਤਰ੍ਹਾਂ ਦੀਆਂ ਪੁਸ਼ਾਕਾਂ ਵੱਖ-ਵੱਖ ਸਮਾਜਿਕ ਸਮੂਹਾਂ ਵਿੱਚ ਪਹਿਨਦੀਆਂ ਹਨ। ਛੋਟੇ ਬੱਚਿਆਂ ਲਈ ਪੁਸ਼ਾਕ ਵਿੱਚ ਭਾਵੇਂ ਖਾਸ ਫਰਕ ਨਹੀਂ ਹੁੰਦਾ ਪ੍ਰੰਤੂ ਇਹ ਜ਼ਰੂਰੀ ਨਹੀਂ ਕਿ ਹਰੇਕ ਉਮਰ ਦੇ ਬੱਚੇ, ਜਵਾਨ ਅਤੇ ਬਜ਼ੁਰਗ ਅਜਿਹੇ ਪਹਿਰਾਵਿਆਂ ਦਾ ਪ੍ਰਯੋਗ ਕਰ ਸਕਣ। ਇਸ ਲਈ ਕੱਪੜੇ ਦੀ ਚੋਣ ਕਰਨ ਤੋਂ ਪਹਿਲਾਂ ਇਹ ਦੇਖ ਲੈਣਾ ਚਾਹੀਦਾ ਹੈ ਕਿ ਪੁਸ਼ਾਕ ਕਿਸ ਲਈ ਅਤੇ ਕਿਸ ਤਰ੍ਹਾਂ ਦੀ ਬਣਾਉਣੀ ਹੈ।

3. **ਸਰੀਰ ਦੀ ਬਣਾਵਟ**—ਕੱਪੜਾ ਸਰੀਰ ਦੀ ਬਣਤਰ ਅਨੁਸਾਰ ਪਾਉਣਾ ਚਾਹੀਦਾ ਹੈ। ਹਰ ਇੱਕ ਦੇ ਸਰੀਰ ਦੀ ਬਣਾਵਟ ਅੱਡ-ਅੱਡ ਹੁੰਦੀ ਹੈ ਪਰ ਹਰ ਕੋਈ ਚਾਹੁੰਦਾ ਹੈ ਕਿ ਜਿਹੜਾ ਕੱਪੜਾ ਉਹ ਪਾਏ, ਉਸ ਦੇ ਸਰੀਰ ਤੇ ਸੋਹਣਾ ਲੱਗੇ। ਜਿਵੇਂ ਕਿ, ਕੋਈ ਮੋਟਾ ਹੈ ਤਾਂ ਉਹ ਅਜਿਹੇ ਕੱਪੜੇ ਪਾਏ ਜਿਸ ਨਾਲ ਘੱਟ ਮੋਟਾ ਲੱਗੇ। ਜੇਕਰ ਪਤਲਾ ਹੈ ਤਾਂ ਅਜਿਹੇ ਕੱਪੜੇ ਪਾਏ ਜਿਸ ਨਾਲ ਉਹ ਘੱਟ ਪਤਲਾ ਲੱਗੇ। ਸਰੀਰ ਦੀ ਬਣਾਵਟ ਤਾਂ ਉਹ ਹੀ ਰਹਿੰਦੀ ਹੈ ਪਰ ਕੱਪੜਿਆਂ ਦੇ ਤਰੀਕੇ ਨਾਲ ਉਹ ਸੋਹਣਾ ਲੱਗ ਸਕਦਾ ਹੈ। ਪਤਲੇ ਅਤੇ ਲੰਬੇ ਮਨੁੱਖ ਨੂੰ ਚੌੜਾਈ ਵੱਲ ਦੀਆਂ ਲਾਈਨਾਂ ਅਤੇ ਮੋਟੇ ਪ੍ਰਿੰਟ ਵਾਲੇ ਕੱਪੜੇ ਪਾਉਣੇ ਚਾਹੀਦੇ ਹਨ ਅਤੇ ਉਸ ਨੂੰ ਰੰਗ ਵੀ ਗੂੜ੍ਹੇ ਪਾਉਣੇ ਚਾਹੀਦੇ ਹਨ ਜਦੋਂ ਕਿ ਛੋਟੇ ਕੱਦ ਵਾਲੇ ਅਤੇ ਮੋਟੇ ਵਿਅਕਤੀ ਨੂੰ ਇਸ ਦੇ ਬਿਲਕੁਲ ਉਲਟ ਕੱਪੜੇ ਪਾਉਣ ਦੀ ਲੋੜ ਹੁੰਦੀ ਹੈ ਤਾਂ ਕਿ ਉਹ ਦੇਖਣ ਵਾਲੇ ਨੂੰ ਸੋਹਣਾ ਲੱਗੇ। ਛੋਟੇ ਕੱਦ ਵਾਲੇ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਉਹ ਅੱਡ-ਅੱਡ ਰੰਗਾਂ ਦੇ ਕੱਪੜੇ ਨਾ ਪਾਏ ਜਿਵੇਂ ਸਾੜ੍ਹੀ ਅਤੇ ਬਲਾਊਜ਼ ਜਾਂ ਸਲਵਾਰ ਅਤੇ ਕਮੀਜ਼ ਦੋਵੇਂ ਵੱਖ-ਵੱਖ ਰੰਗ ਦੇ ਨਹੀਂ ਹੋਣੇ ਚਾਹੀਦੇ। ਇਸ ਤਰ੍ਹਾਂ ਕਰਨ ਨਾਲ ਉਹ ਹੋਰ ਵੀ ਛੋਟੇ ਕੱਦ ਦਾ ਲੱਗੇਗਾ ਜਦੋਂ ਕਿ ਲੰਬੇ ਕੱਦ ਵਾਲਿਆਂ ਨੂੰ ਇਸ ਤਰ੍ਹਾਂ ਦੇ ਕੱਪੜੇ ਪਾ ਲੈਣੇ ਯੋਗ ਅਤੇ ਢੁੱਕਵੇਂ ਸਿੱਧ ਹੋਣਗੇ।

4. ਚਮੜੀ ਦਾ ਰੰਗ—ਬੇਸ਼ਕ ਚਮੜੀ ਦਾ ਰੰਗ ਕੱਪੜਿਆਂ ਦੀ ਚੋਣ ਵਿੱਚ ਉੱਨੀ ਮਹੱਤਤਾ ਨਹੀਂ ਰੱਖਦਾ ਜਿੰਨੀ ਕਿ ਦੂਸਰੇ ਕਾਰਕ ਰੱਖਦੇ ਹਨ। ਪਰ ਫਿਰ ਵੀ ਇਹ ਦੇਖਿਆ ਗਿਆ ਹੈ ਕਿ ਕਈ ਕੱਪੜਿਆਂ ਦਾ ਰੰਗ, ਨਮੂਨਾ ਅਤੇ ਬਣਤਰ

*ਚਮੜੀ ਦੇ ਰੰਗ ਨੂੰ ਹੋਰ ਵੀ ਨਿਖਾਰ ਦਿੰਦਾ ਹੈ। ਇਸ ਦੇ ਉਲਟ ਕਈ ਰੰਗ ਅਤੇ ਨਮੂਨੇ ਅਜਿਹੇ ਹੁੰਦੇ ਹਨ ਜਿਹੜੇ ਸਰੀਰਕ ਖ਼ੂਬਸੂਰਤੀ ਨੂੰ ਘਟਾ ਦਿੰਦੇ ਹਨ ਜਿਵੇਂ ਸਾਂਵਲੇ ਰੰਗ ਦੀ ਚਮੜੀ ਵਾਲੇ ਵਿਅਕਤੀ ਨੇ ਜੇਕਰ ਕਾਲੇ, ਗੂੜ੍ਹੇ ਨੀਲੇ, ਜਾਮਣੀ ਜਾਂ ਲਾਲ ਰੰਗ ਦੇ ਕੱਪੜੇ ਪਾਏ ਹੋਣ ਤਾਂ ਉਸ ਦਾ ਰੰਗ ਹੋਰ ਵੀ ਭੱਦਾ ਲੱਗਦਾ ਹੈ। ਲੇਕਿਨ ਇਹਨਾਂ ਦੀ ਥਾਂ ਜੇਕਰ ਉਸਨੇ ਹਲਕਾ ਨੀਲਾ, ਹਰਾ, ਫਿਰੋਜ਼ੀ, ਗੁਲਾਬੀ, ਬਦਾਮੀ ਅਤੇ ਮੋਤੀਆ ਰੰਗ ਦੇ ਕੱਪੜੇ ਪਾਏ ਹੋਣ ਤਾਂ ਉਸ ਦੇ ਸਾਂਵਲੇ ਰੰਗ ਵਿੱਚ ਵੀ ਨਿਖਾਰ ਆ ਜਾਂਦਾ ਹੈ। ਗੋਰੇ ਰੰਗ ਦੀ ਚਮੜੀ ਵਾਲੇ ਵਿਅਕਤੀਆਂ ਲਈ ਰੰਗਾਂ ਅਤੇ ਨਮੂਨਿਆਂ ਦੀ ਚੋਣ ਕਰਨੀ ਆਸਾਨ ਹੁੰਦੀ ਹੈ ਕਿਉਂਕਿ ਉਹਨਾਂ ਦੀ ਚਮੜੀ ਦੇ ਰੰਗ ਤੇ ਆਮ ਤੌਰ ਤੇ ਹਲਕੇ ਅਤੇ ਗੂੜ੍ਹੇ ਸਾਰੇ ਰੰਗ ਫੱਬ ਜਾਂਦੇ ਹਨ।*

5. **ਭੂਗੋਲਿਕ ਸਥਿਤੀ**—*ਭੂਗੋਲਿਕ ਸਥਿਤੀ ਯਾਨਿ ਕਿ ਜਿਸ ਸਥਾਨ ਤੇ ਰਹਿੰਦੇ ਹੋਵੋ, ਵੀ ਕੱਪੜਿਆਂ ਦੀ ਚੋਣ ਤੇ ਕਾਫ਼ੀ ਅਸਰ ਕਰਦੀ ਹੈ। ਜਿਵੇਂ ਗਰਮ ਪੌਣ-ਪਾਣੀ ਵਾਲੇ ਦੇਸ਼ਾਂ ਦੇ ਵਾਸੀਆਂ ਦੇ ਕੱਪੜਿਆਂ ਦੀ ਚੋਣ, ਸਰਦ ਪੌਣ-ਪਾਣੀ ਵਾਲੇ ਇਲਾਕਿਆਂ ਨਾਲੋਂ ਕਾਫ਼ੀ ਫਰਕ ਹੁੰਦੀ ਹੈ। ਗਰਮ ਦੇਸ਼ਾਂ ਲਈ ਕੱਪੜੇ ਪਤਲੇ, ਮੁਲਾਇਮ, ਪਸੀਨਾ ਸੋਖਣ ਵਾਲੇ, ਠੰਢਕ ਪਹੁੰਚਾਉਣ ਵਾਲੇ ਅਤੇ ਹਲਕੇ ਰੰਗਾਂ ਵਿੱਚ ਹੋਣਗੇ। ਇਹ ਕੱਪੜੇ ਆਮ ਤੌਰ ਤੇ ਸੂਤੀ, ਲਿਨਨ ਆਦਿ ਰੇਸ਼ਿਆਂ ਤੋਂ ਬਣੇ ਹੋਣੇ ਚਾਹੀਦੇ ਹਨ। ਲੇਕਿਨ ਸਰਦ ਇਲਾਕਿਆਂ ਦੇ ਕੱਪੜੇ ਮੋਟੇ ਨਿੱਘੇ ਅਤੇ ਗੂੜ੍ਹੇ ਰੰਗਾਂ ਵਿੱਚ ਹੋਣਗੇ। ਇਹ ਫਰ, ਊਨੀ ਅਤੇ ਬਣਾਉਟੀ ਰੇਸ਼ਿਆਂ ਤੋਂ ਬਣੇ ਹੋ ਸਕਦੇ ਹਨ। ਇਸ ਲਈ ਕੱਪੜੇ ਖਰੀਦਣ ਤੋਂ ਪਹਿਲਾਂ ਸਥਾਨ ਭੂਗੋਲਿਕ ਸਥਿਤੀ ਦਾ ਅੰਦਾਜ਼ਾ ਲਗਾ ਲੈਣਾ ਚਾਹੀਦਾ ਹੈ।*

6. **ਰੁੱਤ**—*ਭੂਗੋਲਿਕ ਸਥਿਤੀ ਚਾਹੇ ਕੋਈ ਵੀ ਹੋਵੇ ਲੇਕਿਨ ਹਰ ਥਾਂ ਤੇ ਰੁੱਤਾਂ ਬਦਲ-ਬਦਲ ਕੇ ਆਉਂਦੀਆਂ ਹਨ ਜਿਵੇਂ ਕਿ ਗਰਮੀ, ਸਰਦੀ, ਬਰਸਾਤ ਅਤੇ ਬਸੰਤ ਰੁੱਤ ਆਦਿ। ਲੇਕਿਨ ਸਰਦ ਇਲਾਕੇ ਦੀ ਸਰਦੀ, ਗਰਮ ਇਲਾਕੇ ਦੀ ਸਰਦੀ ਨਾਲੋਂ ਫਰਕ ਹੁੰਦੀ ਹੈ। ਇਸੇ ਤਰ੍ਹਾਂ ਹੀ ਗਰਮ ਇਲਾਕੇ ਦੀ ਗਰਮੀ, ਸਰਦ ਇਲਾਕੇ ਦੀ ਗਰਮੀ ਨਾਲੋਂ ਵੱਖ ਹੁੰਦੀ ਹੈ। ਵੱਖਰੀਆਂ-ਵੱਖਰੀਆਂ ਰੁੱਤਾਂ ਲਈ ਵੱਖ-ਵੱਖ ਕਿਸਮ ਦੇ ਕੱਪੜਿਆਂ ਦੀ ਚੋਣ ਕਰਨੀ ਪੈਂਦੀ ਹੈ ਜਿਵੇਂ ਕਿ ਬਰਸਾਤ ਵਾਸਤੇ ਬਣਾਉਟੀ ਰੇਸ਼ਿਆਂ ਤੋਂ ਬਣੇ ਕੱਪੜੇ ਠੀਕ ਰਹਿੰਦੇ ਹਨ ਜਿਹੜੇ ਜਲਦੀ ਸੁੱਕ ਜਾਂਦੇ ਹਨ ਅਤੇ ਇਹਨਾਂ ਨੂੰ ਪ੍ਰੈੱਸ ਕਰਨ ਦੀ ਵੀ ਬਹੁਤੀ ਲੋੜ ਨਹੀਂ ਪੈਂਦੀ। ਸੂਤੀ ਕੱਪੜੇ ਆਪਣੇ ਗੁਣਾਂ ਕਾਰਨ ਗਰਮੀਆਂ ਲਈ ਸਭ ਤੋਂ ਵੱਧ ਆਰਾਮਦਾਇਕ ਹੁੰਦੇ ਹਨ। ਗਰਮੀਆਂ ਵਿੱਚ ਲਿਨਨ ਦੇ ਕੱਪੜੇ ਵੀ ਠੀਕ ਰਹਿੰਦੇ ਹਨ। ਊਨੀ ਕੱਪੜੇ ਸਿਰਫ਼ ਸਰਦੀਆਂ ਵਿੱਚ ਹੀ ਪਹਿਨੇ ਜਾਂਦੇ ਹਨ। ਸਿਲਕ ਅਤੇ ਬਣਾਉਟੀ ਕੱਪੜਿਆਂ ਨੂੰ ਵੀ ਸਰਦੀਆਂ ਵਿੱਚ ਪਹਿਨਣ ਦੀ ਹੀ ਤਰਜੀਹ ਦਿੱਤੀ ਜਾਂਦੀ ਹੈ।*

*ਕੱਪੜੇ ਦੇ ਰੰਗਾਂ ਦਾ ਵੀ ਮੌਸਮ ਤੇ ਅਸਰ ਪੈਂਦਾ ਹੈ। ਇਸ ਲਈ ਨੀਲਾ, ਹਰਾ ਅਤੇ ਸਫ਼ੈਦ ਠੰਢੇ ਰੰਗਾਂ ਨੂੰ ਗਰਮੀਆਂ ਲਈ ਅਤੇ ਲਾਲ, ਪੀਲਾ ਅਤੇ ਸੰਤਰੀ ਜੋ ਕਿ ਗਰਮ ਰੰਗ ਹਨ ਨੂੰ ਸਰਦੀਆਂ ਲਈ ਚੁਣਿਆ ਜਾਂਦਾ ਹੈ।*

**7. ਵੱਖ-ਵੱਖ ਰੁਝੇਵੇਂ**—*ਵੱਖ-ਵੱਖ ਕੰਮਾਂ ਅਤੇ ਰੁਝੇਵਿਆਂ ਲਈ ਵੱਖ-ਵੱਖ ਕਿਸਮ ਦੀਆਂ ਪੁਸ਼ਾਕਾਂ ਦੀ ਜ਼ਰੂਰਤ ਪੈਂਦੀ ਹੈ। ਜਿਵੇਂ ਬੱਚੇ ਦੇ ਸਕੂਲ ਜਾਣ ਲਈ, ਘਰ ਪਹਿਨਣ ਲਈ, ਖੇਡਣ ਅਤੇ ਸੌਣ ਲਈ ਅਲੱਗ-ਅਲੱਗ ਕੱਪੜੇ ਹੁੰਦੇ ਹਨ। ਇਸੇ ਤਰ੍ਹਾਂ ਵੱਡੇ ਵਿਅਕਤੀਆਂ ਲਈ, ਨੌਕਰੀ-ਪੇਸ਼ੇ ਲਈ, ਘਰ ਪਹਿਨਣ ਅਤੇ ਸੌਣ ਵਾਸਤੇ ਅਲੱਗ ਅਲੱਗ ਪੁਸ਼ਾਕਾਂ ਚਾਹੀਦੀਆਂ ਹੁੰਦੀਆਂ ਹਨ। ਬਾਹਰ ਪਹਿਨਣ ਵਾਲੇ ਕੱਪੜੇ ਵਧੀਆ ਕਿਸਮ ਦੇ ਕੱਪੜਿਆਂ ਤੋਂ ਬਣੇ ਹੁੰਦੇ ਹਨ ਜਦ ਕਿ ਘਰ ਪਹਿਨਣ ਵਾਲੇ ਦਰਮਿਆਨੇ ਕਿਸਮ ਦੇ ਕੱਪੜੇ ਤੋਂ ਬਣੇ ਹੁੰਦੇ ਹਨ। ਖੇਡਣ ਵਾਸਤੇ ਮਜ਼ਬੂਤ ਅਤੇ ਖੁੱਲ੍ਹੀ ਪੁਸ਼ਾਕ ਚਾਹੀਦੀ ਹੈ ਜਿਸ ਨਾਲ ਖੇਡਣ ਸਮੇਂ ਵਿਅਕਤੀ ਦੇ ਸਾਰੇ ਅੰਗ ਫੁਰਤੀਲੇ ਰਹਿ ਸਕਣ। ਰਾਤ ਨੂੰ ਪਹਿਨਣ ਵਾਸਤੇ ਸਧਾਰਨ, ਮੁਲਾਇਮ ਅਤੇ ਖੁੱਲ੍ਹੇ ਕੱਪੜੇ ਚਾਹੀਦੇ ਹਨ। ਸਫ਼ਰ ਕਰਨ ਵਾਸਤੇ ਸਧਾਰਨ ਲੇਕਿਨ ਆਰਾਮਦਾਇਕ, ਖੁੱਲ੍ਹੇ ਅਤੇ ਗੂੜ੍ਹੇ ਨੀਲੇ ਰੰਗਾਂ ਦੇ ਕੱਪੜੇ ਠੀਕ ਰਹਿੰਦੇ ਹਨ ਤਾਂ ਕਿ ਸਫ਼ਰ ਦੌਰਾਨ ਕੱਪੜੇ ਗੰਦੇ ਹੋ ਕੇ ਭੱਦੇ ਨਾ ਲੱਗਣ।*

**8. ਮੌਕਾ, ਅਵਸਰ ਜਾਂ ਤਿਉਹਾਰ**—*ਵਸਤਰਾਂ ਦਾ ਚੁਣਾਵ ਮੌਕੇ ਅਨੁਸਾਰ ਤਬਦੀਲ ਹੋ ਜਾਂਦਾ ਹੈ ਕਿਉਂਕਿ ਰੋਜ਼ਾਨਾ ਜ਼ਰੂਰਤ ਨੂੰ ਪੂਰਾ ਕਰਨ ਲਈ ਜੋ ਕੱਪੜਾ ਚਾਹੀਦਾ ਹੈ ਉਹ ਵਿਆਹ, ਸ਼ਾਦੀ ਜਾਂ ਪਾਰਟੀ ਲਈ ਠੀਕ ਨਹੀਂ ਰਹਿੰਦੇ। ਹਰੇਕ ਸਮਾਜਿਕ ਸਮੂਹ ਦੇ ਆਪਣੇ ਤਿਉਹਾਰ ਅਤੇ ਦਿਨ ਹੁੰਦੇ ਹਨ ਜਿਹਨਾਂ ਵਿੱਚ ਵੱਡੇ-ਛੋਟੇ ਸਭ ਵਿਅਕਤੀ ਚੰਗੀ ਤਰ੍ਹਾਂ ਤਿਆਰ ਹੋ ਕੇ ਸ਼ਾਮਲ ਹੁੰਦੇ ਹਨ। ਪੰਜਾਬ ਦੇ ਤਿਉਹਾਰ ਤਾਂ ਖਾਸ ਕਰਕੇ ਕਾਫੀ ਦਿਲ ਖਿੱਚਵੇਂ ਅਤੇ ਉਤਸ਼ਾਹ ਵਾਲੇ ਹੁੰਦੇ ਹਨ। ਵਿਸਾਖੀ, ਲੋਹੜੀ, ਬਸੰਤ ਪੰਚਮੀ, ਦਿਵਾਲੀ, ਦੁਸਹਿਰਾ ਅਤੇ ਗੁਰਪੁਰਬ ਕਾਫ਼ੀ ਮਸ਼ਹੂਰ ਹਨ। ਇਨ੍ਹਾਂ ਤੋਂ ਇਲਾਵਾ ਜਨਮ-ਦਿਨ, ਵਿਆਹ ਅਤੇ ਸਮਾਜਿਕ ਇਕੱਠ ਭਾਰਤ ਵਿੱਚ ਕਾਫੀ ਮਹੱਤਤਾ ਰੱਖਦੇ ਹਨ। ਇਹਨਾਂ ਮੌਕਿਆਂ ਤੇ ਪਹਿਨੀਆਂ ਹੋਈਆਂ ਪੁਸ਼ਾਕਾਂ ਰੋਜ਼ਾਨਾ ਦੀਆਂ ਪਹਿਨਣ ਵਾਲੀਆਂ ਸਾਧਾਰਨ ਪੁਸ਼ਾਕਾਂ ਨਾਲੋਂ ਕੀਮਤੀ, ਚਮਕੀਲੀਆਂ, ਵਧੀਆ ਨਮੂਨਿਆਂ ਅਤੇ ਦਿਲ ਖਿੱਚਵੇਂ ਰੰਗਾਂ ਵਿੱਚ ਬਣਾਈਆਂ ਜਾਂਦੀਆਂ ਹਨ। ਇਹ ਤਿਉਹਾਰ ਅਤੇ ਵੱਡੇ ਦਿਨ ਕਦੀ-ਕਦੀ ਆਉਂਦੇ ਹਨ ਇਸ ਕਰਕੇ ਖੁੱਲ੍ਹਾ ਖਰਚ ਕਰਕੇ ਕੱਪੜੇ ਬਣਾਏ ਜਾਂਦੇ ਹਨ।*

**9. ਸਮਾਜਿਕ ਅਤੇ ਧਾਰਮਿਕ ਰਿਵਾਜ਼**—*ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ ਉਸ ਦੀਆਂ ਆਦਤਾਂ, ਪਹਿਰਾਵਾ ਅਤੇ ਰਹਿਣ ਦੇ ਤੌਰ ਤਰੀਕਿਆਂ ਦਾ ਸਮਾਜ ਤੇ ਕਾਫ਼ੀ ਪ੍ਰਭਾਵ ਹੈ। ਹਰ ਇੱਕ ਸਮਾਜਿਕ ਸਮੂਹ ਦੇ ਆਪਣੇ ਕੁਝ ਅਸੂਲ ਹੁੰਦੇ ਹਨ ਹਰ ਮਨੁੱਖ ਨੂੰ ਜਿਹਨਾਂ ਤੇ ਚੱਲਣਾ ਪੈਂਦਾ ਹੈ ਜਿਵੇਂ ਧਾਰਮਿਕ ਅਸਥਾਨਾਂ ਤੇ ਜਾਣ ਸਮੇਂ*

*ਆਮ ਤੌਰ ਤੇ ਸਿਰ ਢੱਕ ਕੇ ਜਾਣਾ ਪੈਂਦਾ ਹੈ ਅਤੇ ਸ਼ੋਕ ਸਥਾਨ ਤੇ ਜਾਣ ਲਈ ਸਫ਼ੈਦ ਜਾਂ ਹਲਕੇ ਰੰਗ ਦੀ ਪੁਸ਼ਾਕ ਪਹਿਨ ਕੇ ਜਾਣਾ ਪੈਂਦਾ ਹੈ, ਪ੍ਰੰਤੂ ਇਸਾਈ ਲੋਕ ਕਾਲੇ ਰੰਗ ਦੀ ਹੀ ਪੁਸ਼ਾਕ ਪਹਿਨਦੇ ਹਨ। ਮੁਸਲਮਾਨ ਔਰਤਾਂ ਲਈ ਬੁਰਕਾ ਪਹਿਨਣਾ ਕਾਫ਼ੀ ਮਹੱਤਵਪੂਰਨ ਹੈ ਅਤੇ ਸਰਦਾਰ ਆਦਮੀਆਂ ਲਈ ਸਿਰ ਤੇ ਪਗੜੀ ਪਹਿਨਣਾ ਧਰਮ ਦੀ ਨਿਸ਼ਾਨੀ ਹੈ।*

10. **ਫੈਸ਼ਨ**—*ਅੱਜ ਦੇ ਜ਼ਮਾਨੇ ਵਿੱਚ ਵੱਧਦੀ ਵਿੱਦਿਆ, ਸੰਚਾਰ ਅਤੇ ਆਵਾਜਾਈ ਦੇ ਸਾਧਨਾਂ ਦੇ ਨਾਲ-ਨਾਲ ਫੈਸ਼ਨ ਦੀ ਮਹੱਤਤਾ ਵੀ ਬਹੁਤ ਵੱਧ ਗਈ ਹੈ। ਫੈਸ਼ਨ ਫੈਲਾਉਣ ਲਈ ਅਖਬਾਰਾਂ, ਮੈਗਜ਼ੀਨ, ਪਿਕਚਰਾਂ ਅਤੇ ਟੈਲੀਵਿਜ਼ਨ ਦਾ ਕਾਫ਼ੀ ਹੱਥ ਹੈ। ਫੈਸ਼ਨ ਕੱਪੜੇ ਪਹਿਨਣ ਦੀ ਉਹ ਕਲਾ ਹੈ ਜਿਹੜੀ ਵੱਖ-ਵੱਖ ਸਮਿਆਂ ਤੇ ਵੱਖ-ਵੱਖ ਸਮਾਜਿਕ ਵਰਗਾਂ ਤੇ ਵੱਖ-ਵੱਖ ਅਸਰ ਕਰਦੀ ਹੈ। ਇਹ ਉਹ ਤਬਦੀਲੀ ਹੈ ਜਿਹੜੀ ਕਿ ਕੁਝ ਸਮਾਂ ਰੁਕਣ ਤੋਂ ਬਾਅਦ ਪਹਿਰਾਵੇ ਵਿੱਚ ਨਵੀਂ ਤਬਦੀਲੀ ਲਿਆਉਂਦੀ ਹੈ। ਫੈਸ਼ਨ ਕਈ ਵਾਰ ਜ਼ਿਆਦਾ ਅਤੇ ਕਈ ਵਾਰ ਘੱਟ ਸਮੇਂ ਲਈ ਚੱਲਦਾ ਹੈ ਜਿਵੇਂ ਕਿ ਖੁੱਲ੍ਹੇ ਕੱਪੜਿਆਂ ਦਾ ਰਿਵਾਜ਼, ਜਿਸ ਨਾਲ ਖੁੱਲ੍ਹੀਆਂ ਪੈਂਟਾ, ਕਮੀਜ਼ਾਂ ਸਲਵਾਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ਅਤੇ ਕਈ ਵਾਰ ਤੰਗ ਕੱਪੜਿਆਂ ਦਾ ਰਿਵਾਜ ਆ ਜਾਂਦਾ ਹੈ। ਫੈਸ਼ਨ ਵਿੱਚ ਕੱਪੜਿਆਂ ਦੇ ਰੰਗ, ਨਮੂਨੇ ਅਤੇ ਕਿਸਮਾਂ ਵਿੱਚ ਵੀ ਫਰਕ ਆਉਂਦਾ ਹੈ। ਜਦੋਂ ਕਿਸੇ ਪ੍ਰਕਾਰ ਦੇ ਕੱਪੜੇ ਦਾ ਫੈਸ਼ਨ ਹੁੰਦਾ ਹੈ ਤਦ ਤਾਂ ਉਹ ਬਹੁਤ ਚੰਗੇ ਲੱਗਦੇ ਹਨ। ਪਰ ਜਦੋਂ ਫੈਸ਼ਨ ਨਹੀਂ ਰਹਿੰਦਾ ਤਾਂ ਉਹ ਭੱਦੇ ਲੱਗਦੇ ਹਨ। ਫੈਸ਼ਨ ਦਾ ਅਸਰ ਉੱਚ ਅਤੇ ਮੱਧ ਵਰਗ ਦੇ ਲੋਕਾਂ ਵਿੱਚ ਕਾਫ਼ੀ ਹੁੰਦਾ ਹੈ।*

11. **ਆਮਦਨ**—*ਆਪਣੀ ਆਮਦਨ ਦੇ ਹਿਸਾਬ ਨਾਲ ਹੀ ਬਜਟ ਵਿੱਚ ਕੱਪੜੇ ਲਈ ਪੈਸੇ ਰੱਖਣੇ ਚਾਹੀਦੇ ਹਨ ਅਤੇ ਉਸ ਮੁਤਾਬਕ ਹੀ ਖਰਚ ਕਰਨੇ ਚਾਹੀਦੇ ਹਨ ਜਿਵੇਂ ਕਿ ਕਿਹਾ ਗਿਆ ਹੈ ਕਿ ਚਾਦਰ ਦੇਖ ਕੇ ਪੈਰ ਪਸਾਰਨੇ ਚਾਹੀਦੇ ਹਨ। ਜੇਕਰ ਆਮਦਨ ਘੱਟ ਹੋਵੇ ਤਾਂ ਸਸਤਾ, ਚੰਗੇ ਰੰਗ ਅਤੇ ਪਰਿੰਟ ਵਾਲਾ ਲੇਕਿਨ ਹੰਢਣਸਾਰ ਕੱਪੜਾ ਖਰੀਦ ਕੇ ਗੁਜ਼ਾਰਾ ਕਰਨਾ ਚਾਹੀਦਾ ਹੈ। ਅਜਿਹੀ ਕਿਸਮ ਦੀ ਪੁਸ਼ਾਕ ਬਣਾਉਣੀ ਚਾਹੀਦੀ ਹੈ ਜਿਹੜੀ ਵੱਧ ਤੋਂ ਵੱਧ ਰੁਝੇਵਿਆਂ ਲਈ ਪਹਿਨੀ ਜਾ ਸਕਦੀ ਹੋਵੇ। ਲੇਕਿਨ ਕਈ ਵਾਰ ਬੱਚਿਆਂ ਦੇ ਸਕੂਲ ਦੀ ਯੂਨੀਫਾਰਮ ਬਣਾਉਣ ਸਮੇਂ ਜਾਂ ਤਿਉਹਾਰਾਂ ਸਮੇਂ ਕੱਪੜਿਆਂ ਉੱਤੇ ਜ਼ਰੂਰਤ ਤੋਂ ਜ਼ਿਆਦਾ ਖਰਚ ਹੋ ਜਾਂਦਾ ਹੈ। ਅਜਿਹੀ ਸਥਿਤੀ ਲਈ ਕੁਝ ਪੈਸੇ ਪਹਿਲਾਂ ਜੋੜ ਕੇ ਰੱਖ ਲੈਣੇ ਚਾਹੀਦੇ ਹਨ ਜਾਂ ਬਾਅਦ ਵਿੱਚ ਕੱਪੜਿਆਂ ਦੇ ਖਰਚ ਵਿੱਚ ਕਟੌਤੀ ਕਰ ਲੈਣੀ ਚਾਹੀਦੀ ਹੈ।*

12. **ਕੱਪੜੇ ਦੀ ਕਿਸਮ**—*ਕਿਸੇ ਵੀ ਮੌਸਮ, ਮੌਕੇ ਜਾਂ ਉਮਰ ਲਈ ਕੱਪੜਾ ਖਰੀਦਣਾ ਹੋਵੇ ਤਾਂ ਕੱਪੜੇ ਦੀ ਕਿਸਮ ਜਾਨਣਾ ਬਹੁਤ ਜ਼ਰੂਰੀ ਹੈ। ਬਾਜ਼ਾਰ ਵਿੱਚ ਸੂਤੀ, ਸਿਲਕ ਅਤੇ ਸਿੰਥੈਟਿਕ (ਬਣਾਉਟੀ) ਕਈ ਕਿਸਮ ਦੇ ਕੱਪੜੇ ਮਿਲਦੇ ਹਨ ਜਿਵੇਂ ਸੂਟਾਂ ਲਈ ਸੂਤੀ, ਰੁਬੀਆ, ਕੈਂਬਰਿਕ ਆਦਿ ਅਤੇ ਦੁਪੱਟੇ ਲਈ ਜਾਰਜ਼ਟ*

*ਸ਼ਿਫੋਨ ਆਦਿ। ਕੁਝ ਕੱਪੜੇ ਜ਼ਿਆਦਾ ਚਮਕਦੇ ਹਨ ਅਤੇ ਕੁਝ ਘੱਟ। ਪਿਛਲੇ ਅਧਿਆਇ ਵਿੱਚ ਕੱਪੜਿਆਂ ਦੀ ਪਹਿਚਾਣ ਬਾਰੇ ਤੁਸੀਂ ਖੋਲ ਕੇ ਪੜ੍ਹ ਚੁੱਕੇ ਹੋ। ਪਰ ਹਰ ਰੋਜ਼ ਦੀ ਜ਼ਿੰਦਗੀ ਵਿੱਚ ਜਿਹੜੇ ਕੱਪੜੇ ਧੋਣੇ, ਪ੍ਰੈੱਸ ਕਰਨੇ ਆਸਾਨ ਹੋਣ ਉਹਨਾਂ ਨੂੰ ਪਹਿਨਣ ਦੀ ਪਹਿਲ ਦਿੱਤੀ ਜਾਂਦੀ ਹੈ ਜਿਵੇਂ ਕਿ ਸੂਤੀ ਕੱਪੜਾ ਬਹੁਤ ਮਜ਼ਬੂਤ ਹੁੰਦਾ ਪਰ ਦੇਖਣ ਨੂੰ ਥੋੜਾ ਖੁਰਦਰਾ ਹੁੰਦਾ ਹੈ। ਲੇਕਿਨ ਮਰਸੇਰਾਈਜ਼ਡ ਸੂਤੀ ਕੱਪੜੇ ਤੇ ਖਾਰ ਦੀ ਪ੍ਰਕ੍ਰਿਆ ਕੀਤੀ ਜਾਂਦੀ ਹੈ ਜਿਸ ਨਾਲ ਉਹ ਚਮਕਦਾਰ ਅਤੇ ਹੋਰ ਮਜ਼ਬੂਤ ਹੋ ਜਾਂਦਾ ਹੈ। ਇਸ ਲਈ ਮਰਸੇਰਾਈਜ਼ਡ ਅਤੇ ਸੈਨਫਰੋਰਾਈਜ਼ਡ ਸੂਤੀ ਕੱਪੜਾ ਜ਼ਿਆਦਾ ਚੰਗਾ ਰਹਿੰਦਾ ਹੈ। ਤਾਪ ਦਾ ਸੁਚਾਲਕ ਹੋਣ ਕਰਕੇ ਇਸ ਨੂੰ ਗਰਮੀਆਂ ਵਿੱਚ ਪਹਿਨਿਆ ਜਾਂਦਾ ਹੈ। ਇਸ ਨੂੰ ਧੋਣਾ ਵੀ ਆਸਾਨ ਹੈ ਕਿਉਂਕਿ ਗਰਮ ਪਾਣੀ ਨਾਲ ਰਗੜ ਕੇ ਧੋਇਆ ਜਾ ਸਕਦਾ ਹੈ। ਗਰਮ ਪ੍ਰੈੱਸ ਨਾਲ ਪ੍ਰੈੱਸ ਵੀ ਕੀਤਾ ਜਾ ਸਕਦਾ ਹੈ ਅਤੇ ਸੰਭਾਲਣਾ ਵੀ ਆਸਾਨ ਹੈ ਲੇਕਿਨ ਜੇਕਰ ਸਿਲ੍ਹੇ ਕੱਪੜੇ ਸੰਭਾਲ ਦੇਈਏ ਤਾਂ ਉੱਲ੍ਹੀ ਲੱਗ ਸਕਦੀ ਹੈ ਅਤੇ ਸਿਲਵਰ ਫਿਸ਼ ਖਰਾਬ ਕਰ ਸਕਦੀ ਹੈ। ਸੂਤੀ ਰੇਸ਼ੇ ਵਿੱਚ ਅਸਲ ਵਿੱਚ ਇੰਨੇ ਗੁਣ ਹਨ ਕਿ ਇਹਨਾਂ ਨੂੰ ਰੇਸ਼ਿਆਂ ਦਾ ਸਿਰਤਾਜ ਕਿਹਾ ਜਾਂਦਾ ਹੈ।*

*ਸਿਲਕ ਨੂੰ ਇਸ ਦੀ ਚਮਕ, ਚਿਕਨਾਈ, ਮਜ਼ਬੂਤੀ ਅਤੇ ਸੁਹੱਪਣ ਕਰਕੇ ਕੱਪੜਿਆਂ ਦੀ ਰਾਣੀ ਕਿਹਾ ਜਾਂਦਾ ਹੈ। ਸਿਲਕ ਤਾਪ ਦੀ ਸੁਚਾਲਕ ਨਹੀਂ ਇਸ ਲਈ ਸਰਦੀਆਂ ਵਿੱਚ ਹੀ ਪਹਿਨਿਆ ਜਾਂਦਾ ਹੈ। ਗਰਮ ਪਾਣੀ ਵਿੱਚ ਧੋਣ ਜਾਂ ਧੁੱਪ ਵਿੱਚ ਸੁਕਾਉਣ ਅਤੇ ਜ਼ਿਆਦਾ ਗਰਮ ਪ੍ਰੈੱਸ ਨਾਲ ਕੱਪੜਾ ਕਮਜ਼ੋਰ ਪੈ ਜਾਂਦਾ ਹੈ ਅਤੇ ਰੰਗ ਖਰਾਬ ਹੋ ਜਾਂਦਾ ਹੈ। ਪਾਣੀ ਵਿੱਚ ਭਿਗੋਣ ਤੇ ਕੱਪੜਾ ਕਮਜ਼ੋਰ ਹੁੰਦਾ ਹੈ ਅਤੇ ਰਗੜ ਦਾ ਵੀ ਬੁਰਾ ਅਸਰ ਪੈਂਦਾ ਹੈ। ਭਿਗੋਣ ਉਪਰੰਤ ਤੇ ਕੱਪੜਾ ਫਟ ਸਕਦਾ ਹੈ। ਇਹਨਾਂ ਕੱਪੜਿਆਂ ਨੂੰ ਡਰਾਈਕਲੀਨ ਕਰਵਾਉਣਾ ਠੀਕ ਰਹਿੰਦਾ ਹੈ। ਸਿੱਲ੍ਹੇ ਕੱਪੜਿਆਂ ਨੂੰ ਪ੍ਰੈੱਸ ਕੀਤਾ ਜਾ ਸਕਦਾ ਹੈ ਅਤੇ ਸੰਭਾਲਣਾ ਆਸਾਨ ਹੈ।*

*ਸਰਦੀਆਂ ਲਈ ਉਨੀ ਕੱਪੜੇ ਹੀ ਚਾਹੀਦੇ ਹਨ ਲੇਕਿਨ ਇਹ ਰੇਸ਼ੇ ਵੀ ਖੁਰਦਰੇ ਹੀ ਹੁੰਦੇ ਹਨ। ਪਾਣੀ ਬਹੁਤ ਸੋਖਦੇ ਹਨ। ਰਗੜ ਦਬਾਅ, ਨਮੀ ਅਤੇ ਤਾਪ ਨਾਲ ਇਹ ਕੱਪੜੇ ਜੁੜ ਜਾਂਦੇ ਹਨ ਇਸ ਲਈ ਇਹਨਾਂ ਨੂੰ ਬਹੁਤ ਧਿਆਨ ਨਾਲ ਧੋਣਾ ਪੈਂਦਾ ਹੈ ਅਤੇ ਸੰਭਾਲਨਾ ਵੀ ਬਹੁਤ ਮੁਸ਼ਕਿਲ ਹੈ ਕਿਉਂਕਿ ਕੀੜਾ ਇਹਨਾਂ ਨੂੰ ਖਾ ਜਾਂਦਾ ਹੈ। ਪ੍ਰੈੱਸ ਵੀ ਉਪਰ ਮਲਮਲ ਦਾ ਸਿਲ੍ਹਾ ਕੱਪੜਾ ਰੱਖ ਕੇ ਕੀਤੀ ਜਾਂਦੀ ਹੈ।*

*ਦੈਨਿਕ ਜ਼ਿੰਦਗੀ ਵਿੱਚ ਸਿੰਥੈਟਿਕ (ਬਣਾਉਟੀ) ਰੇਸ਼ਿਆਂ ਤੋਂ ਬਣੇ ਕੱਪੜੇ ਸਭ ਤੋਂ ਵੱਧ ਪ੍ਰਚੱਲਿਤ ਹੋ ਰਹੇ ਹਨ ਕਿਉਂਕਿ ਇਹ ਮਜ਼ਬੂਤ, ਹੰਢਣਸਾਰ, ਧੋਣੇ, ਪ੍ਰੈੱਸ ਕਰਨੇ ਅਤੇ ਸੰਭਾਲਣੇ ਆਸਾਨ ਹਨ। ਇਹਨਾਂ ਦੇ ਰੰਗ ਖਰਾਬ ਨਹੀਂ ਹੁੰਦੇ ਲੇਕਿਨ ਪਸੀਨਾ ਨਾ ਸੋਖਣ ਕਾਰਨ ਗਰਮੀਆਂ ਲਈ ਸੁਖਦਾਇਕ ਨਹੀਂ ਹੁੰਦੇ। ਇਸ ਲਈ ਇਹ ਸਾਂਝੀ ਕਿਸਮ ਦੇ ਰੇਸ਼ੇ ਵਰਤ ਕੇ ਮਿਸ਼ਰਤ ਰੇਸ਼ੇ ਬਣਾਏ ਜਾਂਦੇ ਹਨ ਜਿਵੇਂ ਕਿ ਟੈਰੀਕਾਟ, ਪੌਲੀਵਸਤਰ, ਟੈਰੀਵੂਲ ਆਦਿ।*

*ਕਿਸੇ ਵੀ ਉਮਰ ਦੇ ਵਿਅਕਤੀ ਲਈ ਕੱਪੜੇ ਖਰੀਦਣੇ ਹੋਣ ਜੋ ਮੂਲ ਗੱਲਾਂ ਬਾਰੇ ਅਸੀਂ ਪੜ੍ਹ ਚੁੱਕੇ ਹਾਂ ਉਹਨਾਂ ਸਾਰੀਆਂ ਨੂੰ ਧਿਆਨ ਵਿੱਚ ਰੱਖ ਕੇ ਹੀ ਕੱਪੜੇ ਖਰੀਦਣੇ ਚਾਹੀਦੇ ਹਨ ਤਾਂ ਜੋ ਕੱਪੜਿਆਂ ਦੀ ਸਹੀ ਚੋਣ ਕਰ ਸਕੀਏ। ਘੋਖਣ ਉਪਰੰਤ ਹੀ ਅੱਛੀ ਕਿਸਮ ਦਾ ਕੱਪੜਾ ਖਰੀਦਿਆ ਜਾ ਸਕਦਾ ਹੈ ਅਤੇ ਉਹ ਆਪਣਾ ਮੁੱਲ ਮੋੜ ਹੀ ਦਿੰਦਾ ਹੈ ਸ਼ਾਇਦ ਇਸੇ ਲਈ ਹੀ ਕਿਹਾ ਜਾਂਦਾ ਹੈ।*

*ਸਸਤਾ ਰੋਵੇ ਬਾਰ ਬਾਰ।*
*ਮਹਿੰਗਾ ਰੋਵੇ ਇੱਕੋ ਬਾਰ॥*

## ਅਭਿਆਸ

**ਵਸਤੂਨਿਸ਼ਠ ਪ੍ਰਸ਼ਨ**

1. *ਕੱਪੜਿਆਂ ਦੀ ਚੋਣ ਤੇ ਅਸਰ ਪਾਉਣ ਵਾਲੇ ਦੋ ਕਾਰਨਾਂ ਬਾਰੇ ਦੱਸੋ।*
2. *ਮੌਸਮ ਬਦਲਣ ਨਾਲ ਕੱਪੜਿਆਂ ਦੀ ਚੋਣ ਤੇ ਕੀ ਅਸਰ ਪੈਂਦਾ ਹੈ?*
3. *ਵੱਖ-ਵੱਖ ਕਿਸਮ ਦੇ ਰੁਝੇਵੇਂ ਕੱਪੜੇ ਦੀ ਚੋਣ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ?*
4. *ਉਮਰ ਦਾ ਕੱਪੜਿਆਂ ਦੀ ਚੋਣ ਤੇ ਕੀ ਅਸਰ ਪੈਂਦਾ ਹੈ?*
5. *ਸਰੀਰਕ ਬਣਾਵਟ ਕੱਪੜਿਆਂ ਦੀ ਚੋਣ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ?*
6. *ਖੁਸ਼ੀ ਅਤੇ ਗਮੀ ਦੇ ਮੌਕਿਆਂ ਲਈ ਕੱਪੜਿਆਂ ਦੀ ਚੋਣ ਕਿਵੇਂ ਕੀਤੀ ਜਾਂਦੀ ਹੈ?*
7. *ਘੱਟ ਆਮਦਨ ਵਾਲੇ ਵਰਗ ਦੇ ਲੋਕਾਂ ਨੂੰ ਕੱਪੜਿਆਂ ਦੀ ਚੋਣ ਕਿਸ ਆਧਾਰ ਤੇ ਕਰਨੀ ਚਾਹੀਦੀ ਹੈ?*

**ਛੋਟੇ ਉੱਤਰਾਂ ਵਾਲੇ ਪ੍ਰਸ਼ਨ—**

8. *ਕੱਪੜੇ ਦੀ ਕਿਸਮ ਕੱਪੜਿਆਂ ਦੀ ਚੋਣ ਸਮੇਂ ਸਭ ਤੋਂ ਵੱਧ ਮਹੱਤਵਪੂਰਨ ਕਿਉਂ ਹੈ?*
9. *ਫੈਸ਼ਨ ਅਤੇ ਸਮਾਜਿਕ ਰਿਵਾਜ਼ ਕੱਪੜਿਆਂ ਦੀ ਚੋਣ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ?*
10. *ਭੂਗੋਲਿਕ ਸਥਿਤੀ ਅਤੇ ਮੌਸਮ ਕੱਪੜਿਆਂ ਦੀ ਚੋਣ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ?*
11. *ਵਿਅਕਤੀ ਦੀ ਚਮੜੀ ਦਾ ਰੰਗ, ਬਣਾਵਟ ਅਤੇ ਲਿੰਗ ਕੱਪੜਿਆਂ ਦੀ ਚੋਣ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ?*

**ਨਿਬੰਧਾਤਮਕ ਪ੍ਰਸ਼ਨ—**

12. *ਕੱਪੜਿਆਂ ਦੀ ਚੋਣ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ ਕਿਹੜੇ-ਕਿਹੜੇ ਹਨ?*

***********

ਪਾਠ 5


# ਡਿਜ਼ਾਇਨ ਦੇ ਮੂਲ ਅੰਸ਼ ਅਤੇ ਸਿਧਾਂਤ

*ਪੁਸ਼ਾਕ ਨੂੰ ਸੁੰਦਰ ਬਣਾਉਣਾ ਅਤੇ ਉਸ ਦੀ ਸਹੀ ਚੋਣ ਕਰਨਾ ਜਿੱਥੇ ਇੱਕ ਕਲਾ ਹੈ, ਉਸ ਦੇ ਨਾਲ-ਨਾਲ ਇੱਕ ਸਾਇੰਸ ਵੀ ਹੈ। ਕਿਸੇ ਵੀ ਡਿਜ਼ਾਇਨ ਜਾਂ ਨਮੂਨੇ ਨੂੰ ਬਣਾਉਣ ਲਈ ਕੁਝ ਮੂਲ ਅੰਸ਼ਾਂ ਅਤੇ ਸਿਧਾਂਤਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ਪ੍ਰੰਤੂ ਇਹਨਾਂ ਨੂੰ ਕਿਵੇਂ ਪ੍ਰਯੋਗ ਕਰਨਾ ਹੈ ਇਹ ਇਕ ਕਲਾ ਹੈ। ਚੰਗਾ ਡਿਜ਼ਾਇਨ ਬਣਾਉਣ ਲਈ ਇਸ ਦੇ ਮੂਲ ਅੰਸ਼ਾਂ ਦਾ ਗਿਆਨ ਹੋਣਾ ਜ਼ਰੂਰੀ ਹੈ।*

## ਡਿਜ਼ਾਇਨ (ਨਮੂਨੇ) ਦੇ ਮੂਲ ਅੰਸ਼

*ਇੱਕ ਵਧੀਆ ਨਮੂਨਾ ਬਣਾਉਣ ਲਈ ਉਸ ਦੇ ਮੂਲ ਅੰਸ਼ਾਂ ਦੀ ਜਾਣਕਾਰੀ ਹੋਣੀ ਚਾਹੀਦੀ ਹੈ ਜੋ ਕਿ ਹੇਠ ਲਿਖੇ ਅਨੁਸਾਰ ਹਨ।*

1. **ਰੇਖਾਵਾਂ**—*ਇਹਨਾਂ ਨੂੰ ਮਹੱਤਵਪੂਰਨ ਸਮਝਿਆ ਜਾਂਦਾ ਹੈ ਕਿਉਂਕਿ ਇਹ ਡਿਜ਼ਾਇਨ ਦਾ ਆਧਾਰ ਹੁੰਦੀਆਂ ਹਨ। ਕੁਝ ਰੇਖਾਵਾਂ ਜ਼ਿਆਦਾ ਉਭਰੀਆਂ ਹੁੰਦੀਆਂ ਹਨ ਅਤੇ ਨਮੂਨੇ ਨੂੰ ਮਹੱਤਵਪੂਰਨ ਬਣਾਉਂਦੀਆਂ ਹਨ। ਇਹ ਕਈ ਪ੍ਰਕਾਰ ਦੀਆਂ ਹੁੰਦੀਆਂ ਹਨ।*




ਚਿੱਤਰ 5.1 ਰੇਖਾਵਾਂ

(ੳ) **ਸਿੱਧੀਆਂ ਜਾਂ ਖੜ੍ਹਵੀਆਂ ਰੇਖਾਵਾਂ**—*ਇਹ ਨਮੂਨੇ ਵਿੱਚ ਉਪਰ ਤੋਂ ਨੀਚੇ ਵੱਲ ਨੂੰ ਲੰਬਾਈ ਦੀ ਦਿਸ਼ਾ ਵਿੱਚ ਹੁੰਦੀਆਂ ਹਨ। ਇਹ ਉਚਾਈ, ਸਾਦਗੀ ਅਤੇ ਦ੍ਰਿੜਤਾ ਦਾ ਅਹਿਸਾਸ ਦਵਾਉਂਦੀਆਂ ਹਨ। ਛੋਟੇ ਕੱਦ ਦੇ ਵਿਅਕਤੀ ਲਈ ਲੰਬੇ ਰੁਖ਼ ਵੱਲ ਰੇਖਾਵਾਂ ਉਸ ਦੇ ਕੱਦ ਵਧਾਉਣ ਦਾ ਪ੍ਰਗਟਾਵਾ ਕਰਦੀਆਂ ਹਨ। ਲੇਕਿਨ ਬਹੁਤ ਪਤਲੀਆਂ ਰੇਖਾਵਾਂ ਕੋਈ ਖਾਸ ਅਸਰ ਨਹੀਂ ਕਰਦੀਆਂ ਅਤੇ ਬਹੁਤ ਮੋਟੀਆਂ ਲੰਬੀਆਂ ਰੇਖਾਵਾਂ ਚੌੜਾਈ ਦਾ ਪ੍ਰਗਟਾਵਾ ਜ਼ਿਆਦਾ ਕਰਦੀਆਂ ਹਨ।*

(ਅ) **ਲੇਟਵੀਆਂ ਰੇਖਾਵਾਂ**—*ਇਹ ਸੱਜੇ ਤੋਂ ਖੱਬੇ ਜਾਂ ਖੱਬੇ ਤੋਂ ਸੱਜੇ ਵੱਲ ਬਣੀਆਂ ਹੁੰਦੀਆਂ ਹਨ। ਇਹ ਰੇਖਾਵਾਂ ਸ਼ਾਂਤੀ ਅਤੇ ਚੌੜਾਈ ਵਧਾਉਣ ਦਾ ਅਹਿਸਾਸ ਦਵਾਉਂਦੀਆਂ ਹਨ। ਜ਼ਿਆਦਾ ਪਤਲੇ ਸਰੀਰ ਵਾਲੇ ਵਿਅਕਤੀ ਨੂੰ ਲੇਟਵੀਆਂ ਰੇਖਾਵਾਂ ਵਾਲੇ ਨਮੂਨੇ ਦੀ ਚੋਣ ਕਰਨੀ ਚਾਹੀਦੀ ਹੈ। ਲੇਕਿਨ ਬਹੁਤ ਪਤਲੀਆਂ ਰੇਖਾਵਾਂ ਘੱਟ ਅਸਰ ਕਰਦੀਆਂ ਤੇ ਬਹੁਤ ਚੌੜੀਆਂ ਵੀ ਲੰਬਾਈ ਵੱਲ ਜ਼ਿਆਦਾ ਅਸਰ ਕਰਦੀਆਂ ਹਨ।*

(ੲ) **ਤਿਰਛੀਆਂ ਰੇਖਾਵਾਂ**—*ਇਹ ਨਮੂਨੇ ਦੇ ਇੱਕ ਪਾਸੇ (ਸੱਜੇ ਜਾਂ ਖੱਬੇ) ਤੋਂ ਦੂਸਰੇ ਪਾਸੇ (ਖੱਬੇ ਜਾਂ ਸੱਜੇ) ਵੱਲ ਜਾਂਦੀਆਂ ਹਨ। ਇਹ ਰੇਖਾਵਾਂ ਗਤੀ ਦਾ ਪ੍ਰਤੀਕ ਹਨ ਅਤੇ ਇਹਨਾਂ ਦਾ ਅਸਰ ਇਹਨਾਂ ਦੇ ਝੁਕਾਓ ਅਨੁਸਾਰ ਹੁੰਦਾ ਹੈ। ਜੇਕਰ ਲੰਬਾਈ ਵੱਲ ਦਿਸ਼ਾ ਜ਼ਿਆਦਾ ਹੋਵੇਗੀ ਤਾਂ ਲੰਬਾਈ ਵਧਾਉਂਦੀਆਂ ਹਨ ਅਤੇ ਜੇਕਰ ਚੌੜਾਈ ਵੱਲ ਦਿਸ਼ਾ ਜ਼ਿਆਦਾ ਹੋਵੇਗੀ ਤਾਂ ਚੌੜਾਈ ਵਧਾਉਂਦੀਆਂ ਪ੍ਰਤੀਤ ਹੁੰਦੀਆਂ ਹਨ। ਇਹਨਾਂ ਦਾ ਪ੍ਰਯੋਗ ਪੁਸ਼ਾਕ ਵਿੱਚ ਹਿਸਾਬ ਦਾ ਹੀ ਕਰਨਾ ਚਾਹੀਦਾ ਹੈ ਨਹੀਂ ਤਾਂ ਇਹ ਸੋਹਣੀਆਂ ਨਹੀਂ ਲੱਗਦੀਆਂ। ਇਹ ਅੱਖਾਂ ਦੀ ਗਤੀ ਨੂੰ ਜ਼ਰੂਰਤ ਤੋਂ ਜ਼ਿਆਦਾ ਵਧਾ ਕੇ ਮਨ ਨੂੰ ਅਸ਼ਾਂਤ ਕਰਦੀਆਂ ਹਨ।*

(ਸ) **ਗੋਲ ਰੇਖਾਵਾਂ**—*ਇਹਨਾਂ ਦਾ ਪ੍ਰਯੋਗ ਵੀ ਬਹੁਤ ਧਿਆਨ ਨਾਲ ਕਰਨਾ ਚਾਹੀਦਾ ਹੈ। ਘੱਟ ਗੋਲਾਈ ਵਾਲੀਆਂ ਰੇਖਾਵਾਂ ਸੁੰਦਰਤਾ ਵਧਾਉਂਦੀਆਂ ਹਨ ਅਤੇ ਨਮੂਨੇ ਵਿੱਚ ਨਾਜ਼ੁਕਤਾ ਲਿਆਉਂਦੀਆਂ ਹਨ ਜਦ ਕਿ ਜ਼ਿਆਦਾ ਗੋਲਾਈ ਵਾਲੀਆਂ ਰੇਖਾਵਾਂ ਚੰਗਾ ਪ੍ਰਭਾਵ ਨਹੀਂ ਪਾਉਂਦੀਆਂ ਕਿਉਂਕਿ ਅੱਖਾਂ ਦੀ ਗਤੀ ਉਸੇ ਥਾਂ ਤੇ ਹੀ ਘੁੰਮੀ ਜਾਵੇਗੀ।*


*ਪੁਸ਼ਾਕ ਦੀ ਸਿਲਾਈ ਦੇ ਨਮੂਨੇ ਜਾਂ ਕੱਪੜੇ ਦੇ ਪ੍ਰਿੰਟ ਵਿੱਚ ਇਹਨਾਂ ਸਾਰੀਆਂ ਰੇਖਾਵਾਂ ਦਾ ਪ੍ਰਯੋਗ ਕੀਤਾ ਜਾ ਸਕਦਾ ਹੈ। ਵੱਖ-ਵੱਖ ਰੰਗ ਦੇ ਫੀਤੇ, ਲੇਸ, ਬਟਨ, ਝਾਲਰਾਂ, ਪਲੀਟ, ਟੱਕਸ ਪਾ ਕੇ ਜਾਂ ਕਢਾਈ ਨਾਲ ਵੀ ਇਹਨਾਂ ਰੇਖਾਵਾਂ ਦਾ ਪ੍ਰਯੋਗ ਕੀਤਾ ਜਾ ਸਕਦਾ ਹੈ।*

2. **ਆਕਾਰ** — *ਰੇਖਾਵਾਂ ਨੂੰ ਮਿਲਾ ਕੇ ਹੀ ਨਮੂਨੇ ਦਾ ਆਕਾਰ ਬਣਦਾ ਹੈ। ਰੇਖਾਵਾਂ ਇਕ ਇਕਾਈ ਹਨ, ਇਕਾਈਆਂ ਨੂੰ ਜੋੜ ਕੇ ਉਸ ਨੂੰ ਨਮੂਨੇ ਦਾ ਆਕਾਰ ਅਤੇ ਰੂਪ ਦਿੱਤਾ ਜਾਂਦਾ ਹੈ। ਹਰ ਇੱਕ ਪੁਸ਼ਾਕ ਦਾ ਕੋਈ ਨਾ ਕੋਈ ਆਕਾਰ ਜਾਂ ਰੂਪ ਹੁੰਦਾ ਹੈ ਜਿਵੇਂ ਕਿ ਲੰਬੇ ਦਿੱਖ ਵਾਲੀ ਕਮੀਜ਼, ਜ਼ਿਆਦਾ ਘੇਰੇ ਵਾਲੀ ਕਮੀਜ਼, ਬੈੱਲ*

*ਸ਼ੇਪ ਦੀ ਸਕੱਰਟ ਜਾਂ ਪੈਂਟ ਆਦਿ। ਪਤਲੇ ਵਿਅਕਤੀ ਨੂੰ ਥੋੜ੍ਹੀ ਗੋਲਾਈ ਦੇ ਆਕਾਰ ਵਾਲੀਆਂ ਪੁਸ਼ਾਕਾਂ ਵੀ ਠੀਕ ਲੱਗਦੀਆਂ ਹਨ ਜਿਵੇਂ ਪੱਫ ਸ਼ੇਪ ਦੀ ਬਾਂਹ ਜਾਂ ਖੁੱਲ੍ਹੇ ਘੇਰੇ ਵਾਲੀ ਕਮੀਜ਼। ਮੋਟੇ ਵਿਅਕਤੀ ਲਈ ਸਿੱਧੇ ਆਕਾਰ ਵਾਲੀਆਂ ਪੁਸ਼ਾਕਾਂ ਠੀਕ ਰਹਿੰਦੀਆਂ ਹਨ।*

3. **ਬਨਾਵਟ (ਸਤਿਹ)**—*ਕੱਪੜੇ ਦੀ ਬਨਾਵਟ ਉਸ ਦੀ ਸਤਿਹ ਨੂੰ ਛੋਹ ਕੇ ਪਤਾ ਲੱਗ ਜਾਂਦਾ ਹੈ। ਪਤਲੇ, ਮਹੀਨ ਤੇ ਮੁਲਾਇਮ ਸਤਿਹ ਵਾਲੇ ਕੱਪੜੇ ਪਤਲੇਪਨ ਦਾ ਅਹਿਸਾਸ ਦਵਾਉਂਦੇ ਹਨ ਜਿਵੇਂ ਕਿ ਲੇਸ, ਮਲਮਲ, ਵਾਇਲ, ਰੂਬੀਆ, ਨਾਈਲੋਨ ਆਦਿ। ਪਰ ਖੁਰਦਰੇ, ਸਖਤ, ਅਕੜਾਅ ਵਾਲੇ ਅਤੇ ਮੋਟੇ ਕੱਪੜੇ ਮੋਟੇਪਨ ਦਾ ਅਹਿਸਾਸ ਪੈਦਾ ਕਰਦੇ ਹਨ ਜਿਵੇਂ ਕਿ ਖੱਦਰ, ਕੇਸਮੈਂਟ, ਸ਼ਨੀਲ, ਜੀਨ ਅਤੇ ਤੌਲੀਏ ਵਾਲਾ ਕੱਪੜਾ ਆਦਿ।*

4.**ਰੰਗ**—*ਰੰਗਾਂ ਦਾ ਪੁਸ਼ਾਕ ਦੇ ਨਮੂਨੇ ਵਿੱਚ ਬਹੁਤ ਮਹੱਤਵਪੂਰਨ ਰੋਲ ਹੈ। ਇਹ ਕਿਸੇ ਪੁਸ਼ਾਕ ਦੀ ਸੁੰਦਰਤਾ ਵਧਾ ਵੀ ਸਕਦੇ ਹਨ ਅਤੇ ਸੁੰਦਰਤਾ ਘਟਾ ਵੀ ਸਕਦੇ ਹਨ। ਅੱਖਾਂ ਲਈ ਸੁਖਦਾਇਕ ਵੀ ਹੋ ਸਕਦੇ ਹਨ ਅਤੇ ਚੁਭਵੇਂ ਵੀ, ਠੰਢਕ ਵੀ ਪਹੁੰਚਾ ਸਕਦੇ ਹਨ ਅਤੇ ਗਰਮੀ ਵੀ। ਇਸ ਲਈ ਕਿਸੇ ਵੀ ਨਮੂਨੇ ਨੂੰ ਬਣਾਉਣ ਲਈ, ਉਸ ਦੀ ਸੁੰਦਰਤਾ ਵਧਾਉਣ ਲਈ ਰੰਗ ਬਹੁਤ ਹੀ ਉੱਤਮ ਸਥਾਨ ਰੱਖਦੇ ਹਨ। ਰੰਗਾਂ ਨੂੰ ਮੁੱਖ ਤਿੰਨ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ।*




**ਚਿੱਤਰ 5.2 ਰੰਗਾਂ ਦਾ ਚੱਕਰ**

(1) **ਪ੍ਰਾਇਮਰੀ ਜਾਂ ਪਹਿਲੇ ਦਰਜੇ ਦੇ ਰੰਗ** - *ਪੀਲਾ, ਨੀਲਾ ਅਤੇ ਲਾਲ ਪ੍ਰਾਥਮਿਕ ਰੰਗ ਹਨ ਇਹਨਾਂ ਨੂੰ ਦੂਸਰੇ ਰੰਗਾਂ ਤੋਂ ਨਹੀਂ ਬਣਾਇਆ ਜਾ ਸਕਦਾ।*

(2) **ਦੂਸਰੇ ਦਰਜੇ ਦੇ ਜਾਂ ਸੈਕੰਡਰੀ ਰੰਗ**- *ਹਰਾ, ਸੰਤਰੀ ਅਤੇ ਜਾਮਣੀ ਦੂਸਰੇ ਦਰਜੇ ਦੇ ਰੰਗ ਹਨ ਕਿਉਂਕਿ ਇਹ ਦੋ ਪ੍ਰਾਇਮਰੀ ਰੰਗਾਂ ਨੂੰ ਆਪਸ ਵਿੱਚ ਮਿਲਾ ਕੇ ਬਣਦੇ ਹਨ ਜਿਵੇਂ --*

*ਨੀਲਾ + ਪੀਲਾ = ਹਰਾ*

*ਪੀਲਾ + ਲਾਲ = ਸੰਤਰੀ*

*ਲਾਲ + ਨੀਲਾ = ਜਾਮਣੀ*

(3) **ਤੀਸਰੇ ਦਰਜੇ ਦੇ ਰੰਗ—** *ਇਹ ਪ੍ਰਾਇਮਰੀ ਅਤੇ ਸੈਕੰਡਰੀ ਰੰਗਾਂ ਨੂੰ ਮਿਲਾ ਕੇ ਬਣਦੇ ਹਨ ਜਿਵੇਂ—*

*ਨੀਲਾ + ਹਰਾ = ਫਿਰੋਜ਼ੀ*

*ਹਰਾ + ਪੀਲਾ = ਤੋਤੇ ਰੰਗਾ ਹਰਾ*

*ਇਹਨਾਂ ਸਾਰੇ ਰੰਗਾਂ ਵਿੱਚ ਜੇਕਰ ਕਾਲਾ ਰੰਗ ਮਿਲਾਇਆ ਜਾਵੇ ਤਾਂ ਉਹ ਗੂੜ੍ਹੇ ਹੋ ਜਾਂਦੇ ਹਨ ਤੇ ਜੇਕਰ ਸਫ਼ੈਦ ਮਿਲਾਇਆ ਜਾਵੇ ਤਾਂ ਹਲਕੇ ਹੋ ਜਾਂਦੇ ਹਨ। ਸਾਰੇ ਹੀ ਹਲਕੇ ਰੰਗ ਠੰਢਕ ਦਾ ਅਹਿਸਾਸ ਦਵਾਉਂਦੇ ਹਨ ਅਤੇ ਗਰਮੀਆਂ ਵਿੱਚ ਪ੍ਰਯੋਗ ਕੀਤੇ ਜਾ ਸਕਦੇ ਹਨ ਜਦ ਕਿ ਸਾਰੇ ਹੀ ਗੂੜ੍ਹੇ ਰੰਗ ਗਰਮੀ ਦਾ ਅਹਿਸਾਸ ਦਵਾਉਂਦੇ ਹਨ ਅਤੇ ਉਹ ਸਰਦੀਆਂ ਲਈ ਠੀਕ ਰਹਿੰਦੇ ਹਨ। ਇਸ ਤੋਂ ਇਲਾਵਾ ਲਾਲ, ਪੀਲਾ ਅਤੇ ਸੰਤਰੀ ਗਰਮ ਰੰਗ ਅਖਵਾਉਂਦੇ ਹਨ ਤੇ ਨੀਲਾ ਤੇ ਹਰਾ ਠੰਢਕ ਵਾਲੇ ਰੰਗ ਹਨ। ਗਰਮ ਰੰਗ ਸਰੀਰ ਦੇ ਆਕਾਰ ਨੂੰ ਛੋਟਾ ਦਿਖਾਉਂਦੇ ਹਨ ਅਤੇ ਭੜਕੀਲੇ ਹੁੰਦੇ ਹਨ ਜਦ ਕਿ ਹਲਕੇ ਅਤੇ ਠੰਢੇ ਰੰਗ ਆਕਾਰ ਨੂੰ ਵੱਡਾ ਦਿਖਾਉਂਦੇ ਹਨ ਅੱਖਾਂ ਲਈ ਠਹਿਰਾਓ ਵਾਲੇ ਹੁੰਦੇ ਹਨ।*

*ਜਦੋਂ ਵੀ ਕੋਈ ਪੁਸ਼ਾਕ ਬਣਾਉਣੀ ਹੋਵੇ ਤਾਂ ਇੱਕ ਜਾਂ ਇੱਕ ਤੋਂ ਵੱਧ ਰੰਗਾਂ ਦਾ ਸੁਮੇਲ ਵੀ ਹੋ ਸਕਦਾ ਹੈ ਇਹਨਾਂ ਦੀ ਵਿਉਂਤਬੰਦੀ ਜਾਂ ਯੋਜਨਾ ਇਸ ਤਰ੍ਹਾਂ ਹੋ ਸਕਦੀ ਹੈ।*

(i) *ਇੱਕ ਰੰਗੀ ਯੋਜਨਾ—ਇਸ ਵਿੱਚ ਇੱਕ ਹੀ ਰੰਗ ਦੇ ਗੂੜ੍ਹੇ ਅਤੇ ਹਲਕੇ ਭਾਹ ਵਾਲੇ ਰੰਗਾਂ ਦਾ ਪ੍ਰਯੋਗ ਹੁੰਦਾ ਹੈ ਅਤੇ ਅੱਖਾਂ ਲਈ ਸੁਖਦਾਇਕ ਹੁੰਦਾ ਹੈ।*

(ii) *ਵਿਰੋਧੀ ਰੰਗ ਯੋਜਨਾ—ਇਹਨਾਂ ਵਿੱਚ ਇੱਕ ਗਰਮ ਅਤੇ ਇੱਕ ਠੰਢਾ ਰੰਗ ਪ੍ਰਯੋਗ ਹੁੰਦਾ ਹੈ ਜਿਵੇਂ ਕਿ ਲਾਲ ਅਤੇ ਹਰਾ, ਪੀਲਾ ਅਤੇ ਜਾਮਣੀ, ਨੀਲਾ ਅਤੇ ਸੰਤਰੀ ਆਦਿ। ਅਜਿਹੀ ਰੰਗ ਯੋਜਨਾ ਦਾ ਪ੍ਰਯੋਗ ਕਰਨ ਤੇ ਇਹ ਥੋੜ੍ਹਾ ਭੜਕੀਲਾ ਅਸਰ ਦਿੰਦੇ ਹਨ।*

(iii) *ਸੰਬੰਧਿਤ ਰੰਗ ਯੋਜਨਾ—ਇਹ ਰੰਗਾਂ ਦੇ ਚੱਕਰ ਤੇ ਨਾਲ ਲੱਗਦੇ ਤਿੰਨ ਰੰਗਾਂ ਦੀ ਯੋਜਨਾ ਹੁੰਦੀ ਹੈ ਕੋਈ ਵੀ ਤਿੰਨ ਨਾਲ ਲਗਦੇ ਰੰਗ ਪ੍ਰਯੋਗ ਕਰਕੇ ਪੁਸ਼ਾਕ ਬਣਾਈ ਜਾਂਦੀ ਹੈ। ਇਹ ਵੀ ਘੱਟ ਭੜਕੀਲੇ ਹੁੰਦੇ ਹਨ ਪ੍ਰੰਤੂ ਰੰਗਾਂ ਦੀਆਂ ਕਿਸਮਾਂ ਤੇ ਜ਼ਿਆਦਾ ਨਿਰਭਰ ਕਰਦਾ ਹੈ ਕਿ ਉਹ ਗਰਮ ਵਿਰਤੀ ਵਾਲੇ ਹਨ ਜਾਂ ਠੰਢੇ।*

## ਡਿਜ਼ਾਇਨ ਦੇ ਸਿਧਾਂਤ

*ਡਿਜ਼ਾਇਨ ਦੇ ਅੰਸ਼ਾਂ ਨਾਲ ਹੀ ਕੋਈ ਨਮੂਨਾ ਬਣਦਾ ਹੈ ਪ੍ਰੰਤੂ ਇਹਨਾਂ ਦਾ ਪ੍ਰਯੋਗ ਕਿਸ ਤਰ੍ਹਾਂ ਕਰਨਾ ਚਾਹੀਦਾ ਹੈ ਦੇ ਕੁਝ ਸਿਧਾਂਤ ਹੁੰਦੇ ਹਨ ਤਾਂ ਜੋ ਨਮੂਨਾ*

ਸੋਹਣਾ ਅਤੇ ਸੰਤੁਲਿਤ ਲੱਗੇ। ਇਹ ਸਿਧਾਂਤ ਅੱਗੇ ਲਿਖੇ ਅਨੁਸਾਰ ਹਨ।

1. **ਇਕਸੁਰਤਾ (Harmony)—** *ਇੱਕ ਤਰ੍ਹਾਂ ਦੀਆਂ ਰੇਖਾਵਾਂ, ਬਣਤਰ, ਆਕਾਰ ਜਾਂ ਰੰਗ ਦੇ ਪ੍ਰਯੋਗ ਨਾਲ ਇਕਸੁਰਤਾ ਦਾ ਅਹਿਸਾਸ ਹੁੰਦਾ ਹੈ। ਡਿਜ਼ਾਇਨ ਦੇ ਸਾਰੇ ਅੰਸ਼ ਮਿਲ ਕੇ ਇੱਕ ਸਮੁੱਚਾ ਨਮੂਨਾ ਬਣਾਉਂਦੇ ਹਨ ਜੋ ਦੇਖਣ ਨੂੰ ਚੰਗਾ ਲਗਦਾ ਹੈ ਅਤੇ ਏਕਤਾ ਦੀ ਭਾਵਨਾ ਦਰਸਾਉਂਦਾ ਹੈ।*

2. **ਅਨੁਪਾਤ (Poportion) —** *ਅਨੁਪਾਤ ਦਾ ਮਤਲਬ ਹੈ ਕਿ ਪੁਸ਼ਾਕ ਦੇ ਨਮੂਨੇ ਦੇ ਵੱਖ-ਵੱਖ ਹਿੱਸਿਆਂ ਦਾ ਆਕਾਰ ਅਤੇ ਸ਼ੇਪ, ਪੁਸ਼ਾਕ ਦੇ ਪੂਰੇ ਆਕਾਰ ਅਨੁਸਾਰ ਹੀ ਹੋਣਾ ਚਾਹੀਦਾ ਹੈ। ਛੋਟੀ ਪੁਸ਼ਾਕ ਵਿੱਚ ਨਮੂਨੇ ਦੇ ਦੂਸਰੇ ਹਿੱਸੇ ਵੀ ਉਸ ਦੇ ਆਕਾਰ ਮੁਤਾਬਕ ਛੋਟੇ ਹੀ ਹੋਣੇ ਚਾਹੀਦੇ ਹਨ ਜਿਵੇਂ ਕਿ ਛੋਟੀ ਪੁਸ਼ਾਕ ਵਿੱਚ ਕਢਾਈ ਜਾਂ ਪੈਚ ਦਾ ਨਮੂਨਾ ਜਾਂ ਕਾਲਰ ਜਾਂ ਜੇਬ ਦਾ ਆਕਾਰ ਛੋਟਾ ਹੀ ਹੋਣਾ ਚਾਹੀਦਾ ਹੈ।*

3. **ਸੰਤੁਲਨ (Balance)—** *ਕਿਸੇ ਵੀ ਡਿਜ਼ਾਇਨ ਵਿੱਚ ਸੰਤੁਲਨ ਦਾ ਹੋਣਾ ਬਹੁਤ ਜ਼ਰੂਰੀ ਹੈ। ਸੰਤੁਲਨ ਨਾਲ ਸ਼ਾਂਤੀ ਅਤੇ ਆਰਾਮ ਦੀ ਭਾਵਨਾ ਪੈਦਾ ਹੁੰਦੀ ਹੈ। ਜੇਕਰ ਨਮੂਨੇ ਦੇ ਕੇਂਦਰ ਬਿੰਦੂ ਦੇ ਸਾਰੇ ਪਾਸੇ ਚੀਜ਼ਾਂ ਦੇ ਆਕਾਰ ਅਤੇ ਰੰਗ ਇੱਕੋ ਜਿਹੇ ਹੋਣ ਤਾਂ ਸਾਰੇ ਪਾਸੇ ਧਿਆਨ ਜਾਂਦਾ ਹੈ। ਅਜਿਹੇ ਸੰਤੁਲਨ ਨੂੰ ਔਪਚਾਰਿਕ ਸੰਤੁਲਨ ਕਹਿੰਦੇ ਹਨ। ਜਿਵੇਂ ਕਿ ਪੁਸ਼ਾਕ ਦੇ ਦੋਨੋਂ ਪਾਸੇ ਇੱਕੋ ਜਿਹੀਆਂ ਜੇਬਾਂ ਇੱਕ ਹੀ ਸੇਧ ਵਿੱਚ ਹੋਣ ਜਾਂ ਕਢਾਈ ਕੇਂਦਰ ਤੋਂ ਦੋਨੋਂ ਪਾਸੇ ਇਕਸਾਰ ਹੋਵੇ।*

*ਡਿਜ਼ਾਇਨ ਵਿੱਚ ਸੰਤੁਲਨ ਚੀਜ਼ਾਂ ਨੂੰ ਕੇਂਦਰ ਬਿੰਦੂ ਤੋਂ ਨੇੜੇ ਜਾਂ ਦੂਰ ਰੱਖ ਕੇ ਵੀ ਬਣਾਇਆ ਜਾ ਸਕਦਾ ਹੈ। ਅਜਿਹੇ ਸੰਤੁਲਨ ਨੂੰ ਅਨਔਪਚਾਰਿਕ ਸੰਤੁਲਨ ਕਿਹਾ ਜਾਂਦਾ ਹੈ ਜਿਵੇਂ ਕਢਾਈ ਦਾ ਨਮੂਨਾ ਕਮੀਜ਼ ਦੇ ਇੱਕ ਪਾਸੇ ਨੀਚੇ ਕਰਕੇ ਅਤੇ ਦੂਸਰੇ ਪਾਸੇ ਗਲੇ ਕੋਲ ਉਪਰ ਕਰਕੇ ਪੈਦਾ ਕੀਤਾ ਜਾ ਸਕਦਾ ਹੈ।*

4. **ਲੈਅ (Rhythm)**—*ਨਮੂਨੇ ਵਿੱਚ ਲੈਅ ਦਾ ਮਤਲਬ ਹੈ ਕਿ ਨਜ਼ਰ ਦਾ ਨਮੂਨੇ ਦੇ ਇੱਕ ਹਿੱਸੇ ਤੋਂ ਦੂਸਰੇ ਹਿੱਸੇ ਤੱਕ ਜਾਣਾ। ਇਹ ਟੇਢੀਆਂ, ਅਰਧ ਗੋਲਾਕਾਰ ਰੇਖਾਵਾਂ ਦੇ ਰਾਹੀਂ ਨਮੂਨੇ ਵਿੱਚ ਆਸਾਨੀ ਨਾਲ ਲਿਆਂਦੀ ਜਾ ਸਕਦੀ ਹੈ ਜਿਵੇਂ ਕਿ ਲੇਸ, ਝਾਲਰਾਂ ਆਦਿ ਦਾ ਪ੍ਰਯੋਗ ਕਰ ਕੇ।*

5. **ਬੱਲ (Emphasis)—***ਨਮੂਨੇ ਵਿੱਚ ਇੱਕ ਅਜਿਹੀ ਥਾਂ ਹੋਣੀ ਚਾਹੀਦੀ ਹੈ ਜਿਸ ਤੇ ਨਜ਼ਰ ਸਭ ਤੋਂ ਪਹਿਲਾਂ ਜਾਵੇ। ਇਹ ਪੁਸ਼ਾਕ ਦੇ ਸੁੰਦਰ ਗਲੇ ਦੇ ਨਮੂਨੇ, ਕਾਲਰ, ਕਢਾਈ ਬਟਨ ਜਾਂ ਬਰੋਚ ਆਦਿ ਨਾਲ ਕੀਤੀ ਜਾ ਸਕਦੀ ਹੈ। ਇਹ ਪੁਸ਼ਾਕ ਦੇ ਅਜਿਹੇ ਹਿੱਸੇ ਤੇ ਹੋਵੇ ਜਿੱਥੇ ਇਹ ਨਜ਼ਰ ਨੂੰ ਆਕਰਸ਼ਿਤ ਕਰੇ ਜਿਵੇਂ ਗਲੇ ਦੇ ਉਪਰਲੇ ਹਿੱਸੇ ਦੇ ਨੇੜੇ, ਜੇਕਰ ਸਕੱਰਟ ਜਾਂ ਪੈਂਟ ਹੈ ਤਾਂ ਕਮਰ ਦੇ ਆਸ ਪਾਸ ਵੀ ਹੋ ਸਕਦੀ ਹੈ।*

## ਅਭਿਆਸ

**ਵਸਤੂਨਿਸ਼ਠ ਪ੍ਰਸ਼ਨ—**

1. *ਡਿਜ਼ਾਇਨ ਦੇ ਮੂਲ ਅੰਸ਼ ਕਿਹੜੇ-ਕਿਹੜੇ ਹਨ? ਨਾਮ ਦੱਸੋ।*
2. *ਡਿਜ਼ਾਇਨ ਵਿੱਚ ਸੰਤੁਲਨ ਕਿੰਨੇ ਪ੍ਰਕਾਰ ਦਾ ਹੋ ਸਕਦਾ ਹੈ ਅਤੇ ਕਿਹੜਾ?*
3. *ਪਹਿਲੇ ਦਰਜੇ ਦੇ ਰੰਗਾਂ ਤੋਂ ਕੀ ਭਾਵ ਹੈ ਅਤੇ ਕਿਹੜੇ-ਕਿਹੜੇ ਹਨ?*
4. *ਦੂਜੇ ਦਰਜੇ ਦੇ ਰੰਗਾਂ ਤੋਂ ਕੀ ਭਾਵ ਹੈ ਅਤੇ ਕਿਹੜੇ-ਕਿਹੜੇ ਹਨ?*
5. *ਸੰਬੰਧਤ ਰੰਗ ਯੋਜਨਾ ਤੋਂ ਕੀ ਭਾਵ ਹੈ?*
6. *ਡਿਜ਼ਾਇਨ ਦੇ ਸਿਧਾਂਤ ਵਿੱਚ ਇਕਸੁਰਤਾ ਤੋਂ ਕੀ ਭਾਵ ਹੈ?*
7. *ਡਿਜ਼ਾਇਨ ਵਿੱਚ ਸੰਤੁਲਨ ਅਤੇ ਅਨੁਪਾਤ ਤੋਂ ਕੀ ਭਾਵ ਹੈ?*
8. *ਡਿਜ਼ਾਇਨ ਵਿੱਚ ਲੈਅ ਅਤੇ ਬਲ ਤੋਂ ਕੀ ਭਾਵ ਹੈ?*
9. *ਵਿਰੋਧੀ ਰੰਗ ਯੋਜਨਾ ਤੋਂ ਕੀ ਭਾਵ ਹੈ?*
10. *ਇੱਕ ਰੰਗੀ ਯੋਜਨਾ ਤੋਂ ਕੀ ਭਾਵ ਹੈ?*

**ਛੋਟੇ ਉੱਤਰਾਂ ਵਾਲੇ ਪ੍ਰਸ਼ਨ—**

11. *ਡਿਜ਼ਾਇਨ ਦੇ ਮੂਲ ਅੰਸ਼ ਕਿਹੜੇ ਹਨ? ਆਕਾਰ ਅਤੇ ਬਣਾਵਟ ਕਿਵੇਂ ਡਿਜ਼ਾਇਨ ਨੂੰ ਪ੍ਰਭਾਵਿਤ ਕਰਦੇ ਹਨ?*
12. *ਡਿਜ਼ਾਇਨ ਵਿੱਚ ਰੇਖਾਵਾਂ ਦੀ ਕੀ ਮਹੱਤਤਾ ਹੈ ਅਤੇ ਡਿਜ਼ਾਇਨ ਨੂੰ ਕਿਵੇਂ ਪ੍ਰਭਾਵਿਤ ਕਰਦੀਆਂ ਹਨ?*
13. *ਕੱਪੜਿਆਂ ਲਈ ਰੰਗਾਂ ਦੀ ਵਿਉਂਤਬੰਦੀ ਕਿਵੇਂ ਕੀਤੀ ਜਾ ਸਕਦੀ ਹੈ?*
14. *ਡਿਜ਼ਾਇਨ ਵਿੱਚ ਸੰਤੁਲਨ ਕਿੰਨੇ ਪ੍ਰਕਾਰ ਦਾ ਹੋ ਸਕਦਾ ਹੈ ਅਤੇ ਕਿਵੇਂ ਪੈਦਾ ਕੀਤਾ ਜਾ ਸਕਦਾ ਹੈ?*

**ਨਿਬੰਧਾਤਮਕ ਪ੍ਰਸ਼ਨ—**


15. *ਡਿਜ਼ਾਇਨ ਵਿੱਚ ਰੰਗ ਦੀ ਕੀ ਮਹੱਤਤਾ ਹੈ ਅਤੇ ਡਿਜ਼ਾਇਨ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ?*
16. *ਡਿਜ਼ਾਇਨ ਦੇ ਮੂਲ ਸਿਧਾਂਤ ਕਿਹੜੇ ਹਨ? ਇਹਨਾਂ ਬਾਰੇ ਪਤਾ ਹੋਣਾ ਕਿਉਂ ਜ਼ਰੂਰੀ ਹੈ?*
17. *ਡਿਜ਼ਾਇਨ ਦੇ ਮੂਲ ਅੰਸ਼ ਕਿਹੜੇ ਹਨ? ਇਹ ਡਿਜ਼ਾਇਨ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ?*

**********

## ਪਾਠ 6

# ਸਿਲਾਈ ਮਸ਼ੀਨ

*ਸਿਲਾਈ ਮਸ਼ੀਨ ਹਰ ਘਰ ਦੀ ਜ਼ਰੂਰਤ ਹੈ। ਘਰ ਦੇ ਨਿੱਕੇ ਮੋਟੇ ਸਿਊਂਣ-ਪਰੋਣ ਦੇ ਕੰਮ ਕਰਦਿਆਂ ਗ੍ਰਹਿਣੀਆਂ ਆਪਣਾ ਸਮਾਂ ਚੰਗਾ ਲੰਘਾ ਲੈਂਦੀਆਂ ਹਨ ਅਤੇ ਦਰਜ਼ੀਆਂ ਨੂੰ ਪੈਸੇ ਦੇਣ ਤੋਂ ਵੀ ਬਚ ਜਾਂਦੀਆਂ ਹਨ। ਸਿਆਣੇ ਕਹਿੰਦੇ ਹਨ ਕਿ ਸਮੇਂ ਸਿਰ ਲਾਇਆ ਇੱਕ ਟਾਂਕਾ ਨੌਂ ਟਾਂਕਿਆਂ ਦੀ ਬੱਚਤ ਕਰ ਦਿੰਦਾ ਹੈ। ਬੱਚਿਆਂ ਵਾਲੇ ਘਰ ਵਿੱਚ ਥੋੜ੍ਹੇ ਬਹੁਤ ਉਧੜੇ ਜਾਂ ਪਾਟੇ ਕੱਪੜੇ ਸਿਲਾਈ ਮਸ਼ੀਨ ਨਾਲ ਸਿਲਾਈ*




ਚਿੱਤਰ 6.1 ਸਿਲਾਈ ਮ. ˉ ਦੇ ਹਿੱਸੇ

*ਕਰਨ ਤੇ ਮੁੜ ਨਵੇਂ ਹੋ ਜਾਂਦੇ ਹਨ। ਵਿਅਰਥ ਸਮਾਂ ਗੁਆਣ ਨਾਲੋਂ ਸਿਲਾਈ ਮਸ਼ੀਨ ਨਾਲ ਘਰ ਦੇ ਛੋਟੇ ਮੋਟੇ ਕੰਮ ਸੁਆਰਨੇ ਖੁਸ਼ੀ ਦਿੰਦੇ ਹਨ। ਸਿਲਾਈ ਮਸ਼ੀਨ ਰੋਜ਼ੀ ਦਾ ਸਾਧਨ ਵੀ ਬਣ ਸਕਦੀ ਹੈ। ਅਜਿਹੀ ਲਾਭਦਾਇਕ ਵਸਤੂ ਦੀ ਸਹੀ ਵਰਤੋਂ ਅਤੇ ਸੰਭਾਲ ਬੜੀ ਜ਼ਰੂਰੀ ਹੈ।*

*ਮੁੱਢਲੇ ਤੌਰ ਤੇ ਤਿੰਨ ਕਿਸਮ ਦੀਆਂ ਸਿਲਾਈ ਮਸ਼ੀਨਾਂ ਹੁੰਦੀਆਂ ਹਨ—*

*1. ਹੱਥ ਨਾਲ ਚੱਲਣ ਵਾਲੀਆਂ*

*2. ਪੈਰਾਂ ਨਾਲ ਚੱਲਣ ਵਾਲੀਆਂ*

*3. ਬਿਜਲੀ ਨਾਲ ਚੱਲਣ ਵਾਲੀਆਂ*

*ਭਾਵੇਂ ਇਹਨਾਂ ਦੀ ਵਰਤੋਂ ਵੱਖਰੇ-ਵੱਖਰੇ ਤੌਰ ਤੇ ਕੀਤੀ ਜਾਂਦੀ ਹੈ ਪਰ ਸਾਂਭ ਸੰਭਾਲ ਅਤੇ ਸਫ਼ਾਈ ਦਾ ਕੰਮ ਲਗਭਗ ਇੱਕੋ ਜਿਹਾ ਹੁੰਦਾ ਹੈ।*

*ਸਿਲਾਈ ਮਸ਼ੀਨ ਦੇ ਮੁੱਖ ਹਿੱਸਿਆਂ ਬਾਰੇ ਤੁਸੀਂ ਨੌਵੀਂ ਸ਼੍ਰੇਣੀ ਵਿੱਚ ਪੜ੍ਹ ਚੁੱਕੇ ਹੋ।*

## ਸਿਲਾਈ ਮਸ਼ੀਨ ਦੀ ਵਰਤੋਂ

*ਸਿਲਾਈ ਮਸ਼ੀਨ ਦੀ ਸਹੀ ਵਰਤੋਂ ਲਈ ਇਸ ਦੇ ਪ੍ਰਯੋਗ ਸੰਬੰਧੀ ਕਈ ਕਾਰਜ ਵਿਧੀਆਂ ਬਾਰੇ ਜਾਣਕਾਰੀ ਜ਼ਰੂਰੀ ਹੈ ਜੋ ਕਿ ਹੇਠ ਲਿਖੇ ਅਨੁਸਾਰ ਹਨ—*

**1. ਮਸ਼ੀਨ ਵਿੱਚ ਸੂਈ ਲਗਾਉਣਾ—***ਫਲਾਈਵ੍ਹੀਲ ਨੂੰ ਘੁਮਾ ਕੇ ਨੀਡਲ ਟੇਕ ਅਪ ਬਾਰ ਨੂੰ ਉਪਰਲੇ ਸਥਾਨ ਤੇ ਲੈ ਆਓ। ਬਾਰ ਤੇ ਲੱਗੇ ਪੇਚ ਨੂੰ ਥੋੜ੍ਹਾ ਢਿੱਲਾ ਕਰ ਲਓ। ਸੂਈ ਦੀ ਪੱਧਰੀ ਸਤਹਿ ਨੂੰ ਅੰਦਰਲੇ ਪਾਸੇ ਵਲ ਕਰਕੇ ਖੱਬੇ ਹੱਥ ਨਾਲ ਸੂਈ ਨੂੰ ਉਪਰ ਤੱਕ ਬਾਰ ਦੇ ਬਣੇ ਹੋਏ ਖਾਸ ਨਿਸ਼ਾਨ ਤੱਕ ਲੈ ਆਓ ਅਤੇ ਸੱਜੇ ਹੱਥ ਨਾਲ ਪੇਚ ਨੂੰ ਕੱਸ ਦਿਓ। ਜੇਕਰ ਸੂਈ ਦਾ ਉਪਰਲਾ ਹਿੱਸਾ ਪੱਧਰਾ ਨਾ ਹੋ ਕੇ ਗੋਲਕਾਰ ਹੋਵੇ ਤਾਂ ਇਹ ਧਿਆਨ ਰੱਖੋ ਕਿ ਸੂਈ ਦੀ ਮੋਰੀ ਖੱਬੇ ਤੋਂ ਸੱਜੇ ਪਾਸੇ ਦੀ ਦਿਸ਼ਾ ਵੱਲ ਹੋਣੀ ਚਾਹੀਦੀ ਹੈ। ਜੇਕਰ ਸੂਈ ਟੇਢੀ ਲੱਗ ਜਾਵੇ ਤਾਂ ਸੂਈ ਜਾਂ ਧਾਗਾ ਟੁੱਟ ਸਕਦਾ ਹੈ।*


**2. ਮਸ਼ੀਨ ਵਿੱਚ ਧਾਗਾ ਪਾਉਣਾ—***ਮਸ਼ੀਨ ਦੀ ਸਿਲਾਈ ਲਈ ਦੋ ਧਾਗਿਆਂ ਦੀ ਜ਼ਰੂਰਤ ਹੁੰਦੀ ਹੈ।*

(i) *ਉਪਰਲਾ ਸੂਈ ਵਾਲਾ ਧਾਗਾ*

(ii) *ਫਿਰਕੀ ਵਾਲੀ ਧਾਗਾ*

(i) **ਮਸ਼ੀਨ ਵਿੱਚ ਉਪਰਲਾ ਧਾਗਾ ਪਾਉਣਾ—***ਧਾਗੇ ਦੀ ਰੀਲ ਨੂੰ ਮਸ਼ੀਨ ਤੇ ਲੱਗੀ ਡੰਡੀ (ਸਪੂਲ ਪਿੰਨ) ਵਿੱਚ ਰੱਖ ਕੇ ਕੁਝ ਧਾਗਾ ਰੀਲ ਤੋਂ ਉਧੇੜ ਲਓ। ਫਲਾਈਵ੍ਹੀਲ ਨੂੰ ਥੋੜ੍ਹਾ ਘੁਮਾਓ ਤਾਂ ਕਿ ਟੇਕ ਅਪ ਬਾਰ ਉਪਰਲੇ ਸਥਾਨ ਤੇ ਆ ਜਾਵੇ। ਧਾਗੇ ਨੂੰ ਚਿੱਤਰ ਅਨੁਸਾਰ ਥਰੈੱਡ ਟੈਨਸ਼ਨ ਰੈਗੂਲੇਟਰ ਦੇ ਆਸ ਪਾਸ ਘੁਮਾ ਕੇ ਇਸ ਦੇ ਨਾਲ ਲੱਗੀ ਤਾਰ ਦੀ ਹੁੱਕ ਵਿੱਚੋਂ ਕੱਢ ਲਓ। ਫਿਰ ਧਾਗੇ ਨੂੰ ਟੇਕ*


*ਅਪਲੀਵਰ ਦੀ ਮੋਰੀ ਵਿੱਚੋਂ ਦੀ ਲੰਘਾਓ। ਅਗਲੇ ਪਾਸੇ ਬਣੀ ਹੋਈ ਹੁੱਕ ਵਿੱਚੋਂ ਧਾਗਾ ਕੱਢ ਕੇ ਸੂਈ ਵਿੱਚ ਖੱਬੇ ਪਾਸੇ ਤੋਂ ਅੰਦਰ ਵੱਲ ਨੂੰ ਪਾਓ। ਸੂਈ ਵਿੱਚ ਧਾਗਾ ਪਾਉਣ ਤੋਂ ਬਾਅਦ ਧਾਗੇ ਨੂੰ ਖਿੱਚ ਕੇ ਥੋੜ੍ਹਾ ਫਾਲਤੂ ਰੱਖੋ (ਚਿੱਤਰ 6.2)।*



**ਚਿੱਤਰ 6.2 ਮਸ਼ੀਨ ਵਿੱਚ ਉਪਰਲਾ ਧਾਗਾ ਪਾਉਣਾ**

**(ii) ਫਿਰਕੀ ਵਾਲਾ ਧਾਗਾ ਪਾਉਣਾ**—*ਰੀਲ ਨੂੰ ਡੰਡੀ (ਸਪੂਲ ਪਿੰਨ) ਤੇ ਅਟਕਾ ਲਓ ਅਤੇ ਧਾਗੇ ਨੂੰ ਟੈਨਸ਼ਨ ਐਂਗਲ ਵਿੱਚੋਂ ਦੀ ਲੰਘਾ ਕੇ ਥੋੜ੍ਹਾ ਫਿਰਕੀ ਤੇ ਲਪੇਟੋ ਫਿਰ ਫਿਰਕੀ ਨੂੰ ਬਾਬਿਨ ਵਾਈਂਡਰ ਤੇ ਫਿੱਟ ਕਰ ਲਓ। ਬਾਬਿਨ ਵਾਇੰਡਰ ਤੇ ਲੱਗੀ ਹੁੱਕ ਨੂੰ ਖੱਬੇ ਹੱਥ ਨਾਲ ਦਬਾ ਕੇ ਸੱਜੇ ਹੱਥ ਨਾਲ ਮਸ਼ੀਨ ਚਲਾਓ। ਧਾਗਾ ਆਪਣੇ ਆਪ ਫਿਰਕੀ ਤੇ ਚੜ੍ਹ ਜਾਵੇਗਾ।*

*ਫਿਰਕੀ ਨੂੰ ਫਿਰਕੀ ਕੇਸ ਵਿੱਚ ਪਾ ਕੇ ਫਿਰਕੀ ਦੇ ਧਾਗੇ ਨੂੰ ਫਿਰਕੀ ਕੇਸ ਦੀ ਮੋਰੀ ਰਾਹੀਂ ਬਾਹਰ ਕੱਢੋ। ਮਸ਼ੀਨ ਦੇ ਫਲਾਈਵ੍ਹੀਲ ਨੂੰ ਥੋੜ੍ਹਾ ਘੁਮਾਓ ਤਾਂ ਕਿ ਟੇਕ ਅਪ ਲੀਵਰ ਉਪਰ ਵਾਲੀ ਥਾਂ ਤੇ ਆ ਜਾਵੇ। ਇਸ ਨਾਲ ਰੋਟਰੀ ਹੁੱਕ ਆਪਣੇ ਆਪ ਠੀਕ ਸਥਿਤੀ ਵਿੱਚ ਆ ਜਾਂਦੀ ਹੈ।*



**ਚਿੱਤਰ 6.3 ਰੋਟਰੀ ਹੁੱਕ ਅਤੇ ਫਿਰਕੀ ਕੇਸ**


**(iii) ਸ਼ਟਲ**—*ਸਟਲ ਵਿੱਚ ਫਿਰਕੀ ਅਤੇ ਫਿਰਕੀ ਕੇਸ (ਕਵਰ) ਫਿੱਟ ਹੁੰਦਾ ਹੈ। ਸ਼ਟਲ ਦੇ ਅੰਦਰਲੇ ਹਿੱਸੇ ਦੇ ਘੁੰਮਣ ਤੇ ਫਿਰਕੀ ਕਵਰ ਅਤੇ ਫਿਰਕੀ ਵੀ ਘੁੰਮਦੇ ਹਨ ਜਿਸ ਨਾਲ ਉਪਰਲਾ ਧਾਗਾ ਅਤੇ ਫਿਰਕੀ ਵਾਲਾ ਧਾਗਾ ਮਿਲ ਕੇ ਟਾਂਕਾ ਬਣਾਉਂਦੇ ਹਨ।*

*ਫਿਰਕੀ ਕੇਸ ਦੀ ਬਾਹਰਲੀ ਕੁੰਡੀ ਨੂੰ ਥੋੜ੍ਹਾ ਬਾਹਰ ਖਿੱਚ ਕੇ ਇਸਨੂੰ ਸ਼ਟਲ ਵਿੱਚ ਫਿੱਟ ਕਰੋ ਅਤੇ ਕੁੰਡੀ ਨੂੰ ਛੱਡ ਦਿਓ।*

*ਮਸ਼ੀਨ ਦੇ ਉਪਰਲੇ ਧਾਗੇ ਨੂੰ ਖੱਬੇ ਹੱਥ ਨਾਲ ਪਕੜ ਕੇ ਫਲਾਈਵ੍ਹੀਲ ਨੂੰ ਸੱਜੇ ਹੱਥ ਨਾਲ ਉਦੋਂ ਤੱਕ ਥੋੜ੍ਹਾ ਘੁਮਾਓ ਜਦ ਤੱਕ ਕਿ ਥੱਲੇ ਵਾਲਾ ਧਾਗਾ ਵੀ ਉੱਪਰ ਨਾ ਆ ਜਾਵੇ। ਦੋਹਾਂ ਧਾਗਿਆਂ ਨੂੰ ਪ੍ਰੈਸ਼ਰ ਫੁੱਟ ਦੇ ਪਿਛਲੇ ਪਾਸੇ ਲੈ ਜਾਓ।*

**3.ਮਸ਼ੀਨ ਨਾਲ ਸਿਲਾਈ ਕਰਨਾ**—*ਪ੍ਰੈਸ਼ਰ ਫੁੱਟ ਨੂੰ ਉੱਪਰ ਚੁੱਕ ਕੇ ਕੱਪੜਾ ਰੱਖੋ ਅਤੇ ਪ੍ਰੈਸ਼ਰ ਫੁੱਟ ਨੂੰ ਦੁਬਾਰਾ ਨੀਚੇ ਕਰ ਦਿਓ। ਖੱਬੇ ਹੱਥ ਨਾਲ ਕੱਪੜਾ ਪਕੜੋ ਅਤੇ ਮਸ਼ੀਨ ਨੂੰ ਚਲਾਉਣ ਲਈ ਸੱਜੇ ਹੱਥ ਦੀ ਹਥੇਲੀ ਨਾਲ ਫਲਾਈਵ੍ਹੀਲ ਨੂੰ ਘੁਮਾਓ। ਜੇਕਰ ਮਸ਼ੀਨ ਪੈਰਾਂ ਵਾਲੀ ਹੋਵੇ ਤਾਂ ਕੱਪੜੇ ਨੂੰ ਦੋਨਾਂ ਹੱਥਾਂ ਨਾਲ ਪਕੜਿਆ ਜਾ ਸਕਦਾ ਹੈ ਅਤੇ ਦੋਨੋਂ ਪੈਰ ਅੱਗੇ ਪਿੱਛੇ ਮਸ਼ੀਨ ਦੇ ਪੈਰਾਂ ਤੇ ਰੱਖ ਕੇ ਮਸ਼ੀਨ ਦੇ ਪੈਰਾਂ ਨੂੰ ਚਲਾਓ। ਜੇਕਰ ਮਸ਼ੀਨ ਬਿਜਲੀ ਵਾਲੀ ਹੋਵੇ ਤਾਂ ਬਿਜਲੀ ਦਾ ਬਟਨ ਦਬਾ ਕੇ ਸੱਜੇ ਪੈਰ ਨਾਲ ਬਿਜਲੀ ਦੀ ਮੋਟਰ ਤੇ ਜ਼ਰੂਰਤ ਅਨੁਸਾਰ ਦਬਾ ਪਾਓ, ਮਸ਼ੀਨ ਚੱਲਣ ਲੱਗ ਜਾਵੇਗੀ। ਮਸ਼ੀਨ ਚੱਲਣ ਸਮੇਂ ਕੱਪੜੇ ਨੂੰ ਕਦੇ ਵੀ ਖਿੱਚਣਾ ਨਹੀਂ ਚਾਹੀਦਾ ਕਿਉਂਕਿ ਇਸ ਨਾਲ ਸੂਈ ਟੁੱਟ ਜਾਵੇਗੀ। ਧਿਆਨ ਰੱਖੋ ਕਿ ਕੱਪੜਾ ਸਿਉਂਣ ਉਪਰੰਤ ਸੂਈ ਕੱਪੜੇ ਤੋਂ ਬਾਹਰ ਹੋਵੇ। ਪ੍ਰੈਸ਼ਰ ਫੁੱਟ ਨੂੰ ਉਪਰ ਚੁੱਕ ਕੇ ਕੱਪੜੇ ਨੂੰ ਬਾਹਰ ਵੱਲ ਖਿੱਚ ਲਓ ਅਤੇ ਧਾਗਿਆਂ ਨੂੰ ਕੈਂਚੀ ਨਾਲ ਕੱਟ ਲਓ।*

**4. ਮਸ਼ੀਨ ਦਾ ਟਾਂਕਾ ਪਰਖਣਾ**—*ਮਸ਼ੀਨ ਦੇ ਬਖੀਏ ਦੇ ਸਹੀ ਟਾਂਕੇ ਲਈ ਉਪਰਲੇ ਧਾਗੇ ਅਤੇ ਫਿਰਕੀ ਵਾਲੇ ਧਾਗੇ ਦਾ ਦਬਾਓ ਬਰਾਬਰ ਹੋਣਾ ਚਾਹੀਦਾ ਹੈ। ਜੇਕਰ ਸਿਲਾਈ ਵਿੱਚ ਉਪਰਲਾ ਧਾਗਾ ਥੱਲੇ ਵਾਲੇ ਪਾਸੇ ਜ਼ਿਆਦਾ ਨਜ਼ਰ ਆਉਂਦਾ ਹੈ ਤਾਂ ਉਪਰ ਵਾਲੇ ਧਾਗੇ ਦਾ ਦਬਾਓ ਘੱਟ ਹੈ। ਇਸ ਲਈ ਥਰੈਂਡ ਟੈਨਸ਼ਨ ਰੈਗੂਲੇਟਰ ਨੂੰ ਸੱਜੇ ਪਾਸੇ ਥੋੜ੍ਹਾ ਘਮਾਓ। ਜੇਕਰ ਉਪਰਲਾ ਧਾਗਾ ਕੱਸ ਕੇ ਆਉਂਦਾ ਹੋਵੇ ਤਾਂ ਰੈਗੂਲੇਟਰ ਨੂੰ ਸੱਜੇ ਪਾਸੇ ਥੋੜ੍ਹਾ ਘੁਮਾਉ। ਜੇਕਰ ਫਿਰਕੀ ਵਾਲਾ ਧਾਗਾ ਨਜ਼ਰ ਆਉਂਦਾ ਹੋਵੇ ਤਾਂ ਫਿਰਕੀ ਵਾਲਾ ਧਾਗਾ ਢਿੱਲਾ ਹੁੰਦਾ ਹੈ। ਫਿਰਕੀ ਕੇਸ ਤੇ ਲੱਗੇ ਪੇਚ ਨੂੰ ਥੋੜ੍ਹਾ ਕੱਸ ਦਿਓ। ਜੇਕਰ ਇਹ ਧਾਗਾ ਕਸ ਕੇ ਆਉਂਦਾ ਹੋਵੇ ਤਾਂ ਪੇਚ ਨੂੰ ਢਿੱਲਾ ਕੀਤਾ ਜਾ ਸਕਦਾ ਹੈ।*




*ਚਿੱਤਰ 6.4*

*ਚਿੱਤਰ 6.4 (ੳ) ਮਸ਼ੀਨ ਦੀ ਸਹੀ ਟਾਂਕਾ (ਅ) ਉਪਰ ਵਾਲਾ ਧਾਗਾ ਢਿੱਲਾ ਅਤੇ ਫਿਰਕੀ ਦਾ ਧਾਗਾ ਜ਼ਿਆਦਾ ਕੱਸਿਆ (ੲ) ਉਪਰ ਵਾਲਾ ਧਾਗਾ ਕਸਿਆ ਹੋਇਆ ਅਤੇ ਫਿਰਕੀ ਵਾਲਾ ਧਾਗਾ ਢਿੱਲਾ।*

**5. ਟਾਂਕੇ ਦੀ ਲੰਬਾਈ ਘਟਾਉਣਾ ਜਾਂ ਵਧਾਉਣਾ**—*ਮਸ਼ੀਨ ਦੀ ਕਿਸਮ ਅਨੁਸਾਰ ਉਹਨਾਂ ਤੇ ਕਈ ਤਰ੍ਹਾਂ ਦੀਆਂ ਨਿਸ਼ਾਨੀਆਂ ਸਟਿੱਚ ਰੈਗੂਲੇਟਰ ਨਾਲ ਲੱਗੀਆਂ ਹੁੰਦੀਆਂ ਹਨ। ਉਹਨਾਂ ਮੁਤਾਬਕ ਸਟਿੱਚ ਰੈਗੂਲੇਟਰ ਨੂੰ ਉਪਰ ਜਾਂ ਨੀਚੇ ਕਰਕੇ ਟਾਂਕਾ ਵੱਡਾ-ਛੋਟਾ ਕੀਤਾ ਜਾ ਸਕਦਾ ਹੈ।*

**6. ਸਿਲਾਈ ਮੋੜਨਾ**—*ਮਸ਼ੀਨ ਦੀ ਸਿਲਾਈ ਕਰਦੇ ਸਮੇਂ ਜੇਕਰ ਸਿਲਾਈ ਨੂੰ ਮੋੜਨਾ ਹੋਵੇ ਤਾਂ ਪ੍ਰੈਸ਼ਰ ਫੁੱਟ ਉਪਰ ਚੁੱਕ ਲਓ ਅਤੇ ਸੂਈ ਨੂੰ ਕੱਪੜੇ ਵਿੱਚ ਹੀ ਰਹਿਣ ਦਿਓ। ਕੱਪੜੇ ਨੂੰ ਜ਼ਰੂਰਤ ਮੁਤਾਬਕ ਮੋੜ ਕੇ ਦੁਬਾਰਾ ਪ੍ਰੈਸ਼ਰ ਫੁੱਟ ਨੂੰ ਨੀਚੇ ਕਰ ਲਉ।*

**7. ਕੱਪੜੇ ਤੇ ਦਬਾਓ ਬਦਲਣਾ**—*ਕੱਪੜੇ ਦੀ ਮੋਟਾਈ ਮੁਤਾਬਕ ਉਸ ਤੇ ਦਬਾਓ ਘਟਾਇਆ ਜਾਂ ਵਧਾਇਆ ਜਾ ਸਕਦਾ ਹੈ। ਇਸ ਲਈ ਪ੍ਰੈਸ਼ਰ ਬਾਰ ਪੇਚ ਨੂੰ ਢਿੱਲਾ ਜਾਂ ਕਸਿਆ ਜਾ ਸਕਦਾ ਹੈ।*

## ਸਿਲਾਈ ਮਸ਼ੀਨ ਦੀ ਸੰਭਾਲ

*ਸਿਲਾਈ ਮਸ਼ੀਨ ਤੋਂ ਠੀਕ ਅਤੇ ਵਧੀਆ ਕੰਮ ਲੈਣ ਲਈ ਉਸ ਦੀ ਸਹੀ ਤਰੀਕੇ ਨਾਲ ਸੰਭਾਲ ਕਰਨੀ ਬਹੁਤ ਜ਼ਰੂਰੀ ਹੈ।*

**1. ਸਫ਼ਾਈ**—*ਮਸ਼ੀਨ ਦੇ ਪੁਰਜ਼ਿਆਂ ਤੇ ਮਿੱਟੀ ਪੈ ਜਾਂਦੀ ਹੈ ਇਸ ਲਈ ਸਾਰੇ ਪੁਰਜ਼ਿਆਂ ਦੀ ਚੰਗੀ ਤਰ੍ਹਾਂ ਸਫ਼ਾਈ ਕਰਨੀ ਚਾਹੀਦੀ ਹੈ। ਕੱਪੜਾ ਸਿਉਂਣ ਸਮੇਂ ਧਾਗਿਆਂ ਦੇ ਰੇਸ਼ੇ ਫਸ ਜਾਂਦੇ ਹਨ, ਜਿਸ ਕਾਰਨ ਮਸ਼ੀਨ ਭਾਰੀ ਹੋ ਜਾਂਦੀ ਹੈ, ਆਵਾਜ਼ ਦੇਣ ਲੱਗ ਜਾਂਦੀ ਹੈ ਅਤੇ ਠੀਕ ਕੰਮ ਨਹੀਂ ਕਰਦੀ। ਮਸ਼ੀਨ ਨੂੰ ਵਰਤਣ ਤੋਂ ਬਾਅਦ ਕੱਪੜੇ ਜਾਂ ਦੰਦਾਂ ਵਾਲੇ ਬੁਰਸ਼ ਜਾਂ ਕਿਸੇ ਨਰਮ ਬੁਰਸ਼ ਨਾਲ ਸਾਫ਼ ਕਰਨਾ ਚਾਹੀਦਾ ਹੈ। ਮਸ਼ੀਨ ਸਾਫ਼ ਕਰਨ ਸਮੇਂ ਗਿੱਲਾ ਕੱਪੜਾ ਕਦੇ ਨਹੀਂ ਵਰਤਣਾ ਚਾਹੀਦਾ। ਇਸ ਨਾਲ ਮਸ਼ੀਨ ਨੂੰ ਜੰਗ ਲੱਗਣ ਦਾ ਖਤਰਾ ਹੋ ਸਕਦਾ ਹੈ। ਕਈ ਵਾਰ ਧਾਗਾ ਸ਼ਟਲ ਜਾਂ ਰੋਟਰੀ ਹੁੱਕ ਵਿੱਚ ਟੁੱਟ ਜਾਂਦਾ ਹੈ ਜਿਸ ਨਾਲ ਮਸ਼ੀਨ ਭਾਰੀ ਹੋ ਜਾਂਦੀ ਹੈ। ਰੋਟਰੀ ਹੁੱਕ ਨੂੰ ਪੁੱਠੀ ਚਲਾਉਣ ਨਾਲ ਇਹ ਧਾਗਾ ਕੱਢਿਆ ਜਾ ਸਕਦਾ ਹੈ। ਜੇ ਇਹ ਧਾਗਾ ਇਸ ਤਰ੍ਹਾਂ ਨਾ ਨਿਕਲੇ ਤਾਂ ਸ਼ਟਲ ਦੇ ਪੇਚ ਖੋਲ੍ਹ ਕੇ ਸ਼ਟਲ ਤੇ ਰੋਟਰੀ ਹੁੱਕ ਨੂੰ ਬਾਹਰ ਕੱਢ ਕੇ ਸਾਫ਼ ਕਰ ਲਓ। ਇਸ ਤਰ੍ਹਾਂ ਸਫ਼ਾਈ ਕਰਨ ਸਮੇਂ ਧਿਆਨ ਰੱਖੋ ਕਿ ਸੂਈ ਉਪਰ ਹੋਵੇ ਤਾਂ ਕਿ ਪੇਚ ਖੋਲ੍ਹਣ ਲੱਗਿਆਂ ਸੂਈ ਟੁੱਟ ਨਾ ਜਾਵੇ। ਬਾਅਦ ਵਿੱਚ ਸ਼ਟਲ ਵਿੱਚ ਰੋਟਰੀ ਹੁੱਕ ਰੱਖ ਕੇ ਸ਼ਟਲ ਨੂੰ ਦੁਬਾਰਾ ਉਸ ਦੀ ਥਾਂ 'ਤੇ ਰੱਖ ਕੇ ਪੇਚ ਕੱਸ ਦਿਓ।*

**2. ਮਸ਼ੀਨ ਨੂੰ ਤੇਲ ਦੇਣਾ**—*ਸਾਰੀਆਂ ਮਸ਼ੀਨਾਂ ਨੂੰ ਤੇਲ ਦੇਣ ਦੀ ਲੋੜ ਹੁੰਦੀ ਹੈ। ਤੇਲ ਦੀ ਘਾਟ ਕਾਰਨ ਪੁਰਜ਼ੇ ਆਪਸ ਵਿੱਚ ਰਗੜ ਖਾ ਕੇ ਘਸ ਜਾਂਦੇ ਹਨ ਅਤੇ ਮਸ਼ੀਨ ਭਾਰੀ ਹੋ ਜਾਂਦੀ ਹੈ ਅਤੇ ਆਵਾਜ਼ ਦਿੰਦੀ ਹੈ। ਤੇਲ ਨਾ ਦੇਣ ਨਾਲ ਮਸ਼ੀਨ ਦੀ ਉਮਰ ਘੱਟ ਜਾਂਦੀ ਹੈ। ਜੇ ਮਸ਼ੀਨ ਹਰ ਰੋਜ਼ ਵਰਤਦੇ ਹੋਵੋ ਤਾਂ ਹਫ਼ਤੇ ਵਿੱਚ ਇੱਕ*

*ਜਾਂ ਦੋ ਵਾਰ ਤੇਲ ਦੇਣ ਦੀ ਲੋੜ ਹੁੰਦੀ ਹੈ ਨਹੀਂ ਤਾਂ ਪੰਦਰਾਂ ਦਿਨਾਂ ਬਾਅਦ ਦਿੱਤਾ ਜਾ ਸਕਦਾ ਹੈ। ਮਸ਼ੀਨ ਵਾਸਤੇ ਵਧੀਆ ਮਸ਼ੀਨ ਦਾ ਤੇਲ ਹੀ ਵਰਤਣਾ ਚਾਹੀਦਾ ਹੈ। ਗਰੀ ਦਾ ਤੇਲ, ਸਰ੍ਹੋਂ ਦਾ ਤੇਲ ਜਾਂ ਮਿੱਟੀ ਦਾ ਤੇਲ ਨਹੀਂ ਵਰਤਣਾ ਚਾਹੀਦਾ। ਤੇਲ ਦੇਣ ਵਾਲੀਆਂ ਸਾਰੀਆਂ ਮੋਰੀਆਂ ਵਿੱਚ ਤੇਲ ਦੇਣਾ ਚਾਹੀਦਾ ਹੈ। ਤੇਲ ਦੇਣ ਤੋਂ ਬਾਅਦ ਮਸ਼ੀਨ ਚਲਾਉਣੀ ਚਾਹੀਦੀ ਹੈ ਤਾਂ ਕਿ ਤੇਲ ਸਭ ਪਾਸੇ ਪਹੁੰਚ ਜਾਵੇ। ਤੇਲ ਦੇ ਕੇ ਮਸ਼ੀਨ ਨੂੰ ਧੁੱਪੇ ਰੱਖਣ ਨਾਲ ਹੀ ਤੇਲ ਸਭ ਪਾਸੇ ਪਹੁੰਚ ਜਾਂਦਾ ਹੈ। ਸਾਲ ਵਿੱਚ ਇਕ ਦੋ ਵਾਰ ਮਕੈਨਿਕ ਤੋਂ ਵੀ ਸਫ਼ਾਈ ਕਰਵਾ ਲੈਣੀ ਚਾਹੀਦੀ ਹੈ।*

## ਮਸ਼ੀਨ ਦੀਆਂ ਖ਼ਰਾਬੀਆਂ ਜਾਂ ਆਮ ਨੁਕਸ

*ਕਈ ਵਾਰ ਚਲਦੀ ਮਸ਼ੀਨ ਖਰਾਬ ਹੋ ਜਾਂਦੀ ਹੈ ਸੂਈ ਜਾਂ ਧਾਗਾ ਟੁੱਟ ਜਾਂਦਾ ਹੈ ਜਾਂ ਕਈ ਵਾਰ ਟਾਂਕੇ ਠੀਕ ਨਹੀਂ ਆਉਂਦੇ। ਮਸ਼ੀਨ ਵਿੱਚ ਹੇਠ ਲਿਖੇ ਨੁਕਸ ਪੈ ਸਕਦੇ ਹਨ ਜਿਨ੍ਹਾਂ ਨੂੰ ਆਪ ਵੀ ਠੀਕ ਕੀਤਾ ਜਾ ਸਕਦਾ ਹੈ।*

1. **ਸੂਈ ਦਾ ਟੁੱਟਣਾ**—*ਸੂਈ ਦਾ ਨੰਬਰ ਜੇ ਕੱਪੜੇ ਅਨੁਸਾਰ ਨਾ ਹੋਵੇ ਤਾਂ ਸੂਈ ਟੁੱਟ ਸਕਦੀ ਹੈ। ਪਤਲੀ ਸੂਈ ਮੋਟੇ ਕੱਪੜੇ 'ਤੇ ਟੁੱਟ ਜਾਵੇਗੀ। ਇਸ ਲਈ ਸੂਈ ਕੱਪੜੇ ਦੇ ਅਨੁਸਾਰ ਵਰਤਣੀ ਚਾਹੀਦੀ ਹੈ।*

*ਕਈ ਵਾਰ ਸੂਈ ਲੋੜ ਨਾਲੋਂ ਵੱਡੀ ਹੁੰਦੀ ਹੈ ਅਤੇ ਮਸ਼ੀਨ ਚਲਦਿਆਂ ਉਹ ਸ਼ਟਲ ਵਿੱਚ ਜਾ ਵਜਦੀ ਹੈ। ਇਸ ਲਈ ਸੂਈ ਖਰੀਦਣ ਲੱਗੇ ਉਸ ਦਾ ਸਾਈਜ਼ ਵੇਖ ਲੈਣਾ ਚਾਹੀਦਾ ਹੈ। ਕਈ ਵਾਰ ਸੂਈ ਖੁੰਡੀ ਹੋ ਜਾਂਦੀ ਹੈ ਜਾਂ ਮੁੜ ਜਾਂਦੀ ਹੈ ਇਸ ਨਾਲ ਮਸ਼ੀਨ ਠੀਕ ਨਹੀਂ ਚਲਦੀ। ਸੂਈ ਇਕ ਦਮ ਸਿੱਧੀ ਹੋਣੀ ਚਾਹੀਦੀ ਹੈ। ਸੂਈ ਨੂੰ ਇਕਸਾਰ ਫਰਸ਼ 'ਤੇ ਰੱਖ ਕੇ ਦੇਖੋ ਕਿ ਉਸ ਥੱਲਿਓਂ ਲਾਈਟ ਤਾਂ ਨਹੀਂ ਲੰਘਦੀ ਜਾਂ ਸੂਈ ਦਾ ਪਰਛਾਵਾਂ ਟੇਢਾ-ਮੇਢਾ ਤਾਂ ਨਹੀਂ।*

*ਕਈ ਵਾਰ ਸੂਈ ਠੀਕ ਤਰ੍ਹਾਂ ਫਿੱਟ ਨਹੀਂ ਹੁੰਦੀ। ਉਸ ਨਾਲ ਵੀ ਮਸ਼ੀਨ ਖਰਾਬ ਹੋ ਜਾਂਦੀ ਹੈ। ਸੂਈ ਲਾਉਣ ਵੇਲੇ ਧਿਆਨ ਰੱਖੋ, ਕਿ ਸੂਈ ਲਾਉਣ ਵਾਲੀ ਮੋਰੀ ਵਿੱਚ ਪੂਰੀ ਉੱਪਰ ਚਲੀ ਜਾਏ ਤਾਂ ਹੀ ਪੇਚ ਕੱਸਣਾ ਚਾਹੀਦਾ ਹੈ।*

*ਸੂਈ ਲਾਉਣ ਵੇਲੇ ਜੇ ਪੇਚ ਢਿੱਲਾ ਰਹਿ ਜਾਵੇ ਤਾਂ ਵੀ ਮਸ਼ੀਨ ਠੀਕ ਨਹੀਂ ਚੱਲੇਗੀ। ਪੇਚ ਦੇ ਢਿੱਲੇ ਰਹਿਣ ਕਰ ਕੇ ਸੂਈ ਥੱਲੇ ਵੱਲ ਆਏਗੀ ਅਤੇ ਟੁੱਟ ਜਾਏਗੀ। ਇਸ ਲਈ ਇਹ ਚੰਗੀ ਤਰ੍ਹਾਂ ਵੇਖ ਲੈਣਾ ਚਾਹੀਦਾ ਹੈ ਕਿ ਪੇਚ ਪੂਰੀ ਤਰ੍ਹਾਂ ਕਸਿਆ ਹੋਇਆ ਹੈ।*

*ਕਈ ਵਾਰ ਕੱਪੜਾ ਦੱਬਾ ਕੇ ਰੱਖਣ ਵਾਲਾ ਪੈਰ ਢਿੱਲਾ ਹੁੰਦਾ ਹੈ ਅਤੇ ਉਹ ਹਿਲ ਕੇ ਸੂਈ ਨਾਲ ਟਕਰਾ ਜਾਂਦਾ ਹੈ ਮਸ਼ੀਨ ਚਲਾਉਣ ਤੋਂ ਪਹਿਲਾਂ ਇਹ ਚੰਗੀ ਤਰ੍ਹਾਂ ਵੇਖ ਲੈਣਾ ਚਾਹੀਦਾ ਹੈ ਕਿ ਪੈਰ (ਪ੍ਰੈੱਸ਼ਰ ਫੁੱਟ) ਢਿੱਲਾ ਤਾਂ ਨਹੀਂ।*

*ਕਈ ਵਾਰ ਪਿੰਨ ਲੱਗੇ ਕੱਪੜੇ ਸਿਉਂਣ ਨਾਲ ਵੀ ਸੂਈ ਟੁੱਟ ਜਾਂਦੀ ਹੈ। ਸਿਉਂਣ ਲੱਗੇ ਧਿਆਨ ਰੱਖੋ ਕਿ ਕੱਪੜੇ ਨਾਲ ਕੋਈ ਹੋਰ ਪਿੰਨ ਜਾਂ ਸੂਈ ਨਾ ਲੱਗੀ ਹੋਵੇ।*

*ਕਈ ਵਾਰ ਸੂਈ ਅਜੇ ਕੱਪੜੇ ਵਿੱਚ ਹੁੰਦੀ ਹੈ ਜਦੋਂ ਬੇਧਿਆਨੇ ਕੱਪੜਾ ਖਿੱਚ ਲਈਦਾ ਹੈ ਤਾਂ ਸੂਈ ਟੁੱਟ ਜਾਂਦੀ ਹੈ। ਜਦੋਂ ਕੱਪੜਾ ਪੈਰ 'ਚੋਂ ਕੱਢੋ ਤਾਂ ਵੇਖ ਲਵੋ ਕਿ ਸੂਈ ਉੱਪਰ ਹੈ ਜਾਂ ਥੱਲੇ। ਕੱਪੜਾ ਖਿੱਚਣ ਲੱਗੇ ਸੂਈ ਹਰ ਹਾਲਤ ਵਿੱਚ ਉੱਪਰ ਹੋਣੀ ਚਾਹੀਦੀ ਹੈ। ਕੱਪੜੇ ਖਿੱਚਣ ਤੋਂ ਪਹਿਲਾਂ ਧਾਗਾ ਕੈਂਚੀ ਨਾਲ ਕੱਟ ਲੈਣਾ ਚਾਹੀਦਾ ਹੈ। ਨਹੀਂ ਤਾਂ ਸੂਈ ਦੇ ਮੁੜਨ ਜਾਂ ਟੁੱਟਣ ਦਾ ਖਤਰਾ ਹੋ ਸਕਦਾ ਹੈ।*

2. **ਧਾਗਾ ਟੁੱਟਣਾ—***ਮਸ਼ੀਨ ਨਾਲ ਸਿਲਾਈ ਕਰਨ ਸਮੇਂ ਇੱਕ ਧਾਗਾ ਉਪਰੋਂ ਆਉਂਦਾ ਹੈ ਅਤੇ ਇੱਕ ਹੇਠਾਂ ਫਿਰਕੀ ਵਿੱਚੋਂ। ਇਨ੍ਹਾਂ ਵਿੱਚੋਂ ਇੱਕ ਧਾਗਾ ਵੀ ਟੁੱਟ ਸਕਦਾ ਹੈ ਅਤੇ ਦੋਵੇਂ ਵੀ।*

**(i) ਉੱਪਰ ਵਾਲਾ ਧਾਗਾ ਟੁੱਟਣਾ—***ਗੀਲ ਵਿੱਚੋਂ ਜੇ ਧਾਗਾ ਠੀਕ ਨਾ ਆਵੇ ਜਾਂ ਉਪਰੋਂ ਆਉਂਦੇ ਧਾਗੇ ਨੂੰ ਜੇ ਕਿਤੇ ਗੰਢ ਪੈ ਜਾਵੇ ਤਾਂ ਧਾਗਾ ਟੁੱਟ ਜਾਂਦਾ ਹੈ।*

*ਧਾਗਾ ਬਹੁਤ ਮਾੜਾ ਹੋਵੇ ਤਾਂ ਵੀ ਧਾਗਾ ਟੁੱਟ ਜਾਂਦਾ ਹੈ। ਇਹ ਵੇਖ ਲੈਣਾ ਚਾਹੀਦਾ ਹੈ ਕਿ ਧਾਗਾ ਠੀਕ ਕੁਆਲਿਟੀ ਦਾ ਵਰਤਿਆ ਜਾਏ ਅਤੇ ਗੀਲ ਕੋਲ ਧਾਗਾ ਉਲਝਿਆ ਨਾ ਹੋਵੇ।*

*ਸੂਈ ਦਾ ਠੀਕ ਨਾ ਲੱਗੇ ਹੋਣ ਜਾਂ ਸੂਈ ਦਾ ਟੇਢਾ ਹੋਣਾ ਵੀ ਧਾਗਾ ਤੋੜ ਸਕਦਾ ਹੈ।*

*ਪਤਲੀ ਸੂਈ ਨਾਲ ਮੋਟਾ ਕੱਪੜਾ ਸਿਉਂਣ ਨਾਲ ਵੀ ਧਾਗਾ ਟੁੱਟ ਜਾਂਦਾ ਹੈ। ਇਸ ਲਈ ਸੂਈ ਕੱਪੜੇ ਅਨੁਸਾਰ ਠੀਕ ਨੰਬਰ ਦੀ ਵਰਤਣੀ ਚਾਹੀਦੀ ਹੈ।*

*ਕਈ ਵਾਰ ਧਾਗੇ ਦੀ ਕਸ ਠੀਕ ਨਹੀਂ ਹੁੰਦੀ, ਢਿੱਲਾ ਹੋਣ ਕਾਰਨ ਰੋਟਰੀ ਹੁੱਕ ਵਿੱਚ ਫਸ ਕੇ ਧਾਗਾ ਟੁੱਟ ਸਕਦਾ ਹੈ। ਧਾਗੇ ਦੀ ਕਸ ਠੀਕ ਕਰ ਲੈਣੀ ਚਾਹੀਦੀ ਹੈ। ਜੇ ਦਬਾ ਵਾਲਾ ਪੈਰ ਢਿੱਲਾ ਹੈ ਤਾਂ ਕੱਪੜਾ ਇਕੱਠਾ ਹੋ ਜਾਵੇਗਾ ਅਤੇ ਧਾਗਾ ਟੁੱਟ ਜਾਵੇਗਾ। ਪੈਰ ਦਾ ਦਬਾ ਚੈਕ ਕਰੋ ਅਤੇ ਜੇ ਢਿੱਲਾ ਹੈ ਤਾਂ ਕਸ ਲਓ।*

**(ii) ਥੱਲੇ ਵਾਲਾ ਧਾਗਾ ਟੁੱਟਣਾ—***ਫਿਰਕੀ ਦੀ ਕਸ ਜੇ ਜ਼ਿਆਦਾ ਹੋਵੇ ਤਾਂ ਵੀ ਧਾਗਾ ਟੁੱਟ ਜਾਂਦਾ ਹੈ। ਇਸ ਲਈ ਇਸ ਕਸ ਨੂੰ ਲੋੜ ਮੁਤਾਬਕ ਠੀਕ ਕਰੋ।*

*ਜੇ ਧਾਗਾ ਮੋਟਾ ਹੋਵੇ, ਲੋੜ ਤੋਂ ਵੱਧ ਫਿਰਕੀ ਭਰੀ ਹੋਵੇ ਜਾਂ ਫਿਰਕੀ ਤੇ ਇਕਸਾਰ ਧਾਗਾ ਨਾ ਚੜ੍ਹਿਆ ਹੋਵੇ ਤਾਂ ਵੀ ਥੱਲਵਾਂ ਭਾਗ ਟੁੱਟ ਜਾਂਦਾ ਹੈ। ਫਿਰਕੀ ਤੇ ਧਾਗਾ ਇਕਸਾਰ ਚੜ੍ਹਾਣਾ ਚਾਹੀਦਾ ਹੈ ਅਤੇ ਪੂਰੀ ਫਿਰਕੀ ਨਹੀਂ ਭਰਨੀ ਚਾਹੀਦੀ। ਜੇ ਧਾਗਾ ਮੋਟਾ ਹੋਵੇ ਤਾਂ ਫਿਰਕੀ-ਕੇਸ ਵਾਲੇ ਪੇਚ ਨੂੰ ਥੋੜ੍ਹਾ ਢਿੱਲਾ ਕਰ ਦੇਣਾ ਚਾਹੀਦਾ ਹੈ।*

*3. ਟਾਂਕੇ ਛੱਡਣੇ ਜਾਂ ਹਲਕੇ ਲੱਗਣੇ—ਕਈ ਵਾਰ ਮਸ਼ੀਨ ਟਾਂਕੇ ਛੱਡ ਜਾਂਦੀ ਹੈ ਤੇ ਕਈ ਵਾਰ ਟਾਂਕੇ ਢਿੱਲੇ ਤੇ ਗਲਤ ਲਗਦੇ ਹਨ। ਇਸ ਦਾ ਕਾਰਨ ਸੂਈ ਦਾ ਖਰਾਬ ਹੋਣਾ ਜਾਂ ਸੂਈ ਦਾ ਬਾਰ ਵਿੱਚ ਠੀਕ ਨਾ ਲੱਗੇ ਹੋਣਾ ਹੋ ਸਕਦਾ ਹੈ। ਜੇ ਧਾਗੇ ਦੀ ਕਿਸਮ ਕੱਪੜੇ ਮੁਤਾਬਕ ਨਹੀਂ ਤਾਂ ਵੀ ਮਸ਼ੀਨ ਵਿੱਚ ਇਹ ਖਰਾਬੀ ਹੋ ਸਕਦੀ ਹੈ। ਜੇਕਰ ਕਸ-ਰੈਗੂਲੇਟਰ (ਥਰੈੱਡ ਟੈਨਸ਼ਨ ਰੈਗੂਲੇਟਰ) ਵਿੱਚ ਢਿੱਲ ਹੈ ਜਾਂ ਫਿਰਕੀ ਕੇਸ ਦਾ ਪੇਚ ਢਿੱਲਾ ਹੈ ਤਾਂ ਵੀ ਟਾਂਕੇ ਢਿੱਲੇ ਤੇ ਗਲਤ ਲਗਦੇ ਹਨ। ਇਸ ਲਈ ਇਹ ਪੇਚ ਕੱਸਣੇ ਚਾਹੀਦੇ ਹਨ।*

*ਘਰ ਦੀ ਸੁਆਣੀ ਨੂੰ ਮਸ਼ੀਨ ਦੀ ਠੀਕ ਦੇਖਭਾਲ ਕਰਨੀ ਚਾਹੀਦੀ ਹੈ। ਛੋਟੇ-ਛੋਟੇ ਨੁਕਸ ਆਪ ਹੀ ਦੇਖ ਕੇ ਦੂਰ ਕੀਤੇ ਜਾ ਸਕਦੇ ਹਨ ਪਰ ਜੇ ਨੁਕਸ ਸਮਝ ਵਿੱਚ ਨਾ ਆਵੇ ਜਾਂ ਵੱਡਾ ਨੁਕਸ ਹੋਵੇ ਤਾਂ ਮਸ਼ੀਨ ਮਕੈਨਿਕ ਨੂੰ ਦਿਖਾਉਣਾ ਚਾਹੀਦਾ ਹੈ।*

## ਸਿਲਾਈ ਦੀਆਂ ਸੂਈਆਂ


*ਹੱਥ ਅਤੇ ਮਸ਼ੀਨ ਤੇ ਪ੍ਰਯੋਗ ਕਰਨ ਲਈ ਵੱਖ-ਵੱਖ ਕਿਸਮ ਦੀਆਂ ਸੂਈਆਂ ਹੁੰਦੀਆਂ ਹਨ। ਸਿਲਾਈ ਤੇ ਕਢਾਈ ਲਈ ਹੱਥ ਨਾਲ ਪ੍ਰਯੋਗ ਕਰਨ ਵਾਸਤੇ ਅਲੱਗ-ਅਲੱਗ ਸੂਈਆਂ ਹੁੰਦੀਆਂ ਹਨ।*

**1. ਹੱਥ ਨਾਲ ਸਿਲਾਈ ਲਈ ਸੂਈਆਂ—***ਸਧਾਰਣ ਸਿਲਾਈ ਲਈ ਇਹ ਪਤਲੀ ਬਾਰੀਕ ਨੱਕੇ ਵਾਲੀ ਅਤੇ ਦਰਮਿਆਨੀ ਲੰਬਾਈ ਵਾਲੀ ਸੂਈ ਹੁੰਦੀ ਹੈ। ਲੇਕਿਨ ਇਨ੍ਹਾਂ ਦੀ ਮੋਟਾਈ 'ਤੇ ਲੰਬਾਈ ਥੋੜ੍ਹੀ ਵੱਡੀ ਜਾਂ ਛੋਟੀ ਵੀ ਲਈ ਜਾ ਸਕਦੀ ਹੈ। ਪਤਲੇ ਕੱਪੜੇ ਲਈ ਬਾਰੀਕ ਤੇ ਛੋਟੀ ਚਾਹੀਦੀ ਹੈ। ਪਰੰਤੂ ਮੋਟੇ ਕੱਪੜੇ ਲਈ ਥੋੜ੍ਹੀ ਮੋਟੀ ਅਤੇ ਲੰਬੀ ਤੇ ਦਰਮਿਆਨੇ ਨੱਕੇ ਵਾਲੀ ਸੂਈ ਚਾਹੀਦੀ ਹੈ। ਰਫੂ ਕਰਨ ਲਈ ਸੂਈ ਲੰਬੀ, ਪਤਲੀ ਅਤੇ ਬਾਰੀਕ ਨੱਕੇ ਵਾਲੀ ਹੋਣੀ ਚਾਹੀਦੀ ਹੈ।*

**2. ਕਢਾਈ ਲਈ ਸੂਈਆਂ—***ਕਢਾਈ ਵਾਸਤੇ ਸੂਈ ਪਤਲੇ ਕੱਪੜੇ ਲਈ ਲੰਬੀ ਪਤਲੀ ਤੇ ਲੰਬੇ ਨੱਕੇ ਵਾਲੀ ਹੋਣੀ ਚਾਹੀਦੀ ਹੈ। ਜੇਕਰ ਕੱਪੜਾ ਮੋਟਾ ਹੋਵੇ ਤਾਂ ਸੂਈ ਮੋਟੀ, ਲੰਬੇ ਨੱਕੇ ਵਾਲੀ ਜਾਂ ਛੋਟੀ ਵੱਡੀ ਲੋੜ ਮੁਤਾਬਿਕ ਲਈ ਜਾ ਸਕਦੀ ਹੈ। ਊਨੀ ਕੱਪੜੇ ਤੇ ਕਢਾਈ ਕਰਨ ਲਈ ਜਾਂ ਊਨੀ ਸਵੈਟਰਾਂ ਨੂੰ ਸਿਉਂਣ ਲਈ ਸੂਈ ਖੁੰਡੇ ਨੱਕੇ ਅਤੇ ਮੂੰਹ ਵਾਲੀ ਹੁੰਦੀ ਹੈ ਜਦ ਕਿ ਦੂਸਰੇ ਕੱਪੜੇ ਸਿਉਂਣ ਜਾਂ ਕੱਢਣ ਲਈ ਇਹ ਤਿੱਖੇ ਮੂੰਹ ਵਾਲੀ ਸੂਈ ਘੱਟ ਜਾਂ ਜ਼ਿਆਦਾ ਲੰਬਾਈ ਦੀ ਹੋ ਸਕਦੀ ਹੈ।*

**3. ਮਸ਼ੀਨ ਲਈ ਸੂਈਆਂ —***ਇਨ੍ਹਾਂ ਦੀ ਬਨਾਵਟ ਤੇ ਲੰਬਾਈ ਆਮ ਤੌਰ ਤੇ ਹਰੇਕ ਮਸ਼ੀਨ ਲਈ ਇੱਕ ਸਾਰ ਹੀ ਹੁੰਦੀ ਹੈ। ਪਰੰਤੂ ਕੱਪੜੇ ਦੀ ਮੋਟਾਈ ਮੁਤਾਬਿਕ ਇਨ੍ਹਾਂ ਦੀ ਮੋਟਾਈ ਵੱਖ-ਵੱਖ ਹੁੰਦੀ ਹੈ। ਪਤਲੇ ਕੱਪੜੇ ਲਈ 12 ਤੋਂ 14 ਨੰਬਰ ਦੀ ਸੂਈ, ਦਰਮਿਆਨੇ ਕੱਪੜੇ ਲਈ 14 ਨੰਬਰ ਅਤੇ ਮੋਟੇ ਲਈ 16-18 ਨੰਬਰ ਦੀਆਂ ਸੂਈਆਂ ਇਸਤੇਮਾਲ ਕੀਤੀਆਂ ਜਾਂਦੀਆਂ ਹਨ।*

*ਸੂਈ ਦੀ ਚੋਣ ਸਮੇਂ ਇਹ ਧਿਆਨ ਦਿਓ ਕਿ ਇਹ ਜੰਗ ਰਹਿਤ, ਸਿੱਧੀ ਤੇ ਤਿੱਖੀ ਨੱਕੇ ਵਾਲੀ ਹੋਵੇ ਨਹੀਂ ਤਾਂ ਸਿਲਾਈ ਵਿੱਚ ਰੁਕਾਵਟ ਆਵੇਗੀ ਅਤੇ ਹੱਥ ਜਾਂ ਮਸ਼ੀਨ ਨਾਲ ਕੰਮ ਠੀਕ ਨਹੀਂ ਹੋਵੇਗਾ। ਸਿਰਫ ਕਢਾਈ ਵਾਲੀਆਂ ਮੋਟੀਆਂ ਸੂਈਆਂ ਹੀ ਖੁੰਡੇ ਮੂੰਹ ਵਾਲੀਆਂ ਅਤੇ ਲੰਬੇ ਨੱਕੇ ਵਾਲੀਆਂ ਹੋ ਸਕਦੀਆਂ ਹਨ।*




*ਚਿੱਤਰ 6.5 ਮਸ਼ੀਨ ਅਤੇ ਸਿਲਾਈ ਦੀਆਂ ਸੂਈਆਂ*

*ਕੱਪੜੇ ਦੀ ਕਿਸਮ ਮੁਤਾਬਕ ਸੂਈਆਂ ਦੀ ਚੋਣ ਹੇਠ ਲਿਖੇ ਅਨੁਸਾਰ ਕੀਤੀ ਜਾ ਸਕਦੀ ਹੈ।*

*ਟੇਬਲ 6.1*

*ਕੱਪੜੇ ਦੀ ਕਿਸਮ ਮੁਤਾਬਕ ਸੂਈਆਂ ਦੀ ਚੋਣ*

| ਨੰ: | ਕੱਪੜੇ ਦੀ ਕਿਸਮ | ਆਮ ਸਿਲਾਈ ਲਈ ਸੂਈ (ਨੰਬਰ) | ਕਾਜ ਕਰਨ ਲਈ ਸੂਈ (ਨੰਬਰ) | ਕਢਾਈ ਲਈ ਸੂਈ (ਨੰਬਰ) |
|---|---|---|---|---|
| 1. | ਬਾਰੀਕ ਅਤੇ ਮਹੀਨ ਕੱਪੜੇ (ਮਲਮਲ, ਵਾਇਲ ਆਰਕੰਡੀ, ਨਾਈਲੋਨ, ਟੈਰਾਲੀਨਆਦਿ।) | 9-10 | 8 | 9-10 |
| 2. | ਸਿਲਕ, ਰੇਔਨ, ਸੂਤੀ ਪਤਲੇ ਕੱਪੜੇ | 8-10 | 6 | 5-7 |
| 3. | ਸਧਾਰਣ ਮੋਟਾਈ ਵਾਲੇ ਕੱਪੜੇ | 6-8 | 6 | 5-7 |
| 4. | ਮੋਟੇ ਕੱਪੜੇ ਊਨੀ ਅਤੇ ਹੋਰ ਮੋਟੇ ਕੱਪੜੇ | 5-6 | 4 | 18 |

**ਮਸ਼ੀਨ ਦੀ ਸੂਈ**—*ਕੱਪੜੇ ਦੀ ਮੋਟਾਈ ਮੁਤਾਬਕ ਇਸ ਦਾ ਨੰਬਰ ਵੱਖ-ਵੱਖ ਹੁੰਦਾ ਹੈ।*

**ਟੇਬਲ 6.2**

**ਕੱਪੜੇ ਦੀ ਕਿਸਮ ਮੁਤਾਬਕ ਮਸ਼ੀਨ ਦੀਆਂ ਸੂਈਆਂ**

| ਨੰ : | ਕੱਪੜੇ ਦੀ ਕਿਸਮ | ਮਸ਼ੀਨ ਦੀ ਸੂਈ (ਨੰਬਰ) |
|---|---|---|
| 1. | ਬਾਰੀਕ ਅਤੇ ਮਹੀਨ ਕੱਪੜੇ (ਮਲਮਲ, ਵੈਲ, ਆਰਕੰਡੀ ਨਾਈਲੋਨ, ਟੈਰਾਲੀਨ ਆਦਿ) | 10 |
| 2. | ਸਿਲਕ, ਰੇਔਨ, ਬਾਰੀਕ ਸੂਤੀ ਕੱਪੜਾ | 12 |
| 3. | ਸਧਾਰਣ ਮੋਟਾਈ ਵਾਲਾ ਕੱਪੜਾ | 14-16 |
| 4. | ਮੋਟਾ ਕੱਪੜਾ | 16-18 |

*ਮਸ਼ੀਨ ਅਤੇ ਹੱਥ ਨਾਲ ਸਿਲਾਈ ਕਰਨ ਲਈ ਕੱਪੜੇ ਦੀ ਕਿਸਮ ਅਨੁਸਾਰ ਉਪਰ ਟੇਬਲ ਵਿੱਚ ਦੱਸੇ ਅਨੁਸਾਰ ਸੂਈਆਂ ਦੀ ਚੋਣ ਕਰਨੀ ਚਾਹੀਦੀ ਹੈ।*

## ਅਭਿਆਸ

## ਵਸਤੂਨਿਸ਼ਠ ਪ੍ਰਸ਼ਨ

1. *ਮਸ਼ੀਨ ਵਿੱਚ ਸੂਈ ਕਿੱਥੇ ਅਤੇ ਕਿਵੇਂ ਲਗਾਈ ਜਾਂਦੀ ਹੈ ?*
2. *ਮਸ਼ੀਨ ਦਾ ਬਖੀਆ ਕਿੰਨੇ ਧਾਗਿਆਂ ਤੋਂ ਬਣਦਾ ਹੈ ਅਤੇ ਮਸ਼ੀਨ ਵਿੱਚ ਇਹ ਧਾਗੇ ਕਿੱਥੇ ਹੁੰਦੇ ਹਨ ?*
3. *ਮਸ਼ੀਨ ਦਾ ਉਪਰਲਾ ਧਾਗਾ ਪਾਉਣ ਸਮੇਂ ਮਸ਼ੀਨ ਦੇ ਕਿਹੜੇ-ਕਿਹੜੇ ਹਿੱਸਿਆਂ ਵਿੱਚੋਂ ਇਹ ਧਾਗਾ ਲੰਘਾਇਆ ਜਾਂਦਾ ਹੈ ?*
4. *ਮਸ਼ੀਨ ਦੇ ਹੇਠਲਾ ਧਾਗਾ ਪਾਉਣ ਸਮੇਂ ਮਸ਼ੀਨ ਦੇ ਕਿਹੜੇ-ਕਿਹੜੇ ਪੁਰਜ਼ਿਆਂ ਦਾ ਜ਼ਿਕਰ ਆਉਂਦਾ ਹੈ ?*
5. *ਮਸ਼ੀਨ ਦੇ ਟਾਂਕੇ ਲੰਬਾਈ ਕਿੱਥੋਂ ਵਧਾਈ ਜਾਂ ਘਟਾਈ ਜਾ ਸਕਦੀ ਹੈ ਅਤੇ ਕਿਵੇਂ ?*
6. *ਮਸ਼ੀਨ ਦੀ ਸਿਲਾਈ ਮੋੜਨ ਤੋਂ ਤੁਸੀਂ ਕੀ ਸਮਝਦੇ ਹੋ ?*
7. *ਕੱਪੜੇ ਤੇ ਦਬਾਓ ਕੀ ਵਧਾਇਆ ਜਾਂ ਘਟਾਇਆ ਜਾ ਸਕਦਾ ਹੈ ? ਜੇ ਹਾਂ ਤਾਂ ਕਿਵੇਂ ?*
8. *ਮਸ਼ੀਨ ਵਿੱਚ ਆਮ ਕਿਹੜੇ-ਕਿਹੜੇ ਨੁਕਸ ਪੈ ਜਾਂਦੇ ਹਨ ?*
9. *ਸਿਲਾਈ ਲਈ ਕਿਹੜੀਆਂ-ਕਿਹੜੀਆਂ ਸੂਈਆਂ ਇਸਤੇਮਾਲ ਕੀਤੀਆਂ ਜਾਂਦੀਆਂ ਹਨ ?*
10. *ਕੀ ਕੱਪੜੇ ਮੁਤਾਬਕ ਸੂਈ ਦੀ ਕਿਸਮ ਬਦਲਣੀ ਪੈਂਦੀ ਹੈ ?*

## ਛੋਟੇ ਉੱਤਰਾਂ ਵਾਲੇ ਪ੍ਰਸ਼ਨ—

11. ਮਸ਼ੀਨ ਵਿੱਚ ਸੂਈ ਕਿਵੇਂ ਲਗਾਈ ਜਾਂਦੀ ਹੈ ?
12. ਮਸ਼ੀਨ ਦੀ ਸੂਈ ਵਿੱਚ ਧਾਗਾ ਕਿਵੇਂ ਪਾਇਆ ਜਾਂਦਾ ਹੈ ?
13. ਫਿਰਕੀ ਵਾਲਾ ਧਾਗਾ ਮਸ਼ੀਨ ਵਿੱਚ ਕਿਵੇਂ ਪਾਇਆ ਜਾਂਦਾ ਹੈ ?
14. ਮਸ਼ੀਨ ਦਾ ਟਾਂਕਾ ਕਿਵੇਂ ਪਰਖਿਆ ਜਾਂਦਾ ਹੈ ?
15. ਸਿਲਾਈ ਮਸ਼ੀਨ ਦੀ ਸਫ਼ਾਈ ਤੋਂ ਤੁਸੀਂ ਕੀ ਸਮਝਦੇ ਹੋ ?
16. ਸਿਲਾਈ ਮਸ਼ੀਨ ਨੂੰ ਤੇਲ ਕਿੱਥੇ ਅਤੇ ਕਿਵੇਂ ਦੇਣਾ ਚਾਹੀਦਾ ਹੈ ?
17. ਮਸ਼ੀਨ ਦੇ ਆਮ ਨੁਕਸ ਕਿਹੜੇ ਹਨ ? ਕਿਸੇ ਇੱਕ ਬਾਰੇ ਦੱਸੋ ?
18. ਮਸ਼ੀਨ ਦੀ ਸੂਈ ਟੁੱਟਣ ਦੇ ਕੀ ਕਾਰਨ ਹਨ ਅਤੇ ਕਿਵੇਂ ਬਚਾਓ ਕੀਤਾ ਜਾ ਸਕਦਾ ਹੈ ?
19. ਮਸ਼ੀਨ ਦਾ ਧਾਗਾ ਕਿਉਂ ਟੁੱਟਣ ਲੱਗ ਜਾਂਦਾ ਹੈ ਅਤੇ ਇਸ ਨੁਕਸ ਨੂੰ ਕਿਵੇਂ ਦੂਰ ਕੀਤਾ ਜਾ ਸਕਦਾ ਹੈ ?
20. ਕਈ ਵਾਰ ਮਸ਼ੀਨ ਟਾਂਕੇ ਛੱਡਣ ਕਿਉਂ ਲੱਗ ਜਾਂਦੀ ਹੈ ਅਤੇ ਇਹ ਨੁਕਸ ਕਿਵੇਂ ਦੂਰ ਕੀਤਾ ਜਾ ਸਕਦਾ ਹੈ ?
21. ਵੱਖ-ਵੱਖ ਕੱਪੜਿਆਂ ਦੀ ਕਢਾਈ ਲਈ ਕਿਹੋ ਜਿਹੀਆਂ ਸੂਈਆਂ ਇਸਤੇਮਾਲ ਕੀਤੀਆਂ ਜਾਂਦੀਆਂ ਹਨ ?
22. ਮਸ਼ੀਨ ਦੀ ਸੂਈ ਕਿਹੋ ਜਿਹੀ ਹੁੰਦੀ ਹੈ ? ਵੱਖ-ਵੱਖ ਕੱਪੜਿਆਂ ਤੇ ਸਿਲਾਈ ਕਰਨ ਸਮੇਂ ਸੂਈ ਵਿੱਚ ਕੀ ਅੰਤਰ ਹੁੰਦਾ ਹੈ ?

## ਨਿਬੰਧਾਤਮਕ ਪ੍ਰਸ਼ਨ—

23. ਮਸ਼ੀਨ ਦੀ ਸਹੀ ਵਰਤੋਂ ਲਈ ਸਾਨੂੰ ਕਿਹੜੀਆਂ-ਕਿਹੜੀਆਂ ਕਾਰਜ ਵਿਧੀਆਂ ਬਾਰੇ ਜਾਣਕਾਰੀ ਜ਼ਰੂਰੀ ਹੈ ?
24. ਮਸ਼ੀਨ ਦੀ ਸੰਭਾਲ ਤੋਂ ਤੁਸੀਂ ਕੀ ਸਮਝਦੇ ਹੋ ?
25. ਮਸ਼ੀਨ ਵਿੱਚ ਆਮ ਕਿਹੜੇ-ਕਿਹੜੇ ਨੁਕਸ ਪੈ ਜਾਂਦੇ ਹਨ ਅਤੇ ਇਹਨਾਂ ਨੂੰ ਕਿਵੇਂ ਦੂਰ ਕੀਤਾ ਜਾ ਸਕਦਾ ਹੈ ?
26. ਸਿਲਾਈ ਲਈ ਇਸਤੇਮਾਲ ਹੋਣ ਵਾਲੀਆਂ ਸੂਈਆਂ ਬਾਰੇ ਵਿਸਥਾਰ ਨਾਲ ਦੱਸੋ।

*********

## ਪਾਠ 7

# ਨਾਪ ਨੂੰ ਡਰਾਫਟਿੰਗ ਵਿੱਚ ਬਦਲਣਾ

*ਕੱਪੜੇ ਦੀ ਸਿਲਾਈ ਕਰਨ ਤੋਂ ਪਹਿਲਾਂ ਡਰਾਫਟ ਬਣਾਉਣ ਸਮੇਂ ਮੁੱਖ ਦੋ ਤਰ੍ਹਾਂ ਦੇ ਸਰੀਰਕ ਨਾਪ ਲਏ ਜਾਂਦੇ ਹਨ—*

*1. ਗੋਲਾਈ ਵਾਲੇ ਨਾਪ   2. ਲੰਬਾਈ ਵਾਲੇ ਨਾਪ*

**1. ਗੋਲਾਈ ਵਾਲੇ ਨਾਪ—***ਸਰੀਰ ਦੇ ਇਰਦ ਗਿਰਦ ਜਿਵੇਂ ਛਾਤੀ, ਹਿਪ, ਤੀਰਾ, ਮੋਢਾ, ਗਲਾ, ਬਾਂਹ ਦੀ ਗੋਲਾਈ ਅਤੇ ਲੱਤਾਂ ਦੀ ਗੋਲਾਈ ਆਦਿ।*

**2. ਲੰਬਾਈ ਵਾਲੇ ਨਾਪ—***ਪੁਸ਼ਾਕਾਂ ਦੀ ਵੱਖ-ਵੱਖ ਲੰਬਾਈ ਮੁਤਾਬਕ ਲਏ ਜਾਂਦੇ ਹਨ ਜਿਵੇਂ ਮੋਢੇ ਤੋਂ ਕਮਰ ਤੱਕ, ਮੋਢੇ ਤੋਂ ਗੋਡੇ ਤੱਕ, ਆਸਣ ਦੀ ਲੰਬਾਈ, ਕਮਰ ਤੋਂ ਗੋਡੇ ਤੱਕ, ਕਮਰ ਤੋਂ ਪੈਰਾਂ ਤੱਕ, ਬਾਂਹ ਅਤੇ ਲੱਤ ਦੇ ਨਾਪ, ਗਲੇ ਦਾ ਨਾਪ ਆਦਿ।*

*ਨਾਪ ਲੈਣ ਦੇ ਨਿਯਮ ਅਤੇ ਤਰੀਕੇ ਬਾਰੇ ਵਿਸਥਾਰ ਪੂਰਵਕ ਤੁਸੀਂ ਨੌਂਵੀ ਸ਼੍ਰੇਣੀ (ਪਾਠ3) ਵਿੱਚ ਪੜ੍ਹ ਚੁੱਕੇ ਹੋ। ਹੁਣ ਅਸੀਂ ਨਾਪ ਨੂੰ ਡਰਾਫਟਿੰਗ ਵਿੱਚ ਬਦਲਣ ਬਾਰੇ ਪੜ੍ਹਾਂਗੇ।*

## ਨਾਪ ਨੂੰ ਡਰਾਫਟਿੰਗ ਵਿੱਚ ਬਦਲਣ ਦੇ ਤਰੀਕੇ

*ਪੁਸ਼ਾਕ ਬਣਾਉਣ ਲਈ ਸਰੀਰ ਦੇ ਵੱਖ-ਵੱਖ ਹਿੱਸਿਆਂ ਤੋਂ ਨਾਪ ਲਏ ਜਾਂਦੇ ਹਨ। ਇਹਨਾਂ ਨੂੰ ਆਪਸ ਵਿੱਚ ਮਿਲਾ ਕੇ ਡਰਾਫਟ ਤਿਆਰ ਕੀਤਾ ਜਾ ਸਕਦਾ ਹੈ ਤਾਂ ਕਿ ਉਸ ਮੁਤਾਬਕ ਪੁਸ਼ਾਕ ਬਣਾਈ ਜਾ ਸਕੇ।*

**1. ਨਾਪ ਦਾ ਪ੍ਰਯੋਗ ਕਰਕੇ ਡਰਾਫਟਿੰਗ ਬਣਾਉਣੀ—***ਜਿਸ ਕਿਸਮ ਦੀ ਵੀ ਪੁਸ਼ਾਕ ਬਣਾਉਣੀ ਹੋਵੇ ਉਸ ਮੁਤਾਬਕ ਜ਼ਰੂਰੀ ਨਾਪ ਲੈ ਕੇ ਕਾਗਜ਼ ਤੇ ਲਿਖ ਲਓ। ਪਰੰਤੂ ਇਹ ਨਾਪ ਸਰੀਰ ਦੇ ਬਿਲਕੁਲ ਬਰਾਬਰ ਦੇ ਹੁੰਦੇ ਹਨ। ਜਦ ਕਿ ਪੁਸ਼ਾਕ ਇਨ੍ਹੀ ਖੁਲ੍ਹੀ ਹੋਣੀ ਚਾਹੀਦੀ ਹੈ ਜਿਸ ਨਾਲ ਵਿਅਕਤੀ ਆਸਾਨੀ ਨਾਲ ਹਰ ਸਰੀਰਕ ਕੰਮ ਕਰ ਸਕੇ। ਇਸ ਲਈ ਇਹਨਾਂ ਲਏ ਹੋਏ ਨਾਪਾਂ ਵਿੱਚ ਲੋੜ ਅਨੁਸਾਰ ਖੁੱਲ੍ਹੇ ਪਣ ਲਈ ਵਾਧੂ ਨਾਪ ਜੋੜ ਦੇਣੇ ਚਾਹੀਦੇ ਹਨ। ਇਹ ਕਈ ਹਿੱਸਿਆਂ ਤੇ ਲੋੜ ਅਨੁਸਾਰ ਅੱਧਾ ਇੰਚ ਤੋਂ ਲੈ ਕੇ ਚਾਰ ਇੰਚ ਜਾਂ ਇਸ ਤੋਂ ਜ਼ਿਆਦਾ ਰੱਖੇ ਜਾ ਸਕਦੇ ਹਨ।*


*ਖੁੱਲ੍ਹੇ ਪਣ ਲਈ ਮੋਢਿਆਂ ਤੇ ਅੱਧਾ ਇੰਚ, ਬਾਂਹ ਦੀ ਕਾਟ ਲਈ ਅੱਧਾ ਇੰਚ ਤੋਂ ਇੱਕ ਇੰਚ, ਛਾਤੀ ਦੀ ਗੋਲਾਈ ਦੇ ਨਾਪ ਵਿੱਚ ਦੋ ਤੋਂ ਚਾਰ ਇੰਚ, ਕਮਰ ਦੀ ਗੋਲਾਈ ਲਈ ਇੱਕ ਇੰਚ ਤੋਂ ਚਾਰ ਇੰਚ, ਹਿੱਪ ਦੇ ਘੇਰੇ ਲਈ ਦੋ ਇੰਚ ਤੋਂ ਛੇ ਇੰਚ, ਬਾਹਾਂ ਦੀ ਗੋਲਾਈ ਵਿੱਚ ਅੱਧਾ ਇੰਚ ਤੋਂ ਦੋ ਇੰਚ ਤਕ, ਨਿੱਕਰ ਜਾਂ ਪੈਂਟ ਦੇ ਆਸਣ ਵਿੱਚ ਦੋ ਤੋਂ ਤਿੰਨ ਇੰਚ, ਨਿੱਕਰ ਦੇ ਘੇਰੇ ਲਈ ਇੱਕ ਤੋਂ ਦੋ ਇੰਚ ਤੱਕ ਦਾ ਨਾਪ ਜੋੜਿਆ ਜਾ ਸਕਦਾ ਹੈ। ਜ਼ਰੂਰਤ ਪਸੰਦ ਅਤੇ ਫੈਸ਼ਨ ਅਨੁਸਾਰ ਇਹ ਖੁੱਲ੍ਹੇਪਣ ਵਾਲੇ ਨਾਪ ਘਟਾਏ ਜਾਂ ਵਧਾਏ ਜਾ ਸਕਦੇ ਹਨ।*

*ਮੁੱਢਲੇ ਸਰੀਰਕ ਨਾਪਾਂ ਵਿੱਚ ਖੁੱਲ੍ਹੇਪਣ ਲਈ ਨਾਪ ਜੋੜ ਕੇ ਡਰਾਫਟਿੰਗ ਤਿਆਰ ਕੀਤੀ ਜਾ ਸਕਦੀ ਹੈ। ਬਾਅਦ ਵਿੱਚ ਸਿਉਂਣਾਂ ਅਤੇ ਫੱਟਿਆਂ ਲਈ ਨਾਪ ਜੋੜੇ ਜਾ ਸਕਦੇ ਹਨ।*

**2. ਰੇਡੀਮੇਡ ਡਰਾਫਟਿੰਗ ਜਾਂ ਪੇਪਰ ਪੇਟਰਨ ਦਾ ਪ੍ਰਯੋਗ**—*ਪੁਸ਼ਾਕ ਬਣਾਉਣ ਲਈ ਰੇਡੀਮੇਡ ਡਰਾਫਟਿੰਗ ਜਾਂ ਪੇਪਰ ਪੈਟਰਨ ਦਾ ਪ੍ਰਯੋਗ ਵੀ ਕੀਤਾ ਜਾ ਸਕਦਾ ਹੈ। ਇਸ ਦੀ ਚੋਣ ਕਰਨ ਸਮੇਂ ਉਮਰ, ਲਿੰਗ ਅਤੇ ਕੁਝ ਜ਼ਰੂਰੀ ਨਾਪਾਂ ਦਾ ਧਿਆਨ ਰੱਖਣਾ ਪੈਂਦਾ ਹੈ। ਜਿਵੇਂ ਛਾਤੀ ਦਾ ਨਾਪ ਜਾਂ ਲੰਬਾਈ ਮੁਤਾਬਕ ਡਰਾਫਟਿੰਗ ਦੀ ਚੋਣ ਕੀਤੀ ਜਾ ਸਕਦੀ ਹੈ। ਪਰ ਹਰੇਕ ਉਮਰ ਦੇ ਵਿਅਕਤੀ ਲਈ ਕਈ ਵਾਰ ਰੈਡੀਮੇਡ ਡਰਾਫਟਿੰਗ ਜਾਂ ਪੇਪਰ ਪੈਟਰਨ ਨਹੀਂ ਮਿਲਦੇ। ਇਸ ਤਰ੍ਹਾਂ ਦੇ ਪੇਪਰ ਪੈਟਰਨ ਜਾਂ ਰੈਡੀਮੇਡ ਡਰਾਫਟਿੰਗ ਪੱਛਮੀ ਦੇਸ਼ਾਂ ਵਿੱਚ ਤਾਂ ਆਮ ਮਿਲਦੇ ਹਨ ਪਰ ਭਾਰਤ ਵਿੱਚ ਇਹ ਆਮ ਨਹੀਂ ਮਿਲਦੇ।*


**3. ਰੈਡੀਮੇਡ ਡਰਾਫਟਿੰਗ ਨੂੰ ਨਾਪ ਅਨੁਸਾਰ ਤਬਦੀਲ ਕਰਨਾ**—*ਕਈ ਵਾਰ ਆਦਰਸ਼ ਨਾਪ ਨਾਲ ਬਣਾਈ ਹੋਈ ਡਰਾਫਟਿੰਗ ਜਾਂ ਪੇਪਰ ਪੈਟਰਨ ਹਰੇਕ ਉਮਰ ਅਤੇ ਹਰੇਕ ਕਿਸਮ ਦੇ ਢਾਂਚੇ ਵਾਲੇ ਵਿਅਕਤੀ ਦੇ ਫਿੱਟ ਨਹੀਂ ਆਉਂਦੇ। ਕਿਉਂਕਿ ਛਾਤੀ ਦਾ ਇੱਕੋ ਜਿਹਾ ਨਾਪ ਹੁੰਦੇ ਹੋਏ ਵੀ ਕਿਸੇ ਵਿਅਕਤੀ ਦੀ ਕਮਰ ਪਤਲੀ ਜਾਂ ਚੌੜੀ, ਮੋਢੇ ਚੌੜੇ ਜਾਂ ਤੰਗ, ਹਿੱਪ ਭਾਰੇ ਜਾਂ ਪਤਲੇ ਹੋ ਸਕਦੇ ਹਨ। ਜਿਸ ਕਰਕੇ ਰੈਡੀਮੇਡ ਡਰਾਫਟਿੰਗ ਵਿੱਚ ਥੋੜ੍ਹੀ ਬਹੁਤ ਤਬਦੀਲੀ ਲਿਆਉਣੀ ਪੈਂਦੀ ਹੈ।*

**(ੳ) ਲੰਬਾਈ ਦਾ ਘਟਾਉਣਾ ਜਾਂ ਵਧਾਉਣਾ**—*ਜਦੋਂ ਬਾਕੀ ਦੇ ਸਾਰੇ ਨਾਪ ਡਰਾਫਟਿੰਗ ਅਨੁਸਾਰ ਹੋਣ ਅਤੇ ਸਿਰਫ ਲੰਬਾਈ ਵਿੱਚ ਤਬਦੀਲੀ ਕਰਨੀ ਹੋਵੇ ਤਾਂ ਡਾਟ (ਪਲੀਟ) ਦੇ ਮੱਧ ਵਿੱਚੋਂ ਬਾਡੀਜ਼ ਬਲਾਕ ਨੂੰ ਕੱਟ ਕੇ ਲੋੜ ਅਨੁਸਾਰ ਲੰਬਾਈ ਵਧਾ ਜਾਂ ਘਟਾ ਲਓ। ਇਸ ਹਿੱਸੇ ਵਿੱਚ ਫਿਟਿੰਗ ਦੀ ਘੱਟ ਮੁਸ਼ਕਿਲ ਪੈਂਦੀ ਹੈ ਜਿਸ ਕਰਕੇ ਇੱਥੋਂ ਲੰਬਾਈ ਆਸਾਨੀ ਨਾਲ ਘਟਾਈ ਜਾਂ ਵਧਾਈ ਜਾ ਸਕਦੀ ਹੈ (ਚਿੱਤਰ 7.1)।*



*ਚਿੱਤਰ 7.1 ਲੰਬਾਈ ਨੂੰ ਘਟਾਉਣਾ ਜਾਂ ਵਧਾਉਣਾ*


**(ਅ) ਚੌੜਾਈ ਦਾ ਘਟਾਉਣਾ ਜਾਂ ਵਧਾਉਣਾ—** *ਚੌੜਾਈ ਦੀ ਤਬਦੀਲੀ ਲਈ ਡਰਾਫਟਿੰਗ ਨੂੰ ਮੋਢੇ ਵਾਲੇ ਪਾਸੇ ਤੋਂ ਥੱਲੇ ਤੱਕ ਕੱਟ ਦਿਓ ਅਤੇ ਲੋੜ ਅਨੁਸਾਰ ਚੌੜਾਈ ਵਧਾ ਜਾਂ ਘਟਾ ਦਿਓ (7.2)।*




*ਚਿੱਤਰ 7.2 ਚੌੜਾਈ ਨੂੰ ਘਟਾਉਣਾ ਜਾਂ ਵਧਾਉਣਾ*

**(ੲ) ਤੀਰੇ ਦਾ ਨਾਪ ਘੱਟ ਵੱਧ ਕਰਨਾ—***ਜੇਕਰ ਬਾਕੀ ਦੀ ਡਰਾਫਟਿੰਗ ਠੀਕ ਫਿੱਟ ਹੋਵੇ ਅਤੇ ਸਿਰਫ਼ ਤੀਰਾ ਤੰਗ ਜਾਂ ਖੁੱਲ੍ਹਾ ਹੋਵੇ ਤਾਂ ਮੋਢੇ ਦੇ ਨਾਪ ਨੂੰ ਵਿਚਕਾਰੋਂ ਕੱਟ ਕੇ ਬਾਂਹ ਦੀ ਕਾਟ ਤੱਕ ਲੈ ਆਓ। ਜ਼ਰੂਰਤ ਅਨੁਸਾਰ ਇਸ ਵਿੱਚ ਨਾਪ ਜੋੜਿਆ ਜਾਂ ਘਟਾਇਆ ਜਾ ਸਕਦਾ ਹੈ। (ਚਿੱਤਰ 7.3)।*

**(ਸ) ਕਮਰ ਦਾ ਨਾਪ ਖੁੱਲ੍ਹਾ ਜਾਂ ਤੰਗ ਕਰਨਾ—***ਕਈ ਵਿਅਕਤੀ ਕਮਰ ਤੋਂ ਬਹੁਤ ਪਤਲੇ ਜਾਂ ਮੋਟੇ ਹੁੰਦੇ ਹਨ, ਜਿਸ ਕਰਕੇ ਆਮ ਡਰਾਫਟਿੰਗ ਵਿੱਚ ਕਮਰ ਦੇ ਨਾਪ ਨੂੰ ਘਟਾਉਣਾ ਜਾਂ ਵਧਾਉਣਾ ਪੈਂਦਾ ਹੈ। ਇਸ ਲਈ ਜ਼ਰੂਰਤ ਅਨੁਸਾਰ ਡਰਾਫਟਿੰਗ ਦੇ ਇਕ ਪਾਸੇ ਤੋਂ ਨਾਪ ਵਧਾ ਜਾਂ ਘਟਾ ਸਕਦੇ ਹਾਂ (ਚਿੱਤਰ 7.4)।*




*ਚਿੱਤਰ 7.3 ਤੀਰੇ ਦੇ ਨਾਪ ਨੂੰ ਵਧਾਉਣਾ ਜਾਂ ਘਟਾਉਣਾ*



*ਚਿੱਤਰ 7.4 ਕਮਰ ਦੇ ਨਾਪ ਨੂੰ ਵਧਾਉਣਾ ਜਾਂ ਘਟਾਉਣਾ*

*(ਹ) ਛਾਤੀ ਦਾ ਨਾਪ ਖੁੱਲ੍ਹਾ ਜਾਂ ਤੰਗ ਕਰਨਾ—ਕਈ ਵਾਰ ਕਈ ਵਿਅਕਤੀਆਂ ਦਾ ਛਾਤੀ ਵਾਲਾ ਹਿੱਸਾ ਚੌੜਾ ਜਾਂ ਪਤਲਾ ਹੁੰਦਾ ਹੈ ਅਤੇ ਬਾਕੀ ਦੀ ਡਰਾਫਟਿੰਗ ਠੀਕ ਆਉਂਦੀ ਹੈ। ਇਸ ਲਈ ਮੋਢੇ ਦੇ ਮੱਧ ਤੋਂ ਬਾਂਹ ਦੀ ਕਾਟ ਤੱਕ ਕੱਟ ਲਗਾਓ ਅਤੇ ਇਸ ਵਿੱਚ ਜ਼ਰੂਰਤ ਅਨੁਸਾਰ ਨਾਪ ਜੋੜੋ ਜਾਂ ਘਟਾਓ ਅਤੇ ਪਾਸਿਆਂ ਤੇ ਵੀ ਜ਼ਰੂਰਤ ਅਨੁਸਾਰ ਨਾਪ ਜੋੜੋ ਜਾਂ ਘਟਾਓ।*



*ਚਿੱਤਰ 7.5 ਛਾਤੀ ਦੇ ਨਾਪ ਨੂੰ ਵਧਾਉਣਾ ਜਾਂ ਘਟਾਉਣਾ*

*ਉਪਰ ਦੱਸੇ ਹੋਏ ਤਰੀਕਿਆਂ ਦੀ ਤਰ੍ਹਾਂ ਹੀ ਦੂਸਰੀਆਂ ਪੁਸ਼ਾਕਾਂ ਦੀਆਂ ਡਰਾਫਟਿੰਗ ਅਤੇ ਪੇਪਰ ਪੈਟਰਨ ਵਿੱਚ ਵੀ ਲੋੜ ਅਨੁਸਾਰ ਤਬਦੀਲੀਆਂ ਲਿਆਂਦੀਆਂ ਜਾ ਸਕਦੀਆਂ ਹਨ ਅਤੇ ਇਹਨਾਂ ਨੂੰ ਸੁਚੱਜੇ ਢੰਗ ਨਾਲ ਸੁਹਣੀ ਫਿਟਿੰਗ ਵਾਲੀਆਂ ਪੁਸ਼ਾਕਾਂ ਸਿਉਂਣ ਲਈ ਪ੍ਰਯੋਗ ਵਿੱਚ ਲਿਆਇਆ ਜਾ ਸਕਦਾ ਹੈ।*

## ਅਭਿਆਸ

## ਵਸਤੂਨਿਸ਼ਠ ਪ੍ਰਸ਼ਨ

1. *ਸਰੀਰਕ ਨਾਪ ਕਿੰਨੀ ਤਰ੍ਹਾਂ ਦੇ ਹੁੰਦੇ ਹਨ ਅਤੇ ਕਿਹੜੇ-ਕਿਹੜੇ ?*
2. *ਗੋਲਾਈ ਵਾਲੇ ਨਾਪ ਤੋਂ ਤੁਸੀਂ ਕੀ ਸਮਝਦੇ ਹੋ ?*
3. *ਲੰਬਾਈ ਵਾਲੇ ਨਾਪ ਤੋਂ ਤੁਸੀਂ ਕੀ ਸਮਝਦੇ ਹੋ ?*

## ਛੋਟੇ ਉੱਤਰਾਂ ਵਾਲੇ ਪ੍ਰਸ਼ਨ—

4. *ਰੇਡੀਮੇਡ ਡਰਾਫਟਿੰਗ ਵਿੱਚ ਲੰਬਾਈ ਦੇ ਨਾਪ ਨੂੰ ਕਿਵੇਂ ਘਟਾਇਆ ਜਾਂ ਵਧਾਇਆ ਜਾ ਸਕਦਾ ਹੈ ?*
5. *ਰੇਡੀਮੇਡ ਡਰਾਫਟਿੰਗ ਵਿੱਚ ਚੌੜਾਈ ਦੇ ਨਾਪ ਨੂੰ ਕਿਵੇਂ ਘਟਾਇਆ ਜਾਂ ਵਧਾਇਆ ਜਾ ਸਕਦਾ ਹੈ ?*
6. *ਰੇਡੀਮੇਡ ਡਰਾਫਟਿੰਗ ਵਿੱਚ ਤੀਰੇ ਦੇ ਨਾਪ ਨੂੰ ਕਿਵੇਂ ਘਟਾਇਆ ਜਾਂ ਵਧਾਇਆ ਜਾ ਸਕਦਾ ਹੈ ?*
7. *ਰੇਡੀਮੇਡ ਡਰਾਫਟਿੰਗ ਵਿੱਚ ਕਮਰ ਦੇ ਨਾਪ ਨੂੰ ਕਿਵੇਂ ਘਟਾਇਆ ਜਾਂ ਵਧਾਇਆ ਜਾ ਸਕਦਾ ਹੈ ?*
8. *ਨਾਪ ਦਾ ਪ੍ਰਯੋਗ ਕਰਕੇ ਡਰਾਫਟਿੰਗ ਕਿਵੇਂ ਬਣਾਈ ਜਾਂਦੀ ਹੈ ?*

## ਨਿਬੰਧਾਤਮਕ ਪ੍ਰਸ਼ਨ—

9. *ਨਾਪ ਨੂੰ ਡਰਾਫਟਿੰਗ ਵਿੱਚ ਕਿਵੇਂ ਬਦਲਿਆ ਜਾਂਦਾ ਹੈ ? ਡਰਾਫਟਿੰਗ ਹੋਰ ਕਿਸ ਤਰ੍ਹਾਂ ਤਿਆਰ ਕੀਤੀ ਜਾਂਦੀ ਹੈ ?*
10. *ਰੇਡੀਮੇਡ ਡਰਾਫਟਿੰਗ ਨੂੰ ਨਾਪ ਅਨੁਸਾਰ ਤਬਦੀਲ ਕਿਵੇਂ ਕੀਤਾ ਜਾ ਸਕਦਾ ਹੈ ?*

*********

## ਪਾਠ 8

# ਖੁਲ੍ਹੀ ਪੱਟੀ ਬਣਾਉਣਾ ਅਤੇ ਬੰਦ ਕਰਨਾ

*ਪੁਸ਼ਾਕਾਂ ਵਿੱਚ ਖੁਲ੍ਹੀ ਪੱਟੀ ਰੱਖਣ ਨਾਲ ਉਹਨਾਂ ਨੂੰ ਪਹਿਨਣਾ ਜਾਂ ਉਤਾਰਨਾ ਆਸਾਨ ਹੋ ਜਾਂਦਾ ਹੈ। ਇਹ ਪੁਸ਼ਾਕ ਦੇ ਅੱਗੇ ਪਿੱਛੇ ਜਾਂ ਪਾਸਿਆਂ ਤੇ ਰੱਖੀ ਜਾਂਦੀ ਹੈ ਜਿਵੇਂ ਬੁਸ਼ਰਟਾਂ ਵਿੱਚ ਅੱਗੇ, ਫ਼ਰਾਕ ਵਿੱਚ ਪਿੱਛੇ ਅਤੇ ਸਕੱਰਟ ਵਿੱਚ ਪਾਸੇ ਤੇ।*

### ਖੁਲ੍ਹੀ ਪੱਟੀ ਬਣਾਉਣ ਦੇ ਤਰੀਕੇ

*ਵਸਤਰਾਂ ਵਿੱਚ ਖੁਲ੍ਹੀ ਪੱਟੀ ਰੱਖਣ ਨਾਲ ਇਹਨਾਂ ਨੂੰ ਪਹਿਨਣਾ ਜਾਂ ਉਤਾਰਨਾ ਆਸਾਨ ਹੋ ਜਾਂਦਾ ਹੈ ਪਰ ਕਈ ਵਾਰ ਪੁਸ਼ਾਕ ਦੀ ਸਜਾਵਟ ਵਧਾਉਣ ਲਈ ਵੀ ਖੁਲ੍ਹੀ ਪੱਟੀ ਲਗਾਈ ਜਾਂਦੀ ਹੈ। ਵਧੇਰੇ ਸਜਾਵਟ ਕਰਨ ਲਈ ਇਸ ਤੇ ਕਢਾਈ ਕਰ ਲਈ ਜਾਂਦੀ ਹੈ ਜਾਂ ਫੈਂਸੀ ਬਟਨ ਲਗਾਏ ਜਾਂਦੇ ਹਨ। ਇਹ ਪੁਸ਼ਾਕਾਂ ਦੇ ਅੱਗੇ, ਪਿੱਛੇ ਜਾਂ ਪਾਸਿਆਂ ਤੇ ਰੱਖੀ ਜਾਂਦੀ ਹੈ ਜਿਵੇਂ ਕਿ ਬੁਸ਼ਰਟਾਂ ਵਿੱਚ ਅੱਗੇ, ਫ਼ਰਾਕ ਵਿੱਚ ਪਿੱਛੇ, ਸਕੱਰਟ ਵਿੱਚ ਪਾਸੇ ਤੇ।*

*ਬੱਚਿਆਂ ਅਤੇ ਆਦਮੀਆਂ ਦੀਆਂ ਕਮੀਜ਼ਾਂ ਵਿੱਚ ਖੁਲ੍ਹੀ ਪੱਟੀ ਪੁਸ਼ਾਕ ਦੀ ਲੰਬਾਈ ਦਾ ਤੀਸਰਾ ਹਿੱਸਾ ਰੱਖੀ ਜਾਂਦੀ ਹੈ। ਬੁਸ਼ਰਟਾਂ, ਬਲਾਊਜ਼ ਤੇ ਕਈ ਫ਼ਰਾਕਾਂ ਵਿੱਚ ਇਹ ਪੁਸ਼ਾਕ ਦੀ ਪੂਰੀ ਲੰਬਾਈ ਜਿੰਨੀ ਰੱਖੀ ਜਾਂਦੀ ਹੈ।*

*ਖੁਲ੍ਹੀ ਪੱਟੀ ਵਿੱਚ ਇੱਕ ਪੱਟੀ ਹੇਠਾਂ ਹੁੰਦੀ ਹੈ ਅਤੇ ਦੂਸਰੀ ਉੱਪਰ ਜਿਸ ਨੇ ਹੇਠਾਂ ਵਾਲੀ ਪੱਟੀ ਨੂੰ ਢਕਿਆ ਹੁੰਦਾ ਹੈ। ਕੀ ਤੁਸੀਂ ਕਦੇ ਧਿਆਨ ਦਿੱਤਾ ਹੈ ਕਿ ਕਿਹੜੀ ਪੱਟੀ ਉੱਪਰ ਹੁੰਦੀ ਹੈ? ਛੋਟੇ ਬੱਚਿਆਂ, ਲੜਕੀਆਂ ਅਤੇ ਔਰਤਾਂ ਦੀਆਂ ਪੁਸ਼ਾਕਾਂ ਵਿੱਚ ਸੱਜੇ ਪਾਸੇ ਵਾਲੀ ਪੱਟੀ ਉੱਪਰ ਰੱਖੀ ਜਾਂਦੀ ਹੈ। ਲੜਕਿਆਂ ਅਤੇ ਆਦਮੀਆਂ ਦੇ ਵਸਤਰਾਂ ਵਿੱਚ ਖੱਬੀ ਪੱਟੀ ਉੱਪਰ ਰੱਖੀ ਜਾਂਦੀ ਹੈ। ਉੱਪਰ ਵਾਲੀ ਪੱਟੀ ਹਮੇਸ਼ਾ ਚੌੜੀ ਚਾਹੀਦੀ ਹੈ ਤਾਂ ਜੋ ਹੇਠਾਂ ਵਾਲੀ ਪੱਟੀ ਚੰਗੀ ਤਰ੍ਹਾਂ ਢੱਕ ਹੋ ਜਾਵੇ।*

*ਪੱਟੀ ਹਮੇਸ਼ਾ ਮਜ਼ਬੂਤ ਅਤੇ ਨਾਲ ਮਿਲਦੇ ਕੱਪੜੇ ਦੀ ਹੀ ਹੋਣੀ ਚਾਹੀਦੀ ਹੈ। ਪੱਟੀ ਲਗਾਉਣ ਸਮੇਂ ਇਹ ਵੀ ਧਿਆਨ ਦੇਣਾ ਚਾਹੀਦਾ ਹੈ ਕਿ ਪੱਟੀ ਵਾਲੀ ਥਾਂ ਤੋਂ ਕੱਪੜਾ ਖਿੱਚਿਆ ਜਾਂ ਢਿੱਲਾ ਨਾ ਹੋਵੇ ਕਿਉਂਕਿ ਇਸ ਨਾਲ ਝੁੰਗ ਪਵੇਗਾ। ਪੱਟੀ ਨੂੰ ਬਾਰ-ਬਾਰ ਖੋਲ੍ਹਣਾ ਅਤੇ ਬੰਦ ਕਰਨਾ ਪੈਂਦਾ ਹੈ ਇਸ ਲਈ ਸਿਉਂਣਾਂ ਹਮੇਸ਼ਾ ਪੱਕੀਆਂ ਲਗਾਉਣੀਆਂ ਚਾਹੀਦੀਆਂ ਹਨ ਤਾਂ ਜੋ ਬਾਰ ਬਾਰ ਪੱਟੀ ਖੋਲ੍ਹਣ ਜਾਂ ਬੰਦ ਕਰਨ*

*ਨਾਲ ਸਿਉਂਣਾਂ ਉਧੜਨ ਨਾ। ਵੈਸੇ ਵੀ ਤਿਆਰ ਪੁਸ਼ਾਕ ਤੇ ਪੱਟੀ ਦੀ ਮੁਰੰਮਤ ਮੁਸ਼ਕਿਲ ਹੋ ਜਾਂਦੀ ਹੈ ਅਤੇ ਪਹਿਲਾਂ ਵਰਗੀ ਸਫ਼ਾਈ ਵੀ ਨਹੀਂ ਆਉਂਦੀ।*

*ਪੁਸ਼ਾਕ ਤੇ ਖੁਲ੍ਹੀ ਪੱਟੀ ਬਣਾਉਣ ਸਮੇਂ ਸਾਨੂੰ ਹੇਠ ਲਿਖੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ—*

*(1) ਜਿੱਥੋਂ ਤੱਕ ਹੋ ਸਕੇ ਇਹ ਸਿੱਧੇ ਪਾਸੇ ਤੋਂ ਜ਼ਿਆਦਾ ਨਜ਼ਰ ਨਹੀਂ ਆਉਣੀ ਚਾਹੀਦੀ ਹੈ ਕਿਉਂਕਿ ਜੇਕਰ ਸਾਫ਼-ਸੁਥਰੀ ਤਰ੍ਹਾਂ ਸਿਲਾਈ ਕੀਤੀ ਜਾਵੇ ਅਤੇ ਹੇਠਾਂ ਦੀ ਪੱਟੀ ਉੱਪਰ ਵਾਲੀ ਪੱਟੀ ਨਾਲ ਚੰਗੀ ਤਰ੍ਹਾਂ ਢਕੀ ਹੋਵੇ ਤਾਂ ਹੀ ਜ਼ਿਆਦਾ ਠੀਕ ਲੱਗੇਗੀ।*

*(2) ਚੰਗੀ ਤਰ੍ਹਾਂ ਲੱਗੀ ਪੱਟੀ ਵਿੱਚ ਝੁੰਗ ਨਹੀਂ ਪੈਣੇ ਚਾਹੀਦੇ ਨਹੀਂ ਤਾਂ ਬਾਰ-ਬਾਰ ਠੀਕ ਕਰਨ ਦੀ ਜ਼ਰੂਰਤ ਪਵੇਗੀ।*

*(3) ਚੰਗੀ ਤਰ੍ਹਾਂ ਪੱਕੀ ਸਿਲਾਈ ਨਾਲ ਪੱਟੀ ਲਾਉਣੀ ਚਾਹੀਦੀ ਹੈ ਕਿਉਂਕਿ ਬਾਰ-ਬਾਰ ਖੋਲ੍ਹਣ ਅਤੇ ਬੰਦ ਕਰਨ ਦੀ ਜ਼ਰੂਰਤ ਹੁੰਦੀ ਹੈ ਇਸ ਲਈ ਸਿਉਂਣ ਦੇ ਹੱਕ ਠੀਕ ਅਤੇ ਬਰਾਬਰ ਰੱਖਣੇ ਚਾਹੀਦੇ ਹਨ ਨਹੀਂ ਤਾਂ ਸਿਲਾਈ ਨਿਕਲ ਜਾਵੇਗੀ।*


*(4) ਜਿੱਥੋਂ ਤੱਕ ਹੋ ਸਕੇ ਪੁਸ਼ਾਕ ਦੇ ਨਾਲ ਮਿਲਦੇ ਕੱਪੜੇ ਦੀ ਹੀ ਪੱਟੀ ਲਗਾਉਣੀ ਚਾਹੀਦੀ ਹੈ।*

*(5) ਖੁੱਲ੍ਹੀ ਪੱਟੀ ਕਿਹੋ ਜਿਹੀ ਬਣਾਉਣੀ ਹੈ, ਦੀ ਚੋਣ ਪੁਸ਼ਾਕ ਤੇ ਨਿਰਭਰ ਕਰਦੀ ਹੈ। ਇਸ ਲਈ ਪੁਸ਼ਾਕ ਦੀ ਕਿਸਮ ਅਨੁਸਾਰ ਹੀ ਪੱਟੀ ਦੀ ਚੋਣ ਕਰਨੀ ਚਾਹੀਦੀ ਹੈ। ਖੁੱਲ੍ਹੀ ਪੱਟੀ ਕਈ ਤਰੀਕਿਆਂ ਨਾਲ ਬਣਾਈ ਜਾਂਦੀ ਹੈ।*

**1. ਸਧਾਰਨ ਖੁੱਲ੍ਹੀ ਪੱਟੀ—** *ਇਹ ਕੱਪੜੇ ਦੀ ਪੂਰੀ ਜਾਂ ਘੱਟ ਲੰਬਾਈ ਵਿੱਚ ਹੋ ਸਕਦੀ ਹੈ। ਪੂਰੀ ਲੰਬਾਈ ਵਿੱਚ ਪੱਟੀ ਬਣਾਉਣ ਲਈ ਕੱਪੜੇ ਦੇ ਦੋਨੋਂ ਪਾਸਿਆਂ ਤੋਂ $\frac{1}{2}$ ਇੰਚ ਤੋਂ ਲੈ ਕੇ $1\frac{1}{2}$ ਇੰਚ ਤੱਕ ਜ਼ਰੂਰਤ ਅਨੁਸਾਰ ਕੱਪੜਾ ਮੋੜਿਆ ਜਾ ਸਕਦਾ ਹੈ। ਥੱਲੇ ਵਾਲੀ ਪੱਟੀ ਵਧਵੀਂ ਬਣਾਉਣੀ ਚਾਹੀਦੀ ਹੈ ਤਾਂ ਕਿ ਉੱਪਰ ਵਾਲੀ ਪੱਟੀ ਦਾ ਮੋੜ ਵਿਚਕਾਰ ਆਵੇ। ਪੁਸ਼ਾਕ ਮੁਤਾਬਕ ਸੱਜਾ ਜਾਂ ਖੱਬਾ ਪਾਸਾ ਉੱਪਰ ਰੱਖਿਆ ਜਾ ਸਕਦਾ ਹੈ। ਜਿਵੇਂ ਕਿ ਬੁਸ਼ਰਟਾਂ ਵਿੱਚ ਇਹ ਪੂਰੀ ਲੰਬਾਈ ਵਿੱਚ ਹੁੰਦੀ ਹੈ ਅਤੇ ਖੱਬਾ ਪਾਸਾ ਉੱਪਰ ਰੱਖਿਆ ਜਾਂਦਾ ਹੈ।*

*ਘੱਟ ਲੰਬਾਈ ਵਾਲੀ ਪੱਟੀ ਲਈ ਕੱਪੜੇ ਨੂੰ ਢੁੱਕਵੀਂ ਲੰਬਾਈ ਅਨੁਸਾਰ ਕੈਂਚੀ ਨਾਲ ਕਾਟ ਪਾਓ। ਇਸ ਕਾਟ ਦੇ ਅਖ਼ੀਰ ਤੇ ਚੌੜਾਈ ਵੱਲ ਦੋਨੋਂ ਪਾਸਿਆਂ ਤੇ ਪੱਟੀ ਦੀ ਚੌੜਾਈ ਅਨੁਸਾਰ ਇੰਚ ਤੋਂ $\frac{1}{2}$ ਇੰਚ ਤੋਂ $\frac{3}{4}$ ਤੱਕ ਕਾਟ ਪਾਓ। ਕਾਟ ਤੋਂ ਦੋਨੋਂ ਪਾਸਿਆਂ ਵਾਲਿਆਂ ਕੱਪੜਿਆਂ ਨੂੰ ਪੁੱਠੇ ਪਾਸੇ ਮੋੜ ਕੇ ਉਲ੍ਹੇੜੀ ਕਰੋ ਜਾਂ ਮਸ਼ੀਨ*

*ਨਾਲ ਸਿਉਂਣ ਲਗਾਓ। ਜ਼ਰੂਰਤ ਅਨੁਸਾਰ ਸੱਜੀ ਜਾਂ ਖੱਬੀ ਪੱਟੀ ਉੱਪਰ ਰੱਖਦੇ ਹੋਏ ਪਲੀਟ ਪੁਸ਼ਾਕ ਦੀ ਪੂਰੀ ਲੰਬਾਈ ਤੱਕ ਜਾਣ ਦਿਓ ਜਿਵੇਂ ਕਿ ਚਿੱਤਰ 8.1 ੳ ਵਿੱਚ ਦਰਸਾਇਆ ਗਿਆ ਹੈ। ਪੱਟੀ ਦੇ ਥੱਲੇ ਦੇ ਹਿੱਸੇ ਨੂੰ ਟਾਂਕੇ ਲਗਾ ਕੇ ਜੋੜ ਦਿਓ। ਇਸ ਤਰ੍ਹਾਂ ਪੱਟੀ ਬਣਾਉਣ ਨਾਲ ਕੱਪੜੇ ਦੇ ਹੇਠਾਂ ਵਾਲ਼ੇ ਹਿੱਸੇ ਤੇ ਉੱਨਾ ਚੌੜਾ ਪਲੀਟ ਆ ਜਾਵੇਗਾ (ਚਿੱਤਰ 8.1 ਅ)। ਅਜਿਹੀ $\frac{3}{4}$ ਇੰਚ ਚੌੜੀ ਪੱਟੀ ਲਈ ਪੱਟੀ ਬਣਾਉਣ ਤੋਂ ਪਹਿਲਾਂ ਕੱਪੜੇ ਦੀ ਚੌੜਾਈ ਵਿੱਚ 2 ਇੰਚ ਕੱਪੜਾ ਹੋਰ ਜੋੜਨਾ ਚਾਹੀਦਾ ਹੈ ਤਾਂ ਕਿ ਪੱਟੀ ਬਣਾਉਣ ਤੋਂ ਬਾਅਦ ਪੁਸ਼ਾਕ ਦੀ ਚੌੜਾਈ ਨਾ ਘੱਟ ਜਾਵੇ। ਇਸ ਤਰ੍ਹਾਂ ਦੀ ਪੱਟੀ ਆਮ ਤੌਰ ਤੇ ਬੱਚਿਆਂ ਦੇ ਕੱਪੜਿਆਂ ਲਈ ਪ੍ਰਯੋਗ ਕੀਤੀ ਜਾਂਦੀ ਹੈ (ਚਿੱਤਰ 8.1 ੳ, ਅ)।*




(ੳ) (ਅ)

*ਚਿੱਤਰ 8.1 ਸਧਾਰਨ ਖੁੱਲ੍ਹੀ ਪੱਟੀ*


2. **ਇੱਕ ਟਾਕੀ ਵਾਲੀ ਪੱਟੀ**—*ਇਹ ਛੋਟੀ ਲੰਬਾਈ ਵਾਲੀ ਖੁੱਲ੍ਹੀ ਪੱਟੀ ਨੂੰ ਬਣਾਉਣ ਲਈ ਪ੍ਰਯੋਗ ਕੀਤੀ ਜਾਂਦੀ ਹੈ। ਜਿੰਨੀ ਲੰਬੀ ਅਤੇ ਚੌੜੀ ਪੱਟੀ ਰੱਖਣੀ ਹੋਵੇ ਉਸ ਤੋਂ ਦੁੱਗਣੀ ਲੰਬਾਈ ਅਤੇ ਚੌੜਾਈ ਵਾਲੀ ਟਾਕੀ ਲੈਣੀ ਚਾਹੀਦੀ ਹੈ। ਚੌੜਾਈ ਵਿੱਚ ਸਿਉਂਣ ਲਈ ਵੀ ਵਾਧੂ ਕੱਪੜਾ ਲੈਣਾਂ ਚਾਹੀਦਾ ਹੈ ਜਿਵੇਂ ਕਿ 5 ਇੰਚ ਲੰਬੀ ਅਤੇ 1 ਇੰਚ ਚੌੜੀ ਪੱਟੀ ਲਈ $10\frac{1}{2}$ ਇੰਚ ਲੰਬੀ ਅਤੇ $2\frac{1}{2}$ ਇੰਚ ਚੌੜੀ ਟਾਕੀ ਲੈਣੀ ਚਾਹੀਦੀ ਹੈ। ਜਿਹੜਾ ਪਾਸਾ ਨੀਚੇ ਰੱਖਣਾ ਹੋਵੇ ਉਸ ਪਾਸੇ ਵੱਲ ਪੱਟੀ ਦਾ ਸਿੱਧਾ ਪਾਸਾ ਕੱਪੜੇ ਦੇ ਸਿੱਧੇ ਪਾਸੇ ਨਾਲ ਜੋੜ ਕੇ $\frac{1}{4}$ ਇੰਚ ਸਿਉਂਣ ਲਈ ਛੱਡ ਕੇ ਮਸ਼ੀਨ ਦੀ ਸਿਲਾਈ ਕਰੋ। ਇਸ ਸਿਲਾਈ ਨੂੰ ਪੱਟੀ ਲਈ ਲਗਾਏ ਗਏ ਕੱਟ ਦੇ ਦੋਨਾਂ ਹਿੱਸਿਆਂ ਨਾਲ ਲਿਜਾਂਦੇ ਹੋਏ ਸਿਲਾਈ ਪੂਰੀ ਕਰੋ ਜਿਵੇਂ ਕਿ ਚਿੱਤਰ 8.2 (ੳ) ਵਿੱਚ ਦਿਖਾਇਆ ਗਿਆ ਹੈ। ਇਸ ਤਰ੍ਹਾਂ ਦੀ ਖੁੱਲ੍ਹੀ ਪੱਟੀ ਵਿੱਚ ਉੱਪਰ ਅਤੇ ਹੇਠਾਂ ਦੀ ਪੱਟੀ ਇੱਕ ਹੀ ਪੱਟੀ ਨਾਲ ਬਣਾਈ ਜਾਂਦੀ ਹੈ। ਇਸੇ ਲਈ ਹੀ ਇਸ ਨੂੰ ਇੱਕ ਟਾਕੀ ਵਾਲੀ ਪੱਟੀ ਕਿਹਾ ਜਾਂਦਾ ਹੈ। ਪੱਕੀ ਸਿਲਾਈ ਕਰਨ ਤੋਂ ਪਹਿਲਾਂ ਕੱਚਾ ਕਰ ਲੈਣਾ*

*ਚਾਹੀਦਾ ਹੈ ਤਾਂ ਜੋ ਝੁੰਗ ਨਾ ਪੈਣ। ਪੱਕੀ ਸਿਲਾਈ ਉਪਰੰਤ ਕੱਚਾ ਉਧੇੜ ਦੇਣਾ ਚਾਹੀਦਾ ਹੈ। ਇਸ ਨੂੰ ਵਿਚਕਾਰ ਤੋਂ ਮੋੜ ਕੇ ਹੇਠਾਂ ਵਾਲੀ ਪੱਟੀ ਲਈ ਅੰਦਰਲੇ ਪਾਸੇ ਉਲ੍ਹੇੜੀ ਕਰੋ ਜਾਂ ਮਸ਼ੀਨ ਦੀ ਸਿਲਾਈ ਕਰੋ। ਟਾਕੀ ਦੀ ਬਾਕੀ ਦੀ ਅੱਧੀ ਬਚਦੀ ਲੰਬਾਈ ਵਿੱਚੋਂ 1 ਇੰਚ ਚੌੜਾ ਕੱਪੜਾ ਕੱਟ ਲਓ (ਚਿੱਤਰ 8.2 ਅ)। ਬਾਕੀ ਦੇ ਬਚੇ ਹੋਏ ਹਿੱਸੇ ਵਿੱਚੋਂ ¼ ਇੰਚ ਕੱਪੜਾ ਅੰਦਰ ਮੋੜ ਕੇ ਉਲ੍ਹੇੜੀ ਕਰ ਕੇ ਜਾਂ ਮਸ਼ੀਨ ਦੀ ਸਿਲਾਈ ਨਾਲ ਜੋੜੋ। ਪੱਟੀ ਦੇ ਵਿਚਕਾਰ ਵਾਲੀ ਥਾਂ ਵੀ ਸਿਲਾਈ ਕਰ ਕੇ ਪੱਕੀ ਕਰ ਦੇਣੀ ਚਾਹੀਦੀ ਹੈ ਤਾਂ ਕਿ ਉੱਥੋਂ ਕੱਪੜਾ ਫਟੇ ਨਾ। ਚਿੱਤਰ 8.2 (ਸ) ਅਨੁਸਾਰ ਪੱਟੀ ਨੂੰ ਸੈੱਟ ਕਰ ਲਵੋ।*




*ਚਿੱਤਰ 8.2 ਇਕ ਟਾਕੀ ਵਾਲੀ ਖੁੱਲ੍ਹੀ ਪੱਟੀ*

3. **ਦੋ ਟਾਕੀਆਂ ਵਾਲੀ ਪੱਟੀ**—*ਜ਼ਿਆਦਾ ਲੰਬਾਈ ਵਾਲੀ ਖੁੱਲ੍ਹੀ ਪੱਟੀ ਨੂੰ ਬਣਾਉਣ ਲਈ ਦੋ ਟਾਕੀਆਂ ਵਾਲੀ ਪੱਟੀ ਬਣਾਈ ਜਾ ਸਕਦੀ ਹੈ।*




*ਚਿੱਤਰ 8.3 ਦੋ ਟਾਕੀਆਂ ਵਾਲੀ ਖੁੱਲ੍ਹੀ ਪੱਟੀ*

*ਟਾਕੀ ਪੱਟੀ ਦੀ ਲੰਬਾਈ ਨਾਲੋਂ ਇੱਕ ਇੰਚ ਜ਼ਿਆਦਾ ਲੰਬੀ ਅਤੇ ਚੌੜਾਈ ਨਾਲੋਂ ਅੱਧਾ ਇੰਚ ਜ਼ਿਆਦਾ ਚੌੜੀ ਲੈਣੀ ਚਾਹੀਦੀ ਹੈ। ਪ੍ਰੰਤੂ ਥੱਲੇ ਵਾਲੀ ਪੱਟੀ ਲਈ ਦੁੱਗਣੀ ਚੌੜਾਈ ਅਤੇ $\frac{1}{2}$ ਇੰਚ ਹੋਰ ਕੱਪੜਾ ਸਿਉਂਣ ਲਈ ਲੈਣਾ ਚਾਹੀਦਾ ਹੈ। ਜਿਵੇਂ ਕਿ 5 ਇੰਚ ਲੰਬੀ ਅਤੇ 1 ਇੰਚ ਚੌੜੀ ਪੱਟੀ ਲਈ ਉੱਪਰਲੇ ਪਾਸੇ ਲਈ 6 ਇੰਚ ਲੰਬੀ ਅਤੇ $1\frac{1}{2}$ ਇੰਚ ਚੌੜੀ ਟਾਕੀ ਲੈਣੀ ਚਾਹੀਦੀ ਹੈ। ਹੇਠ ਵਾਲੀ ਪੱਟੀ ਨੂੰ ਕੱਪੜੇ ਦੇ ਸਿੱਧੇ ਪਾਸੇ ਰੱਖ ਕੇ $\frac{1}{4}$ ਇੰਚ ਸਿਉਂਣ ਲਈ ਕੱਪੜਾ ਛੱਡ ਕੇ ਮਸ਼ੀਨ ਦਾ ਬਖੀਆ ਕਰੋ ਅਤੇ ਵਿਚਕਾਰ ਤੋਂ ਮੋੜ ਕੇ ਪਿਛਲੇ ਪਾਸੇ $\frac{1}{4}$ ਇੰਚ ਕੱਪੜਾ ਸਿਉਂਣ ਲਈ ਮੋੜ ਕੇ ਮਸ਼ੀਨ ਦੀ ਸਿਲਾਈ ਵਾਲੀ ਥਾਂ ਉਲ੍ਹੇੜੀ ਕਰੋ। ਉੱਪਰ ਵਾਲੀ ਪੱਟੀ ਨੂੰ ਕੱਪੜੇ ਦੇ ਸਿੱਧੇ ਪਾਸੇ ਰੱਖ ਕੇ ਕੱਪੜਾ ਸਿਉਂਣ ਲਈ ਮੋੜੋ ਅਤੇ ਪੱਟੀ ਨੂੰ ਉਲ੍ਹੇੜੀ ਨਾਲ ਥੱਲੇ ਵਾਲੇ ਕੱਪੜੇ ਨਾਲ ਜੋੜੋ। ਪੱਟੀਆਂ ਨੂੰ ਚੰਗੀ ਤਰ੍ਹਾਂ ਪ੍ਰੈੱਸ ਕਰੋ। ਪੱਟੀ ਦੇ ਥੱਲੇ ਵਾਲੇ ਹਿੱਸੇ ਨੂੰ ਆਪਸ ਵਿੱਚ ਜੋੜ ਕੇ ਕੱਪੜੇ ਨਾਲ ਸਿਉਂ ਦਿਓ ਤਾਂ ਕਿ ਖਿੱਚ ਪੈਣ ਤੇ ਕੱਪੜਾ ਉਧੜੇ ਨਾ (ਚਿੱਤਰ 8.3)।*

*ਖੁੱਲ੍ਹੀ ਪੱਟੀ ਬਣਾਉਣ ਤੋਂ ਇਲਾਵਾ ਵੀ ਕਈ ਪੁਸ਼ਾਕਾਂ ਤੇ ਸਿੱਧੀ ਪੱਟੀ ਲਗਾਈ ਜਾਂਦੀ ਹੈ ਜਿਵੇਂ ਕਿ ਕਈ ਵਾਰ ਪੁਸ਼ਾਕ ਦੀ ਲੰਬਾਈ ਘੱਟ ਹੁੰਦੀ ਹੈ ਤਾਂ ਉਸੇ ਰੰਗ ਦਾ ਕੱਪੜਾ ਲਗਾ ਕੇ ਅੰਦਰ ਵੱਲ ਫੱਟਾ ਮੋੜਿਆ ਜਾਂਦਾ ਹੈ। ਕਈ ਵਾਰ ਸਜਾਵਟ ਕਰਨ ਲਈ ਹੋਰ ਰੰਗ ਦਾ ਕੱਪੜਾ ਲਗਾ ਕੇ ਸਿੱਧੇ ਪਾਸੇ ਮੋੜਿਆ ਜਾਂਦਾ ਹੈ*

*ਜਾਂ ਸਿੱਧੇ ਪਾਸੇ ਪਾਈਪਿੰਗ ਬਣਾ ਕੇ ਪੁੱਠੇ ਪਾਸੇ ਹੀ ਮੋੜ ਦਿੱਤਾ ਜਾਂਦਾ ਹੈ। ਹੁਣ ਅਸੀਂ ਸਿੱਧੀ ਪੱਟੀ ਲਗਾਉਣ ਬਾਰੇ ਪੜ੍ਹਾਂਗੇ।*

## ਸਿੱਧੀ ਪੱਟੀ ਲਾਉਣਾ

*ਸਿੱਧੀ ਪੱਟੀ ਆਮ ਤੌਰ ਤੇ ਸਭ ਕੱਪੜਿਆਂ ਦੇ ਘੇਰੇ ਅਤੇ ਬਾਹਵਾਂ ਉੱਤੇ ਲਾ ਕੇ ਸਿੱਧੇ ਪਾਸੇ ਫੱਟਾ ਮੋੜਨ ਲਈ ਵਰਤੀ ਜਾ ਸਕਦੀ ਹੈ। ਇਸ ਤਰ੍ਹਾਂ ਦੀ ਪੱਟੀ ਕਈ ਵਾਰ ਪੁਸ਼ਾਕ ਦੇ ਕਿਸੇ ਹਿੱਸੇ ਦੀ ਲੰਬਾਈ ਜਾਂ ਚੌੜਾਈ ਵਧਾਉਣ ਲਈ ਵੀ ਵਰਤੀ ਜਾਂਦੀ ਹੈ। ਇਸ ਲਈ ਪੱਟੀ ਦੀ ਜਿੰਨੀ ਚੌੜਾਈ ਜਾਂ ਲੰਬਾਈ ਵਧਾਉਣੀ ਹੋਵੇ, ਓਨੇ ਇੰਚ ਕੱਪੜਾ ਪੱਟੀ ਦੀ ਚੌੜਾਈ ਅਤੇ ਸਿਉਂਣ ਦੇ ਹੱਕ ਨਾਲੋਂ ਫ਼ਾਲਤੂ ਰੱਖ ਕੇ ਕੱਟਣਾ ਚਾਹੀਦਾ ਹੈ।*

## ਉਰੇਬ ਪੱਟੀ


*ਉਰੇਬ ਪੱਟੀ ਸਿੱਧੀ ਜਗ੍ਹਾ ਅਤੇ ਉਸ ਜਗ੍ਹਾ ਤੇ ਲਗਾਈ ਜਾਂਦੀ ਹੈ ਜਿਹੜੀ ਗੋਲ ਜਾਂ ਤਿਰਛੀ ਹੋਵੇ। ਕਮੀਜ਼ਾਂ, ਬਲਾਊਜ਼ਾਂ, ਫਰਾਕਾਂ ਆਦਿ ਦੇ ਗੋਲ ਗਲ਼ੇ ਉੱਤੇ ਅਤੇ ਬਗੈਰ ਬਾਹਵਾਂ ਦੀਆਂ ਪੁਸ਼ਾਕਾਂ ਦੇ ਮੋਢੇ ਉੱਤੇ ਉਰੇਬ ਪੱਟੀ ਲਗਾ ਕੇ ਅੰਦਰ ਨੂੰ ਮੋੜ ਕੇ ਉਲ੍ਹੇੜੀ ਕੀਤੀ ਜਾਂਦੀ ਹੈ। ਇਸ ਨੂੰ ਲਗਾਉਣ ਤੋਂ ਪਿੱਛੋਂ ਦੋ ਤਰ੍ਹਾਂ ਨਾਲ ਮੋੜਿਆ ਜਾ ਸਕਦਾ ਹੈ।*

(1) *ਪੂਰੀ ਪੱਟੀ ਨੂੰ ਪੁੱਠੇ ਪਾਸੇ ਮੋੜ ਕੇ ਉਲ੍ਹੇੜੀ ਕੀਤੀ ਜਾਂਦੀ ਹੈ। ਇਸ ਨੂੰ ਉਰੇਬ ਫੇਸਿੰਗ ਆਖਿਆ ਜਾਂਦਾ ਹੈ।*

(2) *ਅੱਧੀ ਪੱਟੀ ਨੂੰ ਪੁੱਠੇ ਪਾਸੇ ਮੋੜਿਆ ਜਾਂਦਾ ਹੈ ਅਤੇ ਅੱਧੀ ਸਿੱਧੇ ਪਾਸੇ ਦਿਖਾਈ ਦਿੰਦੀ ਹੈ। ਇਹ ਪਾਈਪਿੰਗ ਅਖਵਾਉਂਦੀ ਹੈ।*

## ਗੋਲਾਈ ਵਾਲੇ ਹਿੱਸੇ ਤੇ ਉਰੇਬ ਪੱਟੀ ਲਗਾਉਣਾ


*ਪੁਸ਼ਾਕ ਬਣਾਉਣ ਸਮੇਂ ਗਲੇ ਅਤੇ ਬਾਹਵਾਂ ਦੀ ਕਾਟ ਗੋਲਾਈ ਜਾਂ ਕਿਸੇ ਹੋਰ ਆਕਾਰ ਵਿੱਚ ਹੁੰਦੀ ਹੈ। ਇਹਨਾਂ ਤੇ ਸਿੱਧੀ ਪੱਟੀ ਨਹੀਂ ਲਗਾਈ ਜਾ ਸਕਦੀ। ਇਹਨਾਂ ਥਾਵਾਂ ਤੇ ਉਰੇਬ ਜਾਂ ਸ਼ੇਪ ਵਾਲੀ ਪੱਟੀ ਲਗਾਈ ਜਾਂਦੀ ਹੈ। ਉਰੇਬ ਫੇਸਿੰਗ ਅਤੇ ਪਾਈਪਿੰਗ ਲਗਾਉਣ ਦਾ ਤਰੀਕਾ ਨੌਂਵੀਂ ਸ਼੍ਰੇਣੀ ਵਿੱਚ ਦੱਸਿਆ ਗਿਆ ਹੈ। ਪਾਈਪਿੰਗ ਜੇਕਰ ਗਲੇ ਦੀ ਗੋਲਾਈ ਤੇ ਲਗਾਉਣੀ ਹੋਵੇ ਤਾਂ ਉਰੇਬ ਥੋੜ੍ਹੀ ਖਿੱਚ ਕੇ ਲਗਾਓ। ਬਾਅਦ ਵਿੱਚ $\frac{1}{4}$ ਇੰਚ ਬਾਹਰ ਵੱਲ ਛੱਡ ਕੇ ਬਾਕੀ ਦਾ ਅੰਦਰ ਦੇ ਪਾਸੇ ਮੋੜ ਕੇ ਅਤੇ ਕੱਚੇ ਕਿਨਾਰੇ ਅੰਦਰ ਕਰ ਕੇ ਕੱਚਾ ਕਰ ਲਓ। ਇਸ ਨੂੰ ਉਲੇੜ੍ਹੀ ਜਾਂ ਮਸ਼ੀਨੀ ਸਿਲਾਈ ਨਾਲ ਜੋੜ ਕੇ ਕੱਚਾ ਉਧੇੜ ਦਿਓ। (ਚਿੱਤਰ 8.4)।*




*ਚਿੱਤਰ 8.4 ਗਲੇ ਤੇ ਪਾਈਪਿੰਗ ਲਗਾਉਣਾ*

## ਸ਼ੇਪ ਵਾਲੀ ਪੱਟੀ ਲਗਾਉਣਾ

*ਗਲੇ ਦੀ ਕਾਟ ਦੀ ਸ਼ੇਪ ਜੇਕਰ ਕਟਾਂਦਾਰ ਜਾਂ ਜ਼ਿਆਦਾ ਕੋਨਿਆਂ ਵਾਲੀ ਹੋਵੇ ਤਾਂ ਉੱਥੇ ਸਿਰਫ ਸ਼ੇਪ ਵਾਲੀ ਪੱਟੀ ਹੀ ਲਗਾਈ ਜਾਂਦੀ ਹੈ ਕਿਉਂਕਿ ਅਜਿਹੀ ਥਾਂ ਤੇ ਪਾਈਪਿੰਗ ਲਗਾਉਣੀ ਵੀ ਔਖੀ ਹੋ ਜਾਂਦੀ ਹੈ। ਜਿਸ ਆਕਾਰ ਅਤੇ ਕੱਪੜੇ ਤੇ ਪੱਟੀ ਲਗਾਉਣੀ ਹੋਵੇ ਤਾਂ ਪੱਟੀ ਦਾ ਕੱਪੜਾ ਉਸ ਨਾਲੋਂ ਹਰੇਕ ਪਾਸੇ ਤੋਂ ਇੱਕ ਤੋਂ ਦੋ ਇੰਚ ਵੱਡਾ ਲੈ ਕੇ ਉਸ ਆਕਾਰ ਉਪਰ ਰੱਖ ਕੇ $\frac{1}{4}$ ਇੰਚ ਛੱਡ ਕੇ ਕੱਚਾ ਕਰ ਲਉ। ਪੱਟੀ ਅਤੇ ਦੂਸਰੇ ਕੱਪੜੇ ਦਾ ਸਿੱਧੇ ਪਾਸੇ ਨਾਲ ਸਿੱਧਾ ਪਾਸਾ ਰੱਖੋ ਅਤੇ ਸਿਲਾਈ ਮਸ਼ੀਨ ਨਾਲ ਪੱਕਾ ਕਰ ਦਿਓ। ਬਾਅਦ ਵਿੱਚ ਕੱਪੜੇ ਦੇ ਕੱਟੇ ਹੋਏ ਆਕਾਰ ਮੁਤਾਬਕ ਪੱਟੀ ਵੀ ਕੱਟ ਲਓ ਅਤੇ ਜਿੰਨ੍ਹੀ ਚੌੜੀ ਥੱਲੇ ਵੱਲ ਨੂੰ ਰੱਖਣੀ ਹੋਵੇ ਉਸੇ ਆਕਾਰ ਮੁਤਾਬਕ ਕੱਟ ਲਉ (ਚਿੱਤਰ 8.5)। ਸਿਉਂਣ ਤੋਂ ਉਪਰ ਵੱਲ ਨੂੰ ਥੋੜ੍ਹੀ-ਥੋੜ੍ਹੀ ਦੂਰ ਤੇ ਕੱਟ ਲਗਾਓ। ਇਸ ਤਰ੍ਹਾਂ ਕਰਨ ਨਾਲ ਪੱਟੀ ਅੰਦਰ ਨੂੰ ਮੋੜਨ ਸਮੇਂ ਉੱਥੇ ਝੁੰਗ ਨਹੀਂ ਪੈਂਦੇ। ਬਾਅਦ ਵਿੱਚ ਅੰਦਰ ਨੂੰ ਮੋੜ ਕੇ ਕੱਚਾ ਕਰ ਲਓ। ਫਿਰ ਉਲ੍ਹੇੜੀ ਕਰ ਲਉ ਜਾਂ ਮਸ਼ੀਨੀ ਟਾਂਕੇ ਨਾਲ ਸਿਉਂਣ ਲਗਾ ਲਉ। ਜੇਕਰ ਬਹੁਤ ਜ਼ਿਆਦਾ ਕਟਾਂ ਹੋਣ ਤਾਂ ਬੁਕਰਮ ਜਾਂ ਟੈਰੀਨ ਦੀ ਇੱਕ ਤਹਿ ਪੱਟੀ ਲਗਾਉਣ ਸਮੇਂ ਅੰਦਰ ਪਾਈ ਜਾ ਸਕਦੀ ਹੈ। ਇਸ ਨਾਲ ਸ਼ੇਪ ਚੰਗੀ ਆਉਂਦੀ ਹੈ ਅਤੇ ਕਟਾਂ ਆਪਣੀ ਥਾਂ ਸਿਰ ਟਿਕੇ ਰਹਿੰਦੇ ਹਨ।*




*ਚਿੱਤਰ 8.5 ਗਲੇ ਤੇ ਸ਼ੇਪ ਵਾਲੀ ਪੱਟੀ ਲਗਾਉਣਾ*


## ਖੁੱਲ੍ਹੀ ਪੱਟੀ ਨੂੰ ਬੰਦ ਕਰਨ ਦੇ ਸਾਧਨ

*ਤੁਸੀਂ ਜਾਣਦੇ ਹੀ ਹੋ ਕਿ ਕੱਪੜਿਆਂ ਨੂੰ ਆਸਾਨੀ ਨਾਲ ਪਹਿਨਣ ਲਈ ਅੱਗੇ ਪਿੱਛੇ ਖੁੱਲ੍ਹਣ ਵਾਲੀ ਪੱਟੀ ਬਣਾਈ ਜਾਂਦੀ ਹੈ। ਕਈ ਵਾਰ ਸੁੰਦਰਤਾ ਲਈ ਵੀ ਪੱਟੀ ਬਣਾਈ ਜਾਂਦੀ ਹੈ। ਜਿਸ ਤੇ ਉਸੇ ਜਾਂ ਦੂਜੇ ਰੰਗ ਦੇ ਬਟਨ ਲਗਾਏ ਜਾਂਦੇ ਹਨ। ਕਦੀ-ਕਦੀ ਪੱਟੀ ਇਸ ਤਰ੍ਹਾਂ ਵੀ ਲਗਾਈ ਜਾਂਦੀ ਹੈ ਕਿ ਉਹ ਖੁੱਲ੍ਹ ਸਕੇ ਅਤੇ ਬੰਦ ਹੋ ਸਕੇ ਪਰ ਦਿਖਾਈ ਨਾ ਦੇਵੇ। ਪੱਟੀ ਜਿਸ ਤਰ੍ਹਾਂ ਦੀ ਵੀ ਹੋਵੇ, ਇਸ ਨੂੰ ਬੰਦ ਕਰਨ ਲਈ ਟਿੱਚ ਬਟਨ, ਹੁੱਕ, ਜ਼ਿੱਪ ਅਤੇ ਚਪਟੇ ਬਟਨ ਆਦਿ ਵਰਤੇ ਜਾਂਦੇ ਹਨ। ਪੱਟੀ ਬੰਦ ਕਰਨ ਲਈ ਇਨ੍ਹਾਂ ਵਿੱਚੋਂ ਭਾਵੇਂ ਕੁਝ ਵੀ ਵਰਤਣਾ ਹੋਵੇ, ਥੱਲੇ ਵਾਲੀ ਪੱਟੀ ਉੱਤੇ ਵਾਲੀ ਪੱਟੀ ਨਾਲ ਚੰਗੀ ਤਰ੍ਹਾਂ ਢਕੀ ਹੋਈ ਹੋਣੀ ਚਾਹੀਦੀ ਹੈ। ਕੁੜੀਆਂ ਅਤੇ ਔਰਤਾਂ ਦੀ ਸੱਜੀ ਪੱਟੀ ਅਤੇ ਮੁੰਡਿਆਂ ਤੇ ਮਰਦਾਂ ਦੀ ਖੱਬੀ ਪੱਟੀ ਉੱਤੇ ਰੱਖੀ ਜਾਂਦੀ ਹੈ।*

*ਕਦੀ-ਕਦੀ ਔਰਤਾਂ ਦੀਆਂ ਪੁਸ਼ਾਕਾਂ ਵਿੱਚ ਪਾਸੇ ਤੇ ਖੁੱਲ੍ਹੀ ਥਾਂ ਰੱਖੀ ਜਾਂਦੀ ਹੈ, ਜਿਸ ਨਾਲ ਇਹਨਾਂ ਨੂੰ ਪਹਿਨਣ ਵਿੱਚ ਆਸਾਨੀ ਰਹਿੰਦੀ ਹੈ। ਇਸ ਉੱਤੇ ਵੀ ਬਟਨ, ਹੁੱਕ ਜਾਂ ਟਿੱਚ ਬਟਨ ਲਾਏ ਜਾਂਦੇ ਹਨ। ਟਿੱਚ ਬਟਨ ਅਤੇ ਹੁੱਕ ਬਾਹਰੋਂ ਦਿਖਾਈ ਨਹੀਂ ਦਿੰਦੇ। ਪਰ ਚਪਟੇ ਬਟਨ ਬਾਹਰ ਹੀ ਲਗਦੇ ਹਨ ਅਤੇ ਦਿਖਾਈ ਦਿੰਦੇ ਹਨ। ਆਮ ਤੌਰ 'ਤੇ ਇੱਕ ਟਿੱਚ ਬਟਨ, ਫਿਰ ਇੱਕ ਹੁੱਕ, ਫਿਰ ਇੱਕ ਟਿੱਚ ਬਟਨ ਲਗਾਉਣ ਨਾਲ ਪੱਟੀ ਜ਼ਿਆਦਾ ਚੰਗੀ ਆਉਂਦੀ ਹੈ। ਜਦੋਂ ਇਹ ਚੰਗੀ ਤਰ੍ਹਾਂ ਲਗਾਏ ਅਤੇ ਬੰਦ ਕੀਤੇ ਜਾਣ ਤਾਂ ਪੱਟੀ ਬਣੀ ਸੁਹਣੀ ਲੱਗਦੀ ਹੈ।*

*ਖੁੱਲ੍ਹੀ ਪੱਟੀ ਨੂੰ ਬੰਦ ਕਰਨ ਲਈ ਵੱਖ-ਵੱਖ ਚੀਜ਼ਾਂ ਦੀ ਵਰਤੋਂ ਹੇਠ ਲਿਖੇ ਅਨੁਸਾਰ ਕੀਤੀ ਜਾਂਦੀ ਹੈ—*


1. **ਟਿੱਚ ਬਟਨ**—*ਇਹ ਕਈ ਪ੍ਰਕਾਰ ਦੀ ਬਣਤਰ ਅਤੇ ਆਕਾਰ ਵਿੱਚ ਮਿਲਦੇ ਹਨ। ਆਮ ਤੌਰ ਤੇ ਧਾਤ ਦੇ ਬਟਨ ਬਜ਼ਾਰ ਵਿੱਚ ਮਿਲਦੇ ਹਨ ਪਰ ਅੱਜ ਕੱਲ੍ਹ ਪਲਾਸਟਿਕ ਦੇ ਬਟਨ ਵੀ ਬਣਨ ਲੱਗ ਪਏ ਹਨ। ਧਾਤ ਦੇ ਬਣੇ ਬਟਨ ਸਫ਼ੈਦ ਜਾਂ ਕਾਲੇ ਰੰਗ ਦੇ ਹੁੰਦੇ ਹਨ ਅਤੇ ਵੱਖ-ਵੱਖ ਨਾਪਾਂ ਵਿੱਚ ਹੁੰਦੇ ਹਨ। ਸਧਾਰਨ ਕੱਪੜੇ ਤੇ ਲਗਾਉਣ ਲਈ ਛੋਟੇ ਆਕਾਰ ਦੇ ਅਤੇ ਮੋਟੇ ਕੱਪੜਿਆਂ ਤੇ ਲਗਾਉਣ ਲਈ ਵੱਡੇ ਆਕਾਰ ਵਿੱਚ ਮਿਲ ਜਾਂਦੇ ਹਨ। ਬੱਚਿਆਂ ਅਤੇ ਔਰਤਾਂ ਦੇ ਕੱਪੜਿਆਂ ਲਈ ਇਹਨਾਂ ਨੂੰ ਆਮ ਪ੍ਰਯੋਗ ਵਿੱਚ ਲਿਆਇਆ ਜਾਂਦਾ ਹੈ। ਟਿੱਚ ਬਟਨ ਦੇ ਦੋ ਹਿੱਸੇ ਹੁੰਦੇ ਹਨ, ਥੱਲਵਾਂ ਅਤੇ ਉੱਪਰ ਵਾਲਾ। ਥੱਲਵੇਂ ਹਿੱਸੇ ਦੇ ਵਿਚਕਾਰ ਮੋਰੀ ਬਣੀ ਹੁੰਦੀ ਹੈ ਅਤੇ ਉੱਪਰਲੇ ਹਿੱਸੇ ਦੇ ਬਟਨ ਦਾ ਵਧਵਾਂ ਹਿੱਸਾ ਇਸ ਵਿੱਚ ਫਿੱਟ ਹੋ ਜਾਂਦਾ ਹੈ।*




*ਚਿੱਤਰ 8.6 ਟਿੱਚ ਬਟਨ*

*ਕੱਪੜੇ ਤੇ ਬਟਨ ਲਗਾਉਣ ਸਮੇਂ ਦੋਨਾਂ ਪੱਟੀਆਂ ਤੇ ਇੱਕੋ ਜਿਹੀ ਦੂਰੀ ਤੇ ਨਿਸ਼ਾਨ ਲਗਾਓ ਤਾਂ ਕਿ ਬਟਨ ਉੱਚੇ ਜਾਂ ਨੀਵੇਂ ਨਾ ਲੱਗ ਜਾਣ। ਬਟਨ ਦਾ ਥੱਲਵਾਂ ਅਤੇ ਉਪਰ ਵਾਲਾ ਪਾਸਾ ਉੱਚੇ ਨੀਵੇਂ ਲੱਗ ਜਾਣ ਨਾਲ ਪੱਟੀ ਵਿੱਚ ਭੁੰਗ ਪੈ ਜਾਂਦਾ ਹੈ।*

*ਬਟਨ ਹਮੇਸ਼ਾ ਦੂਹਰੇ ਕੱਪੜੇ ਤੇ ਲਗਾਉਣੇ ਚਾਹੀਦੇ ਹਨ ਤਾਂ ਕਿ ਹਰ ਸਮੇਂ ਦੀ ਖਿੱਚ ਨਾਲ ਕੱਪੜਾ ਫਟੇ ਨਾ। ਬਟਨਾਂ ਦੇ ਪਾਸਿਆਂ ਤੇ ਬਣੀਆਂ ਮੋਰੀਆਂ ਵਿੱਚੋਂ ਦੀ ਕਾਜ ਟਾਂਕਾ ਲਗਾ ਕੇ ਬਟਨਾਂ ਨੂੰ ਕੱਪੜੇ ਨਾਲ ਜੋੜਨਾ ਚਾਹੀਦਾ ਹੈ। ਪ੍ਰੰਤੂ ਟਾਂਕੇ ਲਗਾਉਂਦੇ ਸਮੇਂ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਕੱਪੜੇ ਨੂੰ ਖਿੱਚ ਨਾ ਪਵੇ ਅਤੇ ਟਾਂਕੇ ਦਾ ਧਾਗਾ ਕੱਪੜੇ ਦੇ ਉਪਰਲੇ ਪਾਸੇ ਦਿਖਾਈ ਨਾ ਦੇਵੇ (ਚਿੱਤਰ 8.7)।*



(ੳ)



(ਅ)

*ਚਿੱਤਰ 8.7 ਟਿੱਚ ਬਟਨ ਲਗਾਉਣਾ*

**ਟਿੱਚ ਬਟਨ ਲਗਾਉਣ ਵੇਲੇ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ—**

*(1) ਬਟਨ ਹਮੇਸ਼ਾ ਦੋਹਰੇ ਕੱਪੜੇ ਉੱਤੇ ਲਗਾਉਣੇ ਚਾਹੀਦੇ ਹਨ ਅਤੇ ਜਿਸ ਪੱਟੀ ਉੱਤੇ ਇਹਨਾਂ ਨੂੰ ਲਗਾਉਣਾ ਹੋਵੇ ਉਹਨਾਂ ਵਿੱਚੋਂ ਜਿਹੜੀ ਪੱਟੀ ਉੱਪਰ ਆਵੇਗੀ ਉਹ ਦੂਹਰੀ ਮੋੜ ਕੇ ਮੋੜੋ ਤਾਂ ਕਿ ਉਸ ਵਿੱਚ ਤਿੰਨ ਤਹਿਆਂ ਆ ਜਾਣ, ਜਿਸ ਨਾਲ ਬਟਨ ਲਾਉਣ ਵੇਲੇ ਸਿੱਧੇ ਪਾਸੇ ਕੋਈ ਟਾਂਕਾ ਦਿਖਾਈ ਨਹੀਂ ਦੇਵੇਗਾ। ਇਸ ਨਾਲ ਪੱਟੀ ਮਜ਼ਬੂਤ ਵੀ ਹੋ ਜਾਵੇਗੀ।*

*(2) ਇਹਨਾਂ ਨੂੰ ਲਾਉਣ ਵੇਲੇ ਕਾਜ ਟਾਂਕੇ ਨਾਲ ਲਾਉਣਾ ਚਾਹੀਦਾ ਹੈ ਅਤੇ ਟਾਂਕੇ ਛੇਕ ਦੇ ਨਾਲ-ਨਾਲ ਲਾਉਣੇ ਚਾਹੀਦੇ ਹਨ। ਕੱਪੜੇ ਨੂੰ ਖਿੱਚਣਾ ਨਹੀਂ ਚਾਹੀਦਾ। ਬਟਨ ਲਾਉਂਦੇ ਸਮੇਂ ਇਹ ਵੀ ਧਿਆਨ ਰੱਖੋ ਕਿ ਟਾਂਕੇ ਪੁਸ਼ਾਕ ਦੇ ਸਿੱਧੇ ਪਾਸੇ ਬਿਲਕੁੱਲ ਦਿਖਾਈ ਨਾ ਦੇਣ।*

**2. ਸਿੱਪ ਬਟਨ—***ਇਹਨਾਂ ਨੂੰ ਸਿੱਪ ਬਟਨ ਇਸ ਲਈ ਕਹਿੰਦੇ ਹਨ ਕਿਉਂਕਿ ਸਭ ਤੋਂ ਪਹਿਲਾਂ ਬਟਨ ਬਣਾਉਣ ਲਈ ਸਿੱਪ ਦਾ ਇਸਤੇਮਾਲ ਕੀਤਾ ਗਿਆ ਸੀ।*

ਲੇਕਿਨ ਅੱਜ ਕੱਲ੍ਹ ਇਹ ਕਈ ਚੀਜ਼ਾਂ ਦੇ ਬਣੇ ਹੁੰਦੇ ਹਨ ਜਿਵੇਂ ਕਿ ਪਲਾਸਟਿਕ ਨਾਈਲੋਨ, ਧਾਤੂ, ਪੱਥਰ, ਲੱਕੜ ਅਤੇ ਕੱਪੜੇ ਆਦਿ। ਇਹ ਕਈ ਆਕਾਰਾਂ ਅਤੇ ਨਮੂਨਿਆਂ ਵਿੱਚ ਮਿਲ ਜਾਂਦੇ ਹਨ। ਇਹਨਾਂ ਵਿੱਚੋਂ ਕੁਝ ਕਿਸਮ ਦੇ ਬਟਨਾਂ ਵਿੱਚ ਦੋ ਜਾਂ ਚਾਰ ਮੋਰੀਆਂ ਹੁੰਦੀਆਂ ਹਨ ਅਤੇ ਬਾਕੀ ਦੀਆਂ ਕਿਸਮਾਂ ਵਿੱਚ ਥੱਲੇ ਮੋਰੀ ਜਾਂ ਹੁੱਕ ਹੁੰਦੀ ਹੈ। ਕੱਪੜੇ ਦੇ ਬਟਨਾਂ ਵਿੱਚ ਵੀ ਥੱਲੇ ਵਾਲੇ ਪਾਸੇ ਮੋਰੀ ਹੁੰਦੀ ਹੈ।

ਇਹ ਬਟਨ ਕੱਪੜੇ ਦੀ ਥੱਲੇ ਵਾਲੀ ਪੱਟੀ ਤੇ ਲਗਦੇ ਹਨ ਅਤੇ ਉੱਪਰਲੀ ਪੱਟੀ ਵਿੱਚ ਕਾਜ ਬਣਾਇਆ ਜਾਂਦਾ ਹੈ ਜਿਸ ਨਾਲ ਇਹਨਾਂ ਨੂੰ ਕਾਜ ਵਿੱਚੋਂ ਕੱਢ ਕੇ ਪੱਟੀ ਬੰਦ ਕੀਤੀ ਜਾਂਦੀ ਹੈ। ਪ੍ਰੰਤੂ ਕਈ ਵਾਰ ਇਹ ਸਿਰਫ਼ ਸਜਾਵਟ ਲਈ ਉਪਰਲੀ ਪੱਟੀ ਤੇ ਲਗਾਏ ਜਾਂਦੇ ਹਨ। ਇਹ ਵੀ ਦੂਹਰੇ ਕੱਪੜੇ ਤੇ ਲਗਾਉਣੇ ਚਾਹੀਦੇ ਹਨ। ਦੋ ਮੋਰੀਆਂ ਵਾਲੇ ਬਟਨ ਲਗਾਉਣ ਲਈ ਸੂਈ ਵਿੱਚ ਦੋਹਰਾ ਧਾਗਾ ਪਾ ਕੇ ਕੱਪੜੇ ਦੇ ਥੱਲੇ ਵਾਲੇ ਹਿੱਸੇ ਤੋਂ ਕੱਪੜੇ ਦੇ ਉਪਰ ਵਾਲੇ ਪਾਸੇ ਲੈ ਆਓ। ਇਸ ਨੂੰ ਬਟਨ ਦੀ ਇੱਕ ਮੋਰੀ ਵਿੱਚੋਂ ਕੱਢ ਕੇ ਦੂਸਰੀ ਮੋਰੀ ਰਾਹੀਂ ਕੱਪੜੇ ਦੇ ਥੱਲੇ ਵਾਲੇ ਹਿੱਸੇ ਵਿੱਚ ਲੈ ਜਾਓ। ਇਸ ਤਰ੍ਹਾਂ ਧਾਗੇ ਨੂੰ ਤਿੰਨ ਚਾਰ ਵਾਰ ਮੋਰੀਆਂ ਵਿੱਚੋਂ ਕੱਢਣ ਤੋਂ ਬਾਅਦ ਧਾਗਾ ਨੀਚੇ ਲਿਜਾ ਕੇ ਪੱਕਾ ਕਰੋ।

ਜੇਕਰ ਚਾਰ ਮੋਰੀਆਂ ਵਾਲਾ ਬਟਨ ਹੋਵੇ ਤਾਂ ਇਸੇ ਤਰ੍ਹਾਂ ਇਹਨਾਂ ਮੋਰੀਆਂ ਵਿੱਚ ਧਾਗਾ ਵਾਰੀ-ਵਾਰੀ ਤਿੰਨ ਚਾਰ ਵਾਰ ਕੱਢੋ (ਚਿੱਤਰ 8.8) ਜੇਕਰ ਕੱਪੜਾ ਮੋਟਾ ਹੋਵੇ ਤਾਂ ਇਹ ਬਟਨ ਉਭਰਵਾਂ ਬਣਾਇਆ ਜਾ ਸਕਦਾ ਹੈ ਇਸ ਲਈ ਦੋ ਪਿੰਨਾਂ ਬਟਨ ਦੇ ਥੱਲੇ ਅਤੇ ਕੱਪੜੇ ਦੇ ਉੱਪਰ ਰੱਖ ਕੇ ਬਟਨ ਨੂੰ ਕੱਪੜੇ ਨਾਲ ਸਿਉਂ ਦਿਓ। ਬਾਅਦ ਵਿੱਚ ਸੂਈ ਕੱਪੜੇ ਅਤੇ ਬਟਨ ਵਿਚਕਾਰ ਲੈ ਆਓ ਅਤੇ ਪਿੰਨਾਂ ਨੂੰ ਬਾਹਰ ਕੱਢ ਲਓ। ਸੂਈ ਵਾਲੇ ਧਾਗੇ ਨੂੰ ਕੱਪੜੇ ਅਤੇ ਬਟਨ ਦੇ ਵਿਚਕਾਰ ਵਾਲੇ ਟਾਂਕਿਆਂ ਦੇ ਇਰਦ-ਗਿਰਦ ਤਿੰਨ ਚਾਰ ਵਾਰ ਧਾਗਾ ਲਪੇਟੋ। ਇਸ ਤਰ੍ਹਾਂ ਬਟਨ ਉਭਰਵਾਂ ਬਣ ਜਾਵੇਗਾ। ਧਾਗਾ ਦੁਬਾਰਾ ਕੱਪੜੇ ਦੇ ਥੱਲੇ ਪਾਸੇ ਲਿਜਾ ਕੇ ਪੱਕਾ ਕਰੋ। ਥੱਲੇ ਮੋਰੀ ਵਾਲੇ ਬਟਨਾਂ ਨੂੰ ਵੀ ਇਸੇ ਤਰੀਕੇ ਨਾਲ ਜੋੜਿਆ ਜਾ ਸਕਦਾ ਹੈ।

ਬਟਨ ਲਾਉਂਦੇ ਹੋਏ ਧਿਆਨ ਰੱਖੋ ਕਿ ਸੂਈ ਬਟਨ ਅਤੇ ਕੱਪੜੇ ਦੀਆਂ ਦੋਹਾਂ ਤਹਿਆਂ ਵਿੱਚੋਂ ਦੀ ਲੰਘੇ।




ਚਿੱਤਰ 8.8 ਬਟਨ ਲਾਉਣਾ

ਖੁੱਲ੍ਹੀ ਪੱਟੀ ਦੇ ਬਟਨ ਲਗਾਉਣ ਸਮੇਂ ਇੱਕ ਪੱਟੀ ਨੂੰ ਦੂਜੀ ਪੱਟੀ ਉੱਤੇ ਰੱਖ ਕੇ ਨਿਸ਼ਾਨ ਲਾਉਣੇ ਚਾਹੀਦੇ ਹਨ ਤਾਂ ਕਿ ਬਟਨ ਲਗਾਉਣ ਤੋਂ ਪਿੱਛੋਂ ਪੱਟੀ ਬਿਲਕੁੱਲ ਸਿੱਧੀ ਰਹੇ ਅਤੇ ਬੰਦ ਹੋਣ ਸਮੇਂ ਝੁੰਗ ਨਾ ਪਵੇ।

## ਕਾਜ ਕਰਨ ਦਾ ਤਰੀਕਾ

*ਪੱਟੀ ਦੇ ਇੱਕ ਪਾਸੇ ਬਟਨ ਲਗਾਇਆ ਜਾਂਦਾ ਹੈ ਅਤੇ ਦੂਜੇ ਪਾਸੇ ਕਾਜ ਕੀਤਾ ਜਾਂਦਾ ਹੈ। ਕਾਜ ਕਰਨ ਲਈ ਇਹ ਜ਼ਰੂਰੀ ਹੈ ਕਿ ਉਹ ਦੂਹਰੇ ਕੱਪੜੇ ਉੱਤੇ ਕੱਟਿਆ ਜਾਵੇ। ਕਾਜ ਨੂੰ ਕੱਟਣ ਤੋਂ ਪਹਿਲਾਂ ਪੱਟੀ ਦੀ ਲੰਬਾਈ ਨਾਪੋ। ਹੁਣ ਇਹ ਫੈਸਲਾ ਕਰੋ ਕਿ ਤੁਸੀਂ ਕਿੰਨੇ ਬਟਨ ਲਗਾਉਣਾ ਚਾਹੁੰਦੇ ਹੋ। ਬਟਨਾਂ ਦੀ ਗਿਣਤੀ ਦੇ*





*ਚਿੱਤਰ 8.9 ਕਾਜ ਕਰਨ ਦਾ ਤਰੀਕਾ*

*ਹਿਸਾਬ ਨਾਲ ਇੱਕੋ ਜਿਹੇ ਫ਼ਾਸਲੇ ਉੱਤੇ ਨਿਸ਼ਾਨ ਲਾ ਦਿਓ। ਕਾਜ ਦੀ ਲੰਬਾਈ ਬਟਨ ਦੇ ਵਿਆਸ ਦੇ ਬਰਾਬਰ ਰੱਖ ਕੇ ਨਿਸ਼ਾਨ ਲਾਓ। ਫਿਰ ਇਸ ਲਾਈਨ ਦੇ ਆਸੇ ਪਾਸੇ 0.3 ਸੈਂਟੀਮੀਟਰ ਦੀ ਦੂਰੀ ਤੇ ਕੱਪੜੇ ਦੀਆਂ ਦੋਵਾਂ ਤਹਿਆਂ ਵਿੱਚ ਸੂਈ ਲੰਘਾ ਕੇ ਬਾਰੀਕ ਕੱਚਾ ਕਰੋ ਤਾਂ ਕਿ ਉਹ ਮੁੜ ਜਾਣ। ਹੁਣ ਕੈਂਚੀ ਜਾਂ ਬਲੇਡ ਨਾਲ ਇਸ*


*ਲਾਈਨ ਤੋਂ ਕੱਟ ਲਵੋ। ਕਾਜ ਦੇ ਦੋ ਕਿਨਾਰੇ ਹੁੰਦੇ ਹਨ। ਇੱਕ ਨੂੰ ਚੌਰਸ ਅਤੇ ਦੂਸਰੇ ਨੂੰ ਗੋਲ਼ ਬਣਾਇਆ ਜਾਂਦਾ ਹੈ। ਕਾਜ ਬਣਾਉਣ ਵੇਲੇ ਚੌਰਸ ਕਿਨਾਰੇ ਦੇ ਕੱਟ ਦੇ ਬਿਲਕੁੱਲ ਨਾਲੋਂ ਸ਼ੁਰੂ ਕੀਤਾ ਜਾਂਦਾ ਹੈ। ਇਹ ਖੱਬੇ ਹੱਥ ਤੋਂ ਸੱਜੇ ਹੱਥ ਨੂੰ ਬਣਾਇਆ ਜਾਂਦਾ ਹੈ। ਕਾਜ ਟਾਂਕਾ ਬਣਾਉਣ ਦਾ ਤਰੀਕਾ ਪਹਿਲਾਂ ਦੱਸਿਆ ਗਿਆ ਹੈ। ਇਸ ਨੂੰ ਬਣਾਉਣ ਵੇਲੇ ਇਹ ਧਿਆਨ ਰੱਖੋ ਕਿ ਸੂਈ ਦੋਵਾਂ ਕੱਪੜਿਆਂ ਦੇ ਵਿੱਚੋਂ ਦੀ ਲੰਘੇ। ਕਾਜ ਦੇ ਕੱਟੇ ਹੋਏ ਕਿਨਾਰੇ 'ਤੇ ਕਾਜ ਟਾਂਕੇ ਨਾਲ ਸਿਉਂਣ ਨਾਲ ਗੰਢ ਬਣਦੀ ਹੈ, ਜਿਹੜੀ ਕੱਟੇ ਹੋਏ ਕਿਨਾਰੇ ਨੂੰ ਮਜ਼ਬੂਤ ਬਣਾ ਦਿੰਦੀ ਹੈ। ਇਸ ਨੂੰ ਬਣਾਉਂਦੇ ਹੋਏ ਟਾਂਕੇ ਇੱਕੋ ਜਿਹੇ ਨਾਪ ਦੇ ਅਤੇ ਇੱਕੋ ਜਿਹੇ ਫ਼ਾਸਲੇ ਉੱਤੇ ਲਾਉਂਦੇ ਜਾਓ। ਇਸ ਨਾਲ ਕਾਜ ਸੁਹਣਾ ਅਤੇ ਮਜ਼ਬੂਤ ਬਣਦਾ ਹੈ। ਜਦੋਂ ਤੁਸੀਂ ਇੱਕ ਕਿਨਾਰੇ ਤੋਂ ਬਣਾਉਂਦੇ ਹੋਏ ਦੂਜੇ ਕਿਨਾਰੇ ਤੇ ਪਹੁੰਚ ਜਾਓ ਤਾਂ ਟਾਂਕੇ ਥੋੜ੍ਹੇ ਟੇਢੇ ਕਰਦੇ ਜਾਓ। ਜਦੋਂ ਸੂਈ ਕਿਨਾਰੇ ਦੇ ਵਿਚਕਾਰ ਪਹੁੰਚ ਜਾਵੇਗੀ ਤਾਂ ਟਾਂਕਾ ਸਿੱਧਾ ਹੋਵੇਗਾ। ਫਿਰ ਥੋੜ੍ਹਾ ਟੇਢਾ ਕਰਕੇ ਗੋਲਾਈ ਵਿੱਚ ਓਨੇ ਹੀ ਟਾਂਕੇ ਪਾਓ ਜਿੰਨੇ ਪਹਿਲਾਂ ਪਾਏ ਸਨ। ਇਸ ਤਰ੍ਹਾਂ ਕਿਨਾਰੇ ਨੂੰ ਬਣਾਉਣ ਲਈ 7,9 ਜਾਂ 11 ਟਾਂਕੇ ਵਰਤਣੇ ਚਾਹੀਦੇ ਹਨ। ਹੁਣ ਪਹਿਲੇ ਪਾਸੇ ਦੀ ਤਰ੍ਹਾਂ ਹੀ ਚੌਰਸ ਕਿਨਾਰੇ ਤੱਕ ਬਣਾਓ। ਚੌਰਸ ਕਿਨਾਰੇ ਨੂੰ ਖਤਮ ਕਰਨ ਵੇਲੇ ਸੂਈ ਨੂੰ ਅਖੀਰਲੇ ਟਾਂਕੇ ਦੇ ਕਿਨਾਰੇ 'ਕ' ਵਿੱਚੋਂ ਦੀ ਪਾਓ ਅਤੇ 'ਖ' ਵਿੱਚੋਂ ਦੀ ਕੱਢੋ।*

*ਹੁਣ ਧਾਗੇ ਨੂੰ ਇਸ ਤਰ੍ਹਾਂ ਖਿੱਚੋ ਕਿ ਨਾ ਤਾਂ ਕੱਪੜਾ ਸੁੰਗੜੇ ਅਤੇ ਨਾ ਹੀ ਧਾਗਾ ਢਿੱਲਾ ਰਹੇ। ਇਸ ਤਰ੍ਹਾਂ ਇੱਕ ਹੋਰ ਟਾਂਕਾ ਪਾਓ। ਫਿਰ ਕਾਜ ਦੇ ਕਿਨਾਰਿਆਂ ਤੋਂ ਦੋ ਕੁ ਟਾਂਕਿਆਂ ਦੇ ਵਿੱਚ ਦੀ ਸੂਈ ਲੰਘਾ ਕੇ ਧਾਗਾ ਅੱਗੇ ਕਰਕੇ ਲੰਘਾਓ। ਫਿਰ ਸੂਈ ਨੂੰ ਕੱਪੜੇ ਦੇ ਪੁੱਠੇ ਪਾਸੇ ਕੱਢ ਕੇ ਚਾਰ ਜਾਂ ਪੰਜ ਤੋਪਿਆਂ ਦੇ ਹੇਠਾਂ ਦੀ ਸੂਈ ਲੰਘਾ ਕੇ ਧਾਗੇ ਨੂੰ ਪੱਕਾ ਕਰੋ ਅਤੇ ਫਾਲਤੂ ਧਾਗੇ ਨੂੰ ਕੈਂਚੀ ਨਾਲ ਕੱਟ ਦਿਓ। (ਚਿੱਤਰ 8.9)।*

3. **ਹੁੱਕ ਅਤੇ ਆਈ**—*ਉੱਪਰ ਵਾਲੀ ਪੱਟੀ ਦੇ ਪੁੱਠੇ ਪਾਸੇ ਹੁੱਕ ਅਤੇ ਥੱਲੇ ਵਾਲੀ ਪੱਟੀ ਦੇ ਸਿੱਧੇ ਪਾਸੇ ਆਈ ਇਸ ਤਰ੍ਹਾਂ ਲਗਾਈ ਜਾਂਦੀ ਹੈ ਕਿ ਉਹ ਇੱਕ ਦੂਜੇ ਵਿੱਚ ਫਿੱਟ ਆ ਜਾਣ। ਇਹਨਾਂ ਨੂੰ ਇਸ ਤਰ੍ਹਾਂ ਲਗਾਉਣਾ ਚਾਹੀਦਾ ਹੈ ਕਿ ਕੱਪੜੇ ਦੇ ਸਿੱਧੇ ਪਾਸੇ ਕੋਈ ਵੀ ਟਾਂਕਾ ਨਾ ਦਿੱਸੇ। ਇਸ ਨੂੰ ਲਾਉਣ ਲਈ ਹੁੱਕ ਨੂੰ ਚੰਗੀ ਤਰ੍ਹਾਂ ਆਪਣੇ ਅੰਗੂਠੇ ਅਤੇ ਪਹਿਲੀ ਉਂਗਲੀ ਵਿੱਚ ਫੜ ਲਓ ਅਤੇ ਇਸ ਦੀ ਡੰਡੀ ਉੱਤੇ ਕੁਝ ਓਵਰਕਾਸਟਿੰਗ ਦੇ ਟਾਂਕੇ ਲਾ ਦਿਓ। ਹੁੱਕ ਦੀਆਂ ਮੋਰੀਆਂ ਦੇ ਕਿਨਾਰਿਆਂ ਉੱਤੇ ਇਸ ਨੂੰ ਕਾਜ ਟਾਂਕੇ ਨਾਲ ਸਿਉਂ ਲਵੋ। ਇਸ ਤਰ੍ਹਾਂ ਹੁੱਕ ਕੱਪੜੇ ਨਾਲ ਜੁੜ ਜਾਂਦੀ ਹੈ। (ਚਿੱਤਰ 8.10)।*




*ਚਿੱਤਰ 8.10*



*ਚਿੱਤਰ 8.11 ਧਾਤ ਦੀ ਆਈ*

**(i) ਧਾਤ ਦੀ ਆਈ—** *ਇਹ ਧਾਤ ਦੀ ਬਣੀ ਹੁੰਦੀ ਹੈ ਅਤੇ ਗੋਲ, ਟੇਢੀ ਅਤੇ ਮੁੜੀ ਹੋਈ ਹੁੰਦੀ ਹੈ। ਇਹਨਾਂ ਦੀ ਥਾਂ ਤੇ ਨਿਸ਼ਾਨ ਹੁੱਕਾਂ ਦੇ ਹਿਸਾਬ ਨਾਲ ਲਗਾ ਲਵੋ। ਇਸ ਦਾ ਮੋੜ ਹੁੱਕ ਵੱਲ ਹੋਣਾ ਚਾਹੀਦਾ ਹੈ।* **r b ueo ftu ;Jh bxk e fJ; soK f;T fdU fi; soK j`e brkJh iKdh j.** *ਇਹ ਹਮੇਸ਼ਾ ਸਿੱਧੇ ਪਾਸੇ ਲਗਦੀ ਹੈ ਅਤੇ ਪੱਟੀ ਦੇ ਵਿੱਚ ਆਉਂਦੀ ਹੈ (ਚਿੱਤਰ 8.11)।*

**(ii) ਧਾਗੇ ਦੀ ਆਈ—** *ਇਹ ਇੰਨੀਆਂ ਮਜ਼ਬੂਤ ਹੁੰਦੀਆਂ ਜਿੰਨੀਆਂ ਕਿ ਧਾਤ ਵਾਲੀਆਂ। ਇਹ ਸਸਤੀਆਂ ਪੈਂਦੀਆਂ ਹਨ ਅਤੇ ਕੱਪੜੇ ਦੇ ਮਿਲਵੇਂ ਜੁਲਵੇਂ ਧਾਗੇ ਨਾਲ ਬਣਾਈਆਂ ਜਾ ਸਕਦੀਆਂ ਹਨ। ਇਹਨਾਂ ਨੂੰ ਬਣਾਉਣ ਲਈ ਸਭ ਤੋਂ ਪਹਿਲਾਂ ਜਿਸ ਜਗ੍ਹਾ ਤੇ ਆਈ ਬਣਾਉਣੀ ਹੋਵੇ, ਉੱਥੇ 0.6 ਸੈਂਟੀਮੀਟਰ ਦੇ 4 ਜਾਂ 5, ਲੰਬੇ ਟਾਂਕੇ ਲਾਓ। ਫਿਰ ਉਹਨਾਂ ਧਾਗਿਆਂ ਦੇ ਇੱਕ ਕਿਨਾਰੇ ਤੋਂ ਦੂਜੇ ਕਿਨਾਰੇ ਤੱਕ ਕਾਜ ਟਾਂਕੇ ਨਾਲ ਸਿਉਂ ਦਿਓ। ਗੋਲ ਚੱਕਰ ਵਿੱਚੋਂ ਸੂਈ ਲੰਘਾ ਕੇ ਇਸ ਤਰ੍ਹਾਂ ਸਿਉ ਦਿਓ ਜਿਸ ਤਰ੍ਹਾਂ ਹੁੱਕ ਲਗਾਈ ਜਾਂਦੀ ਹੈ। ਇਹ ਧਿਆਨ ਰਹੇ ਕਿ ਇਹ ਪੱਟੀ ਨਾਲ ਨਾ ਜੁੜ ਜਾਏ। ਜਿਸ ਲਈ ਕਾਜ ਟਾਂਕੇ ਸਿਰਫ ਪਹਿਲੇ ਟਾਂਕਿਆਂ ਵਿੱਚੋਂ ਹੀ ਲਏ ਜਾਣ (ਚਿੱਤਰ 8.12)।*



*ਚਿੱਤਰ 8.12 ਧਾਗੇ ਦੀ ਆਈ*

*4. ਫੈਂਸੀ ਬਟਨ—ਬਜ਼ਾਰ ਵਿੱਚ ਕਈ ਪ੍ਰਕਾਰ ਦੇ ਫੈਂਸੀ ਬਟਨ ਮਿਲਦੇ ਹਨ। ਪੁਸ਼ਾਕ ਦੇ ਕੱਪੜੇ ਦੇ ਬਟਨ ਵੀ ਕਿਸੇ ਆਕਾਰ ਵਿੱਚ ਮੜਵਾ ਕੇ ਲਗਾਏ ਜਾ ਸਕਦੇ*

*ਹਨ। ਆਮ ਤੌਰ ਤੇ ਫੈਂਸੀ ਬਟਨ ਵਿੱਚ ਇਸ ਨੂੰ ਲਗਾਉਣ ਲਈ ਛੇਦ ਹੇਠਲੇ ਪਾਸੇ ਹੀ ਹੁੰਦਾ ਹੈ। ਇਹਨਾਂ ਨੂੰ ਆਮ ਤੌਰ ਤੇ ਸਜਾਵਟ ਲਈ ਲਗਾਇਆ ਜਾਂਦਾ ਹੈ। ਜਿੱਥੇ ਲਗਾਉਣੇ ਹੋਣ ਉੱਥੇ ਨਿਸ਼ਾਨ ਲਗਾ ਲਓ ਅਤੇ ਸੂਈ ਧਾਗੇ ਨੂੰ ਪੱਟੀ ਦੀਆਂ ਦੋਹਾਂ ਤਹਿਆਂ ਵਿੱਚੋਂ ਕੱਢਦੇ ਹੋਏ ਬਟਨ ਦੇ ਛੇਦ ਵਿੱਚੋਂ ਕੱਢੋ। ਕਈ ਵਾਰ ਇਹ ਪ੍ਰਕਿਰਿਆ ਦੁਹਰਾਓ ਤਾਂ ਜੋ ਬਟਨ ਪੱਕੀ ਤਰ੍ਹਾਂ ਲੱਗ ਜਾਵੇ। ਸਿਪ ਬਟਨ ਦੀ ਤਰ੍ਹਾਂ ਹੀ ਸੂਈ ਨੂੰ ਬਟਨ ਦੇ ਥੱਲੇ ਪਰ ਕੱਪੜੇ ਦੇ ਉੱਪਰ ਕੱਢ ਕੇ ਬਟਨ ਦੇ ਟਾਂਕਿਆਂ ਦੇ ਇਰਦ-ਗਿਰਦ ਤਿੰਨ ਚਾਰ ਵਾਰ ਧਾਗਾ ਲਪੇਟ ਦਿਓ ਤੇ ਪੁੱਠੇ ਪਾਸੇ ਲਿਜਾ ਕੇ ਪੱਕਾ ਕਰ ਦਿਓ।*

5. **ਜ਼ਿੱਪ ਲਗਾਉਣਾ—***ਕਈ ਥਾਵਾਂ ਤੇ ਖੁੱਲ੍ਹੀ ਪੱਟੀ ਨੂੰ ਬੰਦ ਕਰਨ ਲਈ ਜ਼ਿੱਪ ਦਾ ਪ੍ਰਯੋਗ ਕੀਤਾ ਜਾਂਦਾ ਹੈ। ਸਿੱਪ ਬਟਨਾਂ ਦੀ ਤਰ੍ਹਾਂ ਜ਼ਿੱਪ ਵੀ ਕਈ ਤਰ੍ਹਾਂ ਜਿਵੇਂ ਕਿ ਪਲਾਸਟਿਕ ਅਤੇ ਧਾਤ ਦੀਆਂ ਮਿਲਦੀਆਂ ਹਨ। ਜ਼ਰੂਰਤ ਮੁਤਾਬਕ ਆਕਾਰ ਵੀ ਵੱਡਾ ਜਾਂ ਛੋਟਾ ਹੋ ਸਕਦਾ ਹੈ। ਤੁਸੀਂ ਦੇਖਿਆ ਹੀ ਹੋਵੇਗਾ ਕਿ ਜੈਕੇਟਾਂ ਦੇ ਅੱਗੇ, ਪੈਂਟਾਂ ਅਤੇ ਨਿੱਕਰਾਂ ਦੇ ਅੱਗੇ ਖੁੱਲ੍ਹਣ ਵਾਲੀ ਜਗ੍ਹਾ, ਜੇਬਾਂ, ਬੈਗਾਂ ਆਦਿ ਹੋਰ ਅਨੇਕਾਂ ਥਾਵਾਂ ਤੇ ਜ਼ਿੱਪ ਦਾ ਪ੍ਰਯੋਗ ਕਾਫੀ ਕੀਤਾ ਜਾਂਦਾ ਹੈ। ਅੱਜ ਕੱਲ੍ਹ ਖੁਲ੍ਹੀ ਪੱਟੀ ਨੂੰ ਬੰਦ ਕਰਨ ਲਈ ਜ਼ਿੱਪ ਦਾ ਪ੍ਰਯੋਗ ਕਾਫੀ ਕੀਤਾ ਜਾਂਦਾ ਹੈ। ਜ਼ਿੱਪ ਦੇ ਦੰਦੇ ਪਲਾਸਟਿਕ ਜਾਂ ਧਾਤ ਦੇ ਹੋ ਸਕਦੇ ਹਨ ਜੋ ਕੱਪੜੇ ਤੇ ਹੀ ਲੱਗੇ ਹੁੰਦੇ ਹਨ। ਜਿਨ੍ਹਾਂ ਨੂੰ ਜ਼ਿੱਪ ਡਰਾਇਵਰ ਨਾਲ ਚਲਾਇਆ ਜਾਂਦਾ ਹੈ। ਜ਼ਿੱਪ ਖਰੀਦਦੇ ਸਮੇਂ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਜ਼ਿੱਪ ਓਨੀ ਲੰਬੀ ਹੀ ਹੋਵੇ ਜਿੰਨੀ ਕਿ ਖੁੱਲ੍ਹੀ ਪੱਟੀ। ਜ਼ਿੱਪ ਦਾ ਰੰਗ ਵੱਧ ਤੋਂ ਵੱਧ ਪੁਸ਼ਾਕ ਦੇ ਕੱਪੜੇ ਨਾਲ ਮਿਲਦਾ ਹੋਣਾ ਚਾਹੀਦਾ ਹੈ। ਸਿੱਧੇ ਕੱਪੜੇ ਤੇ ਜ਼ਿੱਪ ਲਗਾਉਣ ਲਈ ਜਿੱਥੇ ਜ਼ਿੱਪ ਲਗਾਈ ਜਾਣੀ ਹੈ ਉੱਥੇ ਕਿਨਾਰੇ ਪੱਕੇ ਕਰ ਲੈਣੇ ਚਾਹੀਦੇ ਹਨ ਅਤੇ ਜ਼ਿੱਪ ਬੰਦ ਕਰਕੇ ਕੱਪੜੇ ਦੇ ਨੀਚੇ ਰੱਖ ਕੇ ਕੱਚਾ ਕਰ ਲੈਣਾ ਚਾਹੀਦਾ ਹੈ। ਧਿਆਨ ਰਹੇ ਕਿ ਕੱਪੜੇ ਵਿੱਚ ਖਿੱਚ ਨਾ ਪਵੇ ਨਹੀਂ ਤਾਂ ਝੁੰਗ ਪੈ ਜਾਵੇਗਾ। ਕਮੀਜ਼ ਦੇ ਪਿਛਲੇ ਪਾਸੇ ਇਸੇ ਤਰ੍ਹਾਂ ਜ਼ਿੱਪ ਲਗਾਈ ਜਾ ਸਕਦੀ ਹੈ।*

6. **ਵੈਲਕਰੋ ਟੇਪ ਲਗਾਉਣਾ—***ਉੱਪਰ ਦੱਸੇ ਤਰੀਕਿਆਂ ਨਾਲ ਖੁੱਲ੍ਹੀ ਪੱਟੀ ਬੰਦ ਕਰਨ ਤੋਂ ਇਲਾਵਾ ਅੱਜ ਕੱਲ੍ਹ ਵੈਲਕਰੋ ਟੇਪ ਦਾ ਇਸਤੇਮਾਲ ਵੀ ਕੀਤਾ ਜਾ ਸਕਦਾ ਹੈ। ਇਸ ਵਿੱਚ ਉਪਰਲੀ ਪੱਟੀ ਦੇ ਹੇਠਲੇ ਪਾਸੇ ਅਤੇ ਹੇਠਲੀ ਪੱਟੀ ਦੇ ਉਪਰਲੇ ਪਾਸੇ ਲਾਉਣ ਲਈ ਵੈਲਕਰੋ ਟੇਪ ਦੇ ਦੋ ਅਲੱਗ-ਅਲੱਗ ਹਿੱਸੇ ਹੁੰਦੇ ਹਨ। ਇੱਕ ਪਾਸੇ ਤੇ ਹੁੱਕਾਂ ਜਿਹੀਆਂ ਬਣੀਆਂ ਹੁੰਦੀਆਂ ਹਨ ਜੋ ਦੂਸਰੇ ਪਾਸੇ ਦੀਆਂ ਆਈਆਂ ਵਿੱਚ ਫਸ ਕੇ ਖੁੱਲ੍ਹੀ ਪੱਟੀ ਨੂੰ ਬੰਦ ਕਰਨ ਵਿੱਚ ਸਹਾਇਤਾ ਕਰਦੀਆਂ ਹਨ।*

### ਅਭਿਆਸ

## ਵਸਤੂਨਿਸ਼ਠ ਪ੍ਰਸ਼ਨ—

1. *ਪੁਸ਼ਾਕਾਂ ਵਿੱਚ ਖੁੱਲ੍ਹੀ ਪੱਟੀ ਕਿਉਂ ਬਣਾਈ ਜਾਂਦੀ ਹੈ?*

2. *ਆਦਮੀਆਂ ਅਤੇ ਔਰਤਾਂ ਦੀਆਂ ਪੁਸ਼ਾਕਾਂ ਦੀ ਖੁੱਲ੍ਹੀ ਪੱਟੀ ਵਿੱਚ ਕੀ ਅੰਤਰ ਹੁੰਦਾ ਹੈ?*
3. *ਖੁੱਲ੍ਹੀ ਪੱਟੀ ਕਿਹੜੇ-ਕਿਹੜੇ ਤਰੀਕਿਆਂ ਨਾਲ ਬਣਾਈ ਜਾ ਸਕਦੀ ਹੈ ਨਾਮ ਦੱਸੋ?*
4. *ਗੋਲ ਜਾਂ ਤਿਰਛੀ ਜਗ੍ਹਾ ਤੇ ਕਿਹੋ ਜਿਹੀ ਪੱਟੀ ਲਗਾਈ ਜਾਂਦੀ ਹੈ? ਕਿਉਂ?*
5. *ਸ਼ੇਪ ਵਾਲੀ ਪੱਟੀ ਤੋਂ ਤੁਸੀਂ ਕੀ ਸਮਝਦੇ ਹੋ?*
6. *ਖੁੱਲ੍ਹੀ ਪੱਟੀ ਨੂੰ ਬੰਦ ਕਰਨ ਦੇ ਕਿਹੜੇ-ਕਿਹੜੇ ਸਾਧਨ ਹਨ? ਕਿਸੇ ਚਾਰ ਦੇ ਨਾਮ ਦੱਸੋ?*

## ਛੋਟੇ ਉੱਤਰਾਂ ਵਾਲੇ ਪ੍ਰਸ਼ਨ—

7. *ਪੁਸ਼ਾਕ ਤੇ ਖੁੱਲ੍ਹੀ ਪੱਟੀ ਬਣਾਉਣ ਸਮੇਂ ਕਿਹੜੀਆਂ-ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?*
8. *ਖੁੱਲ੍ਹੀ ਪੱਟੀ ਨੂੰ ਬਣਾਉਣ ਦੇ ਕਿਸੇ ਇੱਕ ਤਰੀਕੇ ਬਾਰੇ ਦੱਸੋ?*
9. *ਦੋ ਟਾਕੀਆਂ ਵਾਲੀ ਖੁੱਲ੍ਹੀ ਪੱਟੀ ਕਿੱਥੇ ਲਗਾਈ ਜਾਂਦੀ ਹੈ?*
10. *ਖੁੱਲ੍ਹੀ ਪੱਟੀ ਨੂੰ ਕਿਹੜੇ ਤਰੀਕਿਆਂ ਨਾਲ ਬੰਦ ਕੀਤਾ ਜਾ ਸਕਦਾ ਹੈ ਕਿਸੇ ਇੱਕ ਬਾਰੇ ਦੱਸੋ?*
11. *ਵੈਲਕਰੋਟੇਪ ਤੋਂ ਤੁਸੀਂ ਕੀ ਸਮਝਦੇ ਹੋ ਅਤੇ ਇਹ ਕਿੱਥੇ ਲਗਾਈ ਜਾਂਦੀ ਹੈ?*
12. *ਜ਼ਿੱਪ ਕਿੱਥੇ ਅਤੇ ਕਿਉਂ ਲਗਾਈ ਜਾਂਦੀ ਹੈ?*
13. *ਸਿੱਪ ਬਟਨ ਅਤੇ ਟਿੱਚ ਬਟਨ ਵਿੱਚ ਕੀ ਅੰਤਰ ਹੈ?*
14. *ਖੁੱਲ੍ਹੀ ਪੱਟੀ ਨੂੰ ਫੈਂਸੀ ਬਣਾਉਣ ਲਈ ਕੀ-ਕੀ ਕੀਤਾ ਜਾ ਸਕਦਾ ਹੈ?*

## ਨਿਬੰਧਾਤਮਕ ਪ੍ਰਸ਼ਨ—

15. *ਖੁੱਲ੍ਹੀ ਪੱਟੀ ਕਿੱਥੇ ਅਤੇ ਕਿਉਂ ਬਣਾਈ ਜਾਂਦੀ ਹੈ ਅਤੇ ਬਣਾਉਣ ਦੇ ਤਰੀਕੇ ਕਿਹੜੇ-ਕਿਹੜੇ ਹਨ?*
16. *ਖੁੱਲ੍ਹੀ ਪੱਟੀ ਨੂੰ ਕਿਹੜੇ-ਕਿਹੜੇ ਤਰੀਕਿਆਂ ਨਾਲ ਬੰਦ ਕੀਤਾ ਜਾ ਸਕਦਾ ਹੈ? ਵਿਸਥਾਰ ਨਾਲ ਦੱਸੋ।*

********


ਪਾਠ 9

# ਪੁਸ਼ਾਕ ਨੂੰ ਖੁੱਲ੍ਹਾ ਕਰਨ ਦੇ ਤਰੀਕੇ

*ਮਨੁੱਖ ਦੇ ਸਰੀਰ ਦੀ ਬਣਤਰ ਸਭ ਥਾਵਾਂ ਤੋਂ ਇੱਕੋ ਜਿਹੀ ਨਹੀਂ ਹੁੰਦੀ। ਕਿਤੇ ਗੋਲਾਈਆਂ ਹੁੰਦੀਆਂ ਹਨ ਕਿਤੇ ਕੋਈ ਭਾਗ ਉਭਰੇ ਹੁੰਦੇ ਹਨ, ਕੋਈ ਭਾਗ ਘੱਟ ਚੌੜਾ ਹੁੰਦਾ ਹੈ ਅਤੇ ਕੋਈ ਵੱਧ। ਇਸ ਲਈ ਸਰੀਰ ਦੀ ਬਣਤਰ ਅਨੁਸਾਰ ਪੁਸ਼ਾਕ ਬਣਾਉਣ ਲਈ ਸਾਨੂੰ ਡਾਟ, ਟੱਕਸ, ਪਲੀਟਾਂ, ਚੋਣਾਂ ਅਤੇ ਸਮੌਕਿੰਗ ਆਦਿ ਦੀ ਸਹਾਇਤਾ ਲੈਣੀ ਪੈਂਦੀ ਹੈ। ਕਈ ਵਾਰ ਇਹਨਾਂ ਦੀ ਵਰਤੋਂ ਪੁਸ਼ਾਕ ਦੀ ਸੁੰਦਰਤਾ ਵਧਾਉਣ ਲਈ ਵੀ ਕੀਤੀ ਜਾਂਦੀ ਹੈ। ਬੱਚਿਆਂ ਦੇ ਕੱਪੜਿਆਂ ਵਿੱਚ ਉਹਨਾਂ ਦੇ ਵਾਧੇ ਨੂੰ ਧਿਆਨ ਵਿੱਚ ਰੱਖਦੇ ਹੋਏ ਪਲੀਟਾਂ ਪਾਈਆਂ ਜਾਂਦੀਆਂ ਹਨ ਕਿਉਂਕਿ ਜਦੋਂ ਬੱਚਾ ਵੱਡਾ ਹੁੰਦਾ ਹੈ ਤਾਂ ਇਹਨਾਂ ਨੂੰ ਖੋਲ੍ਹ ਕੇ ਪੁਸ਼ਾਕ ਨੂੰ ਖੁੱਲ੍ਹਾ ਅਤੇ ਲੰਬਾ ਕੀਤਾ ਜਾ ਸਕਦਾ ਹੈ।*


## 1. ਡਾਟ

*ਸਰੀਰ ਦੀ ਬਣਤਰ ਅਨੁਸਾਰ ਪੁਸ਼ਾਕ ਨੂੰ ਆਕਾਰ ਦੇਣ ਲਈ ਅਤੇ ਖਾਸ ਜਗ੍ਹਾ ਤੋਂ ਖੁੱਲ੍ਹਾ ਕਰਨ ਲਈ ਇਹਨਾਂ ਦੀ ਵਰਤੋਂ ਕੀਤੀ ਜਾਂਦੀ ਹੈ ਜਿਵੇਂ ਕਿ ਔਰਤਾਂ ਦੇ ਬਲਾਊਜ਼ ਵਿੱਚ, ਪੈਂਟ ਵਿੱਚ ਕਮਰ ਦੀ ਫਿਟਿੰਗ ਲਈ ਅਤੇ ਬੱਚਿਆਂ ਦੀਆਂ ਪੁਸ਼ਾਕਾਂ ਆਦਿ ਵਿੱਚ। ਇਹ ਸਿੱਧੇ ਕੱਪੜੇ ਨੂੰ ਸਰੀਰ ਅਨੁਸਾਰ ਬਣਤਰ ਦੇਣ ਲਈ ਹੇਠ ਦੱਸੇ ਤਰੀਕੇ ਅਨੁਸਾਰ ਬਣਾਏ ਜਾਂਦੇ ਹਨ। ਡਾਟ ਇੱਕ ਪਾਸੇ ਚੌੜਾ ਹੁੰਦਾ ਹੈ ਅਤੇ ਦੂਸਰੇ ਪਾਸੇ ਇਸਦੀ ਚੌੜਾਈ ਘਟਦੀ ਜਾਂਦੀ ਹੈ। ਜਿੱਥੇ ਖਤਮ ਹੁੰਦਾ ਹੈ ਉੱਥੇ ਸਿਲਾਈ ਬਿਲਕੁਲ ਕਿਨਾਰੇ ਨਾਲ ਆਉਂਦੀ ਹੈ। ਡਾਟ ਪਾਉਣ ਲਈ ਕੱਪੜੇ ਨੂੰ ਵਿਛਾ ਕੇ ਉਸ ਉੱਤੇ ਪੈਟਰਨ ਰੱਖੋ। ਜਿੱਥੇ ਡਾਟ ਪਾਉਣਾ ਹੈ ਉਸ ਥਾਂ ਤੇ ਨਿਸ਼ਾਨ*





*ਚਿੱਤਰ 9.1 ਡਾਟ ਪਾਉਣ ਦਾ ਤਰੀਕਾ*


*ਲਗਾ ਲਵੋ (ਚਿੱਤਰ 9.1 ੳ)। ਹੁਣ ਇਹਨਾਂ ਨਿਸ਼ਾਨਾਂ ਨੂੰ ਇਸ ਤਰ੍ਹਾਂ ਦੂਹਰਾ ਕਰੋ ਕਿ ਦੋਵੇਂ ਨਿਸ਼ਾਨ ਇੱਕ ਦੂਜੇ ਨਾਲ ਮਿਲਦੇ ਹੋਣ। ਕੱਚਾ ਕਰਕੇ ਸਿਲਾਈ ਕਰ ਲਓ। (ਚਿੱਤਰ 9.1 ਅ) ਕਈ ਥਾਵਾਂ ਤੇ ਇੱਕ ਚੌੜੇ ਡਾਟ ਨਾਲੋਂ ਕਈ ਘੱਟ ਚੌੜੀਆਂ ਡਾਟਾਂ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। ਇਸ ਨਾਲ ਭੁੰਗ ਨਹੀਂ ਪੈਂਦੇ। ਇਸ ਨੂੰ ਸਿਉਂਣ ਤੋਂ ਪਿੱਛੋਂ ਇਸਤਰੀ ਕਰ ਲੈਣਾ ਚਾਹੀਦਾ ਹੈ। ਜੇ ਡਾਟ ਲੰਬਾਈ ਵੱਲ ਨੂੰ ਹੋਣ ਤਾਂ ਉਹਨਾਂ ਨੂੰ ਇੱਕ ਪਾਸੇ ਜਾਂ ਵਿਚਕਾਰੋਂ ਮੋੜ ਦਿਓ। ਜਦੋਂ ਇਹ ਕੱਪੜੇ ਦੀ ਚੌੜਾਈ ਵੱਲ (ਲੇਟਵੇਂ) ਪਾਉਣੇ ਹੋਣ ਤਾਂ ਹੇਠਾਂ ਨੂੰ ਪ੍ਰੈੱਸ ਕਰੋ। ਇਹ ਆਮ ਤੌਰ ਤੇ ਇੱਕੋ ਪਾਸੇ ਮੋੜੇ ਜਾਂਦੇ ਹਨ। ਪਰ ਮੋਟੇ ਕੱਪੜਿਆਂ ਜਿਵੇਂ ਕਿ ਜੀਨ, ਗਰਮ ਕੱਪੜੇ ਆਦਿ ਉੱਤੇ ਡਾਟਾਂ ਨੂੰ ਵਿਚਕਾਰੋਂ ਕੱਟ ਕੇ ਦੋਵਾਂ ਕਿਨਾਰਿਆਂ ਨੂੰ ਵੱਖ-ਵੱਖ ਕਰਕੇ ਪ੍ਰੈੱਸ ਕਰਨਾ ਚਾਹੀਦਾ ਹੈ (ਚਿੱਤਰ 9.2)। ਇਹ ਜ਼ਨਾਨਾ ਕਮੀਜ਼, ਬਲਾਊਜ਼ ਅਤੇ ਸਕੱਰਟ ਵਿੱਚ ਪੁਸ਼ਾਕ ਨੂੰ ਕਮਰ ਤੋਂ ਤੰਗ ਬਣਾਉਣ ਲਈ ਵੀ ਪਾਏ ਜਾਂਦੇ ਹਨ। ਕਦੀ-ਕਦੀ ਇਹ ਗਲੇ (ਚਿੱਤਰ 9.3) ਅਤੇ ਮੋਢੇ (ਚਿੱਤਰ 9.4) ਉੱਤੇ ਵੀ ਲਗਾਏ ਜਾਂਦੇ ਹਨ। ਪੈਟਰਨ ਵਿੱਚ ਜਿੱਥੇ ਖੁੱਲ੍ਹਾਪਨ ਲਿਆਉਣਾ ਹੋਵੇ ਤਾਂ ਉੱਥੇ ਹੀ ਡਾਟਾਂ ਦਾ ਪ੍ਰਯੋਗ ਕੀਤਾ ਜਾ ਸਕਦਾ ਹੈ ਬੇਸ਼ਕ ਇਹ ਪੈਟਰਨ ਵਿੱਚ ਨਾ ਵੀ ਦਰਸਾਇਆ ਗਿਆ ਹੋਵੇ। ਜਿੱਥੇ ਕੱਪੜੇ ਵਿੱਚ ਨਿਸ਼ਚਿਤ ਆਕਾਰ ਲਿਆਉਣਾ ਹੋਵੇ ਉੱਥੇ ਇਕ ਨਿਸ਼ਚਿਤ ਚੌੜੀ ਡਾਟ ਪਾਉਣ ਦੀ ਥਾਂ ਛੋਟੀਆਂ ਚੌੜੀਆਂ ਕਈ ਡਾਟਾਂ ਪਾਉਣੀਆਂ ਠੀਕ ਰਹਿੰਦੀਆਂ ਹਨ ਜਿਵੇਂ ਕਿ ਗਲੇ ਜਾਂ ਬਾਂਹ ਨੂੰ ਸ਼ੇਪ ਦੇਣ ਲਈ ਪਾਈਆਂ ਜਾਣ ਵਾਲੀਆਂ ਡਾਟਾਂ (ਚਿੱਤਰ 9.5)।*




**ਚਿੱਤਰ 9.2**
**ਮੋਟੇ ਕੱਪੜੇ ਲਈ ਡਾਟ ਨੂੰ ਵਿਚਕਾਰੋਂ ਕੱਟਣਾ**



**ਚਿੱਤਰ 9.3**
**ਗਲੇ ਲਈ ਡਾਟ**




**ਚਿੱਤਰ 9.4**
**ਮੋਢੇ ਲਈ ਡਾਟ**



**ਚਿੱਤਰ 9.5 ਬਾਂਹ ਲਈ ਡਾਟ**


## 2. ਪਲੀਟ

*ਪਲੀਟਾਂ ਵੀ ਕੱਪੜੇ ਨੂੰ ਠੀਕ ਬਣਤਰ ਦੇਣ ਲਈ ਪਾਈਆਂ ਜਾਂਦੀਆਂ ਹਨ। ਇਹਨਾਂ ਨੂੰ ਬਣਾਉਣ ਲਈ ਬਹੁਤੇ ਕੱਪੜੇ ਦੀ ਲੋੜ ਹੁੰਦੀ ਹੈ, ਨਹੀਂ ਤਾਂ ਇਹ ਆਪਣੀ ਥਾਂ ਤੇ ਠੀਕ ਨਹੀਂ ਬੈਠਦੀਆਂ। ਪਲੀਟਾਂ ਦੀ ਲੰਬਾਈ ਕੱਪੜੇ ਦੇ ਤਾਣੇ ਵੱਲ ਹੋਣੀ ਚਾਹੀਦੀ ਹੈ, ਨਹੀਂ ਤਾਂ ਇਹ ਸੁਹਣੀਆਂ ਨਹੀਂ ਆਉਂਦੀਆਂ। ਮੋਟੇ ਕੱਪੜੇ ਉੱਤੇ ਇਹ ਜ਼ਿਆਦਾ ਆਸਾਨੀ ਨਾਲ਼ ਪੈਂਦੀਆਂ ਹਨ।*



**ਚਿੱਤਰ 9.6 ਪਲੀਟ**

*ਪਲੀਟਾਂ ਕਈ ਤਰ੍ਹਾਂ ਦੀਆਂ ਹੁੰਦੀਆਂ ਹਨ, ਇਹਨਾਂ ਵਿੱਚੋਂ ਆਮ ਪ੍ਰਚੱਲਿਤ ਬਾਕਸ ਅਤੇ ਨਾਈਫ ਪਲੀਟਾਂ ਹਨ। ਜਦੋਂ ਸਾਰੀਆਂ ਪਲੀਟਾਂ ਦੇ ਮੂੰਹ ਇੱਕ ਪਾਸੇ ਹੋਣ ਤਾਂ ਉਹਨਾਂ ਨੂੰ ਨਾਈਫ਼ ਪਲੀਟਾਂ ਕਹਿੰਦੇ ਹਨ (ਚਿੱਤਰ 9.6)। ਬਾਕਸ ਪਲੀਟ ਦੋ ਨਾਈਫ਼ ਪਲੀਟਾਂ, ਜਿੰਨ੍ਹਾਂ ਦੇ ਮੂੰਹ ਆਹਮੋ-ਸਾਹਮਣੇ ਹੋਣ, ਨੂੰ ਮਿਲਾ ਕੇ ਬਣਦੀ ਹੈ। ਬਾਕਸ ਪਲੀਟ ਦੇ ਪੁੱਠੇ ਪਾਸੇ ਨੂੰ ਉਲਟਾ ਜਾਂ ਪੁੱਠਾ ਬਾਕਸ ਪਲੀਟ ਆਖਦੇ ਹਨ (ਚਿੱਤਰ 9.7)।*



**ਬਾਕਸ ਪਲੀਟ** **ਪੁੱਠਾ ਬਾਕਸ ਪਲੀਟ**


**ਚਿੱਤਰ 9.7**

*ਹਰ ਤਰ੍ਹਾਂ ਦੇ ਪਲੀਟਾਂ ਨੂੰ ਇੱਕੋ ਜਿਹਾ ਕੱਪੜਾ ਨਹੀਂ ਲੱਗਦਾ। ਇਹਨਾਂ ਲਈ ਕੱਪੜਾ ਲੈਣ ਤੋਂ ਪਹਿਲਾਂ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ—*

*(ੳ) ਪਲੀਟ ਦੀ ਚੌੜਾਈ, (ਅ) ਦੋ ਪਲੀਟਾਂ ਦੇ ਵਿਚਕਾਰ ਦਾ ਫਾਸਲਾ, (ੲ) ਪਲੀਟਾਂ ਦੀ ਗਿਣਤੀ, (ਸ) ਪਾਸਿਆਂ ਉੱਤੇ ਖਾਲੀ ਜਗ੍ਹਾ।*

*ਮੰਨ ਲਓ ਤੁਸੀਂ ਫਰਾਕ ਦੀ ਸਕੱਰਟ ਉੱਤੇ ਦੋ ਇੰਚ ਚੌੜੀਆਂ 'ਪੰਜ' ਪੁੱਠੀਆਂ ਬਾਕਸ ਪਲੀਟਾਂ ਪਾਉਣੀਆਂ ਹਨ ਤੇ ਪਲੀਟਾਂ ਦੇ ਵਿਚਕਾਰ ਦਾ ਫ਼ਾਸਲਾ ਅੱਧਾ ਇੰਚ ਅਤੇ ਪਾਸਿਆਂ ਉੱਤੇ ਇੱਕ-ਇੱਕ ਇੰਚ ਖਾਲੀ ਥਾਂ ਰੱਖਣੀ ਹੈ। ਇੱਕ ਪਲੀਟ ਲਈ ਕੱਪੜਾ ਪਲੀਟ ਦੀ ਚੌੜਾਈ ਤੋਂ ਤਿਗੁਣਾ ਲਗਦਾ ਹੈ ਇਸ ਲਈ 2 ਇੰਚ*

*ਚੌੜੀਆਂ 5 ਪਲੀਟਾਂ ਲਈ 30 ਇੰਚ ਚੌੜੇ ਕੱਪੜੇ ਦੀ ਜ਼ਰੂਰਤ ਹੋਵੇਗੀ ਅਤੇ ਪਲੀਟਾਂ ਦੇ ਵਿਚਕਾਰ ਦੇ ਫ਼ਾਸਲਿਆਂ ਦੀ ਗਿਣਤੀ ਪਲੀਟਾਂ ਦੀ ਗਿਣਤੀ ਨਾਲ਼ੋਂ ਇੱਕ ਨੰਬਰ ਘੱਟ ਹੋਵੇਗੀ। ਜੇਕਰ ਅਸੀਂ ਪੰਜ ਪਲੀਟਾਂ ਪਾਉਣਾ ਚਾਹੁੰਦੇ ਹਾਂ ਤਾਂ ਇਹਨਾਂ ਦੇ ਵਿੱਚ ਦੇ ਫ਼ਾਸਲਿਆਂ ਦੀ ਗਿਣਤੀ 5–1= 4 ਹੋਵੇਗੀ।*




*ਚਿੱਤਰ 9.8 ਪੁੱਠੇ ਬਾਕਸ ਪਲੀਟ ਲਈ ਨਿਸ਼ਾਨ ਲਗਾਉਣਾ*

*ਨੋਟ : ਕਿਸੇ ਨੰਬਰ ਤੇ ' ਦਾ ਨਿਸ਼ਾਨ ਫੁੱਟ ਲਈ ਅਤੇ " ਨਿਸ਼ਾਨ ਇੰਚ ਦਰਸਾਉਣ ਲਈ ਵਰਤਿਆ ਜਾਂਦਾ ਹੈ।*

*ਪਲੀਟ ਦੀ ਚੌੜਾਈ = (ਚ) = 2"*

*ਦੋ ਪਲੀਟਾਂ ਦੇ ਵਿਚਕਾਰ ਦਾ ਫ਼ਾਸਲਾ = (ਛ) = $\frac{1}{2}$"*

*ਪਲੀਟਾਂ ਦੀ ਗਿਣਤੀ = (ਨ) =5*

*ਪਾਸਿਆਂ ਉੱਤੇ ਖ਼ਾਲੀ ਜਗ੍ਹਾ = (ਜ) = 1"*

*ਤਾਂ ਕੱਪੜੇ ਦੀ ਪੂਰੀ ਚੌੜਾਈ = ਚ ਨ 3+ਛ 4+ਜ 2*

*ਇਸ ਲਈ ਕੱਪੜੇ ਦੀ ਚੌੜਾਈ* $= 2 \quad 5 \quad 3+\frac{1}{2} \quad 4+1 \quad 2$

*ਇੰਚ* $= 30+2+2=34''$

*ਪਲੀਟਾਂ ਪਾਉਣ ਤੋਂ ਬਾਅਦ ਤਿਆਰ ਚੌੜਾਈ = ਚ ਨ+ਛ 4+ਜ 2*

$=2 \quad 5+\frac{1}{2} \quad 4+1 \quad 2=10+2+2=14$ *ਇੰਚ*

*ਇਸ ਤਰ੍ਹਾਂ ਕੱਪੜੇ ਦੀ ਚੌੜਾਈ ਅਨੁਸਾਰ ਪਲੀਟਾਂ ਪਾਉਣ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ।*

*ਮੋਟੇ ਕੱਪੜਿਆਂ ਨੂੰ ਪਲੀਟਾਂ ਪਾ ਕੇ ਚੰਗੀ ਤਰ੍ਹਾਂ ਸਾਂਭਿਆ ਜਾ ਸਕਦਾ ਹੈ। ਪਲੀਟਾਂ ਨੂੰ ਜੋੜਨ ਤੋਂ ਪਹਿਲਾਂ ਪ੍ਰੈੱਸ ਕਰ ਲਵੋ ਤਾਂ ਜੋ ਪਲੀਟ ਦੀਆਂ ਤਿੰਨ ਤਹਿਆਂ ਸਿਲਾਈ ਵਿੱਚ ਬਰਾਬਰ ਆ ਜਾਣ। ਕਿਉਂਕਿ ਜੇਕਰ ਕੋਈ ਤਹਿ ਰਹਿ ਜਾਵੇਗੀ ਤਾਂ ਉਸ ਥਾਂ ਤੋਂ ਪਲੀਟ ਦੀ ਸ਼ਕਲ ਹੀ ਵਿਗੜ ਜਾਵੇਗੀ ਅਤੇ ਉਸ ਥਾਂ ਤੋਂ ਕੱਪੜਾ ਲਟਕਿਆ ਦਿਖਾਈ ਦੇਵੇਗਾ। ਪਲੀਟਾਂ ਦਾ ਪ੍ਰਯੋਗ ਸਕੱਰਟਾਂ ਅਤੇ ਬੱਚਿਆਂ ਦੀਆਂ ਫਰਾਕਾਂ ਵਿੱਚ ਆਮ ਕੀਤਾ ਜਾਂਦਾ ਹੈ।*

*ਕਈ ਵਾਰੀ ਤੁਸੀਂ ਦੇਖਿਆ ਹੋਵੇਗਾ ਕਿ ਬਜ਼ਾਰ ਵਿੱਚ ਮਿਲਣ ਵਾਲੇ ਕੱਪੜੇ ਤੇ ਪਹਿਲਾਂ ਹੀ ਪਲੀਟਾਂ ਪਾਈਆਂ ਹੁੰਦੀਆਂ ਹਨ ਜੋ ਕਿ ਸਕੱਰਟ ਵਗੈਰਾ ਬਣਾਉਣ ਲਈ ਇਸਤੇਮਾਲ ਕੀਤਾ ਜਾਂਦਾ ਹੈ। ਅਸਲ ਵਿੱਚ ਅਜਿਹੀਆਂ ਪਲੀਟਾਂ ਭਾਫ਼ ਦੁਆਰਾ ਮਸ਼ੀਨਾਂ ਰਾਹੀਂ ਪ੍ਰੈੱਸ ਕਰ ਕੇ ਪਾਈਆਂ ਜਾਂਦੀਆਂ ਹਨ ਅਤੇ ਇਹਨਾਂ ਨੂੰ* Accordian Pleats *ਕਿਹਾ ਜਾਂਦਾ ਹੈ।*

## 3. ਟਕਸ


*ਇਹ ਵੀ ਪਲੀਟਾਂ ਦੀ ਤਰ੍ਹਾਂ ਹੀ ਹੁੰਦੇ ਹਨ ਫਰਕ ਸਿਰਫ਼ ਇਨ੍ਹਾਂ ਹੈ ਕਿ ਜਿੰਨ੍ਹੀ ਲੰਬਾਈ ਦੇ ਟਕਸ ਪਾਉਣੇ ਹੋਣ ਉਨ੍ਹੀ ਦੂਰੀ ਤੱਕ ਇਹਨਾਂ ਦੀ ਸਿਲਾਈ ਕੀਤੀ ਜਾਂਦੀ ਹੈ। ਉਸ ਤੋਂ ਬਾਅਦ ਵਾਲੇ ਕੱਪੜੇ ਵਿੱਚ ਹੀ ਖੁੱਲ੍ਹੇਪਨ ਦੀ ਗੁੰਜ਼ਾਇਸ਼ ਆਉਂਦੀ ਹੈ। ਟਕਸ ਘੱਟ ਚੌੜੇ ਹੁੰਦੇ ਹਨ ਅਤੇ ਖਾਸ ਕਰਕੇ ਹੇਠ ਲਿਖੇ ਕੰਮਾਂ ਦੀ ਪੂਰਤੀ ਲਈ ਪਾਏ ਜਾਂਦੇ ਹਨ।*

*(ੳ) ਸਜਾਵਟ ਲਈ—ਸਜਾਵਟ ਵਾਲੇ ਟਕਸ ਨੂੰ ਪਿੰਨਟਕਸ ਕਿਹਾ ਜਾਂਦਾ ਹੈ ਕਿਉਂਕਿ ਇਹ ਘੱਟ ਚੌੜਾਈ ਵਾਲੇ ਹੁੰਦੇ ਹਨ ਮਤਲਬ ਕਿ* $\frac{1}{12}''$ *ਤੋਂ* $\frac{1}{8}''$ *ਤੱਕ ਚੌੜੇ ਹੀ ਹੋ ਸਕਦੇ ਹਨ। ਆਮ ਤੌਰ ਤੇ ਇਹ ਕਮੀਜ਼, ਫਰਾਕਾਂ ਆਦਿ ਪੁਸ਼ਾਕਾਂ ਦੀਆਂ ਬਾਹਵਾਂ ਦੀ ਮੂਹਰੀ ਕੋਲ ਪਾਏ ਜਾਂਦੇ ਹਨ। ਬਾਹਵਾਂ ਵਿੱਚ ਤਾਂ ਇਹ ਦੂਹਰਾ ਕੰਮ ਦਿੰਦੇ ਹਨ ਜਦੋਂ ਕਿ ਕਈ ਥਾਵਾਂ ਤੇ ਇਹ ਸਿਰਫ਼ ਸਜਾਵਟ ਲਈ ਹੀ ਪਾਏ ਜਾਂਦੇ ਹਨ।*

(ਅ) ਖੁੱਲ੍ਹੇਪਣ ਲਈ—ਕੁਝ ਥਾਵਾਂ ਤੇ ਇਹ ਕੱਪੜੇ ਵਿੱਚ ਖੁੱਲ੍ਹਾਪਣ ਲਿਆਉਣ ਲਈ ਵੀ ਪਾਏ ਜਾਂਦੇ ਹਨ। ਇਹਨਾਂ ਦੀ ਚੌੜਾਈ $\frac{1}{4}$" ਤੋਂ $\frac{1}{2}$" ਤੱਕ ਹੁੰਦੀ ਹੈ। ਜਿਵੇਂ ਕਿ ਬਾਹਵਾਂ ਦੀ ਮੁਹਰੀ ਕੋਲ ਤਾਂ ਜੋ ਕੁਹਣੀ ਤੋਂ ਬਾਂਹ ਖੁੱਲ੍ਹੀ ਹੋ ਜਾਵੇ। ਇੱਥੇ ਇਹ ਦੂਹਰਾ ਕੰਮ ਦਿੰਦੇ ਹਨ। ਸਜਾਵਟ ਵੀ ਹੁੰਦੀ ਹੈ ਅਤੇ ਖੁੱਲ੍ਹਾਪਣ ਵੀ ਆਉਂਦਾ ਹੈ।

(ੲ) ਵਾਧੇ ਅਤੇ ਸੁੰਗੜਨ ਦਾ ਹੱਕ ਰੱਖਣ ਲਈ—ਇਹ ਉਹਨਾਂ ਕੱਪੜਿਆਂ ਉੱਤੇ ਪਾਏ ਜਾਂਦੇ ਹਨ ਜਿਨ੍ਹਾਂ ਦੇ ਸੁੰਗੜਨ ਦਾ ਡਰ ਹੁੰਦਾ ਹੈ। ਕਈ ਵਾਰੀ ਪੁਸ਼ਾਕ ਨੂੰ ਪਹਿਨਣ ਵਾਲ਼ਾ ਵਧ ਰਿਹਾ ਹੁੰਦਾ ਹੈ ਤਾਂ ਪੁਸ਼ਾਕ ਜਲਦੀ ਹੀ ਛੋਟੀ ਹੋ ਜਾਂਦੀ ਹੈ। ਅਜਿਹੀ ਹਾਲਤ ਵਿੱਚ ਕੱਪੜਾ ਤੰਗ ਹੋਣ ਤੇ ਟਕਸ ਨੂੰ ਖੋਲ੍ਹਿਆ ਜਾ ਸਕਦਾ ਹੈ ਤਾਂ ਜੋ ਜ਼ਰੂਰਤ ਅਨੁਸਾਰ ਪੁਸ਼ਾਕ ਖੁੱਲ੍ਹੀ ਅਤੇ ਲੰਬੀ ਹੋ ਜਾਵੇ। ਟਕਸ ਪਾਉਣ ਲਈ ਵੀ ਕੱਪੜਾ ਪਲੀਟਾਂ ਦੀ ਤਰ੍ਹਾਂ ਫਾਲਤੂ ਰੱਖਿਆ ਜਾਂਦਾ ਹੈ।

ਟਕਸ ਦੋ ਤਰ੍ਹਾਂ ਨਾਲ ਪਾਏ ਜਾਂਦੇ ਹਨ ਇੱਕ ਤਾਂ ਬਾਰੀਕ ਕੱਚਾ ਕਰਕੇ ਅਤੇ ਦੂਜੇ ਮਸ਼ੀਨ ਨਾਲ ਸਿਲਾਈ ਕਰਕੇ ਬਣਾਏ ਜਾਂਦੇ ਹਨ। ਟੱਕਸ ਬਣਾਉਣ ਤੋਂ ਪਹਿਲਾਂ ਪਲੀਟਾਂ ਦੀ ਤਰ੍ਹਾਂ ਇਹ ਸੋਚ ਲਵੋ ਕਿ ਕਿਹੜੀ ਥਾਂ ਕਿੰਨੀ ਗਿਣਤੀ ਵਿੱਚ ਅਤੇ ਕਿੰਨੇ ਚੌੜੇ ਪਾਉਣੇ ਹਨ। ਇਹ ਇੱਕੋ ਜਿਹੇ ਫ਼ਾਸਲੇ ਉੱਤੇ ਚੌੜਾਈ ਵਿੱਚ ਬਰਾਬਰ ਹੋਣੇ ਚਾਹੀਦੇ ਹਨ। ਇਹਨਾਂ ਨੂੰ ਬਣਾਉਣ ਤੋਂ ਪਹਿਲਾਂ ਟਕਸ ਬਣਾਉਣ ਵਾਲੀ ਥਾਂ ਤੇ ਪੈਨਸਿਲ ਨਾਲ਼ ਹਲਕੀ ਜਿਹੀ ਲਕੀਰ ਵਾਹ ਲਵੋ। ਇਸ ਤਰ੍ਹਾਂ ਇਹ ਸਿੱਧੀ ਲਕੀਰ ਵਿੱਚ ਪੈਣਗੇ। ਫਿਰ ਉਸ ਲਕੀਰ ਤੇ ਕੱਪੜਾ ਸਿੱਧਾ ਮੋੜ ਕੇ ਇਸਤਰੀ ਕਰ ਲਵੋ। ਜਿੰਨੀ ਟੱਕ ਦੀ ਲੰਬਾਈ ਅਤੇ ਚੌੜਾਈ ਰੱਖਣੀ ਹੋਵੇ ਓਨੇ ਫ਼ਾਸਲੇ ਉੱਤੇ ਨਿਸ਼ਾਨ ਲਾ ਕੇ ਕੱਚਾ ਕਰੋ ਅਤੇ ਜੇ ਦੇਖਣ ਵਿੱਚ ਠੀਕ ਲੱਗੇ ਤਾਂ ਸਿਲਾਈ ਕਰ ਲਓ।



ਚਿੱਤਰ 9.9 ਟਕਸ ਲਈ ਕੱਪੜਾ ਲੈਣਾ

ਉਦਾਹਰਣ ਦੇ ਤੌਰ ਤੇ ਮੰਨ ਲਓ ਅਸੀਂ ਇੱਕ ਕੱਪੜੇ ਉੱਤੇ $\frac{1}{6}$" ਚੌੜੇ 6 ਟਕਸ ਬਣਾਉਣਾ ਚਾਹੁੰਦੇ ਹਾਂ। ਕੱਪੜੇ ਦੀ ਤਿਆਰ ਚੌੜਾਈ 10 ਇੰਚ ਤਿਆਰ ਰੱਖਣੀ ਹੈ 1 ਟੱਕ ਤੋਂ ਦੂਸਰੇ ਟੱਕ ਦੇ ਵਿੱਥ ਦੀ ਦੂਰੀ $1\frac{1}{2}$" ਰੱਖਣੀ ਹੈ ਅਤੇ ਦੋਹਾਂ ਪਾਸਿਆਂ ਤੇ 1" ਕੱਪੜਾ ਰੱਖਣਾ ਹੈ ਤਾਂ ਇੱਕ ਟੱਕ ਲਈ ਜਿੰਨਾ ਚੌੜਾ ਪਾਉਣਾ ਹੈ ਉਸ ਤੋਂ ਦੁੱਗਣੇ ਕੱਪੜੇ ਦੀ ਜ਼ਰੂਰਤ ਹੁੰਦੀ ਹੈ ਇਸ ਲਈ ਹੇਠ ਦੱਸੇ ਅਨੁਸਾਰ ਕੱਪੜਾ ਲੈਣਾ ਪਵੇਗਾ।

6 ਟੱਕਾਂ ਦੇ ਵਿਚਕਾਰ ਫਾਸਲਾ 5 ਥਾਂ = 5 ਇੱਕ ਟੱਕ ਤੋਂ ਦੂਸਰੇ ਟੱਕ ਦੇ ਵਿੱਥ ਦੀ ਦੂਰੀ

= 5 $1\frac{1}{2}$" = $7\frac{1}{2}$"

ਦੋਹਾਂ ਪਾਸਿਆਂ ਉੱਤੇ 1" ਕੱਪੜਾ = 1 2=2"

ਇੱਕ ਟੱਕ ਦੀ ਚੌੜਾਈ = $\frac{1}{6}$ 2 = $\frac{1}{3}$"

6 ਟੱਕਾਂ ਦੀ ਚੌੜਾਈ = $\frac{1}{3}$ 6 2"


ਤਾਂ ਪੂਰੀ ਲੋੜੀਂਦੀ ਚੌੜਾਈ = ਛੇ ਟਕਸ ਵਿਚਕਾਰ ਫਾਸਲਾ

\+ ਛੇ ਟਕਸ ਦੀ ਚੌੜਾਈ

\+ ਦੋਹਾਂ ਪਾਸਿਆਂ ਤੇ ਕੱਪੜਾ

= $7\frac{1}{2}$" +2"+2" = $11\frac{1}{2}$"

ਦੱਸ ਇੰਚ (10") ਤਿਆਰ ਕੱਪੜੇ ਲਈ $\frac{1}{6}$" ਚੌੜੇ ਟੱਕ ਪਾਉਣ ਲਈ ਅਤੇ ਪਾਸਿਆਂ ਤੇ 1" ਕੱਪੜਾ ਛੱਡਣ ਖਾਤਰ ਸਾਨੂੰ $11\frac{1}{2}$" ਚੌੜਾ ਕੱਪੜਾ ਲੈਣਾ ਚਾਹੀਦਾ ਹੈ (ਚਿੱਤਰ 9.9)।




ਚਿੱਤਰ 9.10 ਸਿੱਧੇ ਟਕਸ

## ਟੱਕਸ ਦੀਆਂ ਕਿਸਮਾਂ

**ਟੱਕਸ ਕਈ ਤਰ੍ਹਾਂ ਦੇ ਪਾਏ ਜਾਂਦੇ ਹਨ—**

(1) **ਸਿੱਧੇ ਟਕਸ—***ਇਹ ਲੰਬਾਈ ਵੱਲ ਨੂੰ ਸਿੱਧੇ ਜਾਂ ਚੌੜਾਈ ਵੱਲ ਨੂੰ ਲੇਟਵੇਂ ਪਾਏ ਜਾਂਦੇ ਹਨ। ਇਹ ਕੇਵਲ ਇੱਕ ਪਾਸੇ ਨੂੰ ਹੀ ਪਾਏ ਜਾਂਦੇ ਹਨ (ਚਿੱਤਰ 9.10)।*

(2) **ਡੱਬੀਆਂ ਵਾਲ਼ੇ ਬਾਰੀਕ ਟਕਸ—***ਇਹ ਆਮ ਕਰਕੇ ਬਲਾਊਜ਼ ਅਤੇ ਫਰਾਕਾਂ ਦੀ ਸਜਾਵਟ ਵਧਾਉਣ ਲਈ ਪਾਏ ਜਾਂਦੇ ਹਨ। ਤੁਸੀਂ ਟਕਸ ਵਿਚਕਾਰ ਜਿੰਨ੍ਹਾ ਫ਼ਾਸਲਾ ਰੱਖਣਾ ਹੋਵੇ, ਰੱਖ ਕੇ ਨਿਸ਼ਾਨੀ ਲਾਓ। ਹੁਣ ਲੇਟਵੇਂ ਟਕਸ ਪਾ ਦਿਓ ਫਿਰ ਇਹਨਾਂ ਨੂੰ ਇੱਕ ਪਾਸੇ ਮੋੜ ਕੇ ਇਸਤਰੀ ਕਰੋ ਅਤੇ ਲੰਬੇ ਟਕਸ ਪਾਓ (ਚਿੱਤਰ 9.11)।*



ਚਿੱਤਰ 9.11 ਡੱਬੀਆਂ ਵਾਲ਼ੇ ਟਕਸ

## 4. ਚੋਣਾਂ

*ਟੱਕ ਜਾਂ ਪਲੀਟ ਦੀ ਤਰ੍ਹਾਂ ਚੋਣਾਂ ਵੀ ਕੱਪੜੇ ਨੂੰ ਪੂਰੀ ਬਣਤਰ ਦੇਣ ਲਈ ਪਾਈਆਂ ਜਾਂਦੀਆਂ ਹਨ। ਚੋਣਾਂ ਆਮ ਕਰ ਕੇ ਜ਼ਿਆਦਾ ਚੌੜਾਈ ਨੂੰ ਘੱਟ ਚੌੜਾਈ ਵਿੱਚ ਬਦਲਣ ਲਈ ਪਾਈਆਂ ਜਾਂਦੀਆਂ ਹਨ। ਚੋਣਾਂ ਪਾਉਣ ਦੇ ਹੇਠ ਲਿਖੇ ਕਾਰਨ ਹਨ—*

*(1) ਪੁਸ਼ਾਕ ਨੂੰ ਖੁੱਲ੍ਹਾ ਬਣਾਉਣ (2) ਹਿਲਜੁਲ ਵਿੱਚ ਆਸਾਨੀ*


*(3) ਆਰਾਮ (4) ਸੁੰਦਰਤਾ*

**ਚੋਣਾਂ ਪਾਉਣ ਦਾ ਤਰੀਕਾ—***ਚੋਣਾਂ ਦੋ ਤਰ੍ਹਾਂ ਨਾਲ ਪਾਈਆਂ ਜਾਂਦੀਆਂ ਹਨ—*

*(1) ਹੱਥ ਨਾਲ਼ (2) ਮਸ਼ੀਨ ਨਾਲ਼*

*ਹੱਥ ਨਾਲ਼ ਚੋਣਾਂ ਪਾਉਣ ਵਾਸਤੇ ਬਾਰੀਕ-ਬਾਰੀਕ ਕੱਚਾ ਸਿੱਧੀ ਲਕੀਰ ਵਿੱਚ ਕਰ ਲਿਆ ਜਾਂਦਾ ਹੈ ਅਤੇ ਮਸ਼ੀਨ ਨਾਲ਼ ਚੋਣਾਂ ਪਾਉਣ ਵਾਸਤੇ ਮਸ਼ੀਨ ਦਾ*

*ਟਾਂਕਾ ਆਮ ਟਾਂਕੇ ਨਾਲ਼ੋਂ ਵੱਡਾ ਹੋਣਾ ਚਾਹੀਦਾ ਹੈ। ਕੱਪੜੇ ਉੱਤੇ ਜਿਸ ਥਾਂ ਤੇ ਚੋਣਾਂ ਬਣਾਉਣੀਆਂ ਹੋਣ, ਉਸ ਥਾਂ ਤੇ ਦੋ ਰੇਖਾਵਾਂ ਵਿੱਚ $\frac{1}{4}$" ਦੀ ਦੂਰੀ ਤੇ ਕੱਚਾ ਜਾਂ ਮਸ਼ੀਨ ਕਰੋ (ਚਿੱਤਰ 9.12)। ਦੋਹਾਂ ਲਕੀਰਾਂ ਦੇ ਧਾਗਿਆਂ ਨੂੰ ਇਕੱਠਾ ਖਿੱਚੋ। ਮਸ਼ੀਨ ਵਾਲੀ ਸਿਲਾਈ ਵਿੱਚ ਕੇਵਲ ਹੇਠਾਂ ਵਾਲਾ ਧਾਗਾ ਹੀ ਖਿੱਚਣਾ ਚਾਹੀਦਾ ਹੈ, ਕਿਉਂਕਿ ਇਹ ਆਸਾਨੀ ਨਾਲ ਖਿੱਚਿਆ ਜਾ ਸਕਦਾ ਹੈ। ਚੋਣਾਂ ਪਾਉਣ ਲਈ*



**ਚਿੱਤਰ 9.12 ਚੋਣਾਂ ਲਈ ਕੱਚਾ ਕਰਨਾ**

*ਧਾਗਾ ਆਮ ਵਰਤੋਂ ਵਿੱਚ ਆਉਣ ਵਾਲੇ ਧਾਗੇ ਨਾਲੋਂ ਜ਼ਿਆਦਾ ਮਜ਼ਬੂਤ ਹੋਣਾ ਚਾਹੀਦਾ ਹੈ। ਜੇ ਕੱਪੜੇ ਦੀ ਚੌੜਾਈ ਬਹੁਤ ਹੋਵੇ ਤਾਂ ਇਸ ਨੂੰ ਤਿੰਨ ਜਾਂ ਚਾਰ ਭਾਗਾਂ ਵਿੱਚ ਵੰਡ ਕੇ ਵੱਖ-ਵੱਖ ਧਾਗਿਆਂ ਨਾਲ ਚੋਣਾਂ ਪਾਉਣੀਆਂ ਚਾਹੀਦੀਆਂ ਹਨ। ਫਿਰ ਧਾਗਿਆਂ ਨੂੰ ਗੰਢ ਮਾਰ ਕੇ ਇਕੱਠਾ ਕਰਕੇ ਇੱਕੋ ਜਿਹੀਆਂ ਚੋਣਾਂ ਬਣਾ ਲਈਆਂ ਜਾਂਦੀਆਂ ਹਨ। ਪੁਸ਼ਾਕ ਦੇ ਜਿੰਨੇ ਹਿੱਸੇ ਨੂੰ ਛੋਟਾ ਬਣਾਉਣਾ ਹੋਵੇ ਓਨੇ ਹਿੱਸੇ ਵਿੱਚ ਹੀ ਚੋਣਾਂ ਪਾਈਆਂ ਜਾਂਦੀਆਂ ਹਨ। ਜਿਸ ਤਰ੍ਹਾਂ ਕਈ ਵਾਰ ਪਫ ਸਲੀਵ ਵਿੱਚ ਚੋਣਾਂ ਬਾਂਹ ਦੇ ਉੱਪਰ ਵਾਲੇ ਹਿੱਸੇ ਵਿੱਚ ਹੀ ਪਾਈਆਂ ਜਾਂਦੀਆਂ ਹਨ।*

*ਚੋਣਾਂ ਪਾਉਣ ਤੋਂ ਪਿੱਛੋਂ ਇਸ ਦੇ ਉੱਪਰ ਦੇ ਕਿਨਾਰਿਆਂ ਨੂੰ ਇੱਕ ਦੂਜੇ ਕੱਪੜੇ ਦੇ ਟੁਕੜੇ ਨਾਲ ਜੋੜ ਕੇ ਜਿਵੇਂ ਬੈਲਟ ਜਾਂ ਯੋਕ ਲਗਾਈ ਜਾ ਸਕਦੀ ਹੈ। ਚੋਣਾਂ ਪਾਉਣ ਵਾਲਾ ਕੱਪੜਾ ਪੱਟੀ ਜਾਂ ਯੋਕ ਨਾਲੋਂ ਦੁੱਗਣਾ ਜਾਂ ਤਿੱਗਣਾ ਹੋ ਸਕਦਾ ਹੈ। ਜੇਕਰ ਕੱਪੜਾ ਮੋਟਾ ਹੋਵੇ ਤਾਂ ਦੁੱਗਣਾ ਅਤੇ ਜੇਕਰ ਪਤਲਾ ਹੋਵੇ ਤਾਂ ਤਿੱਗਣਾ ਲੈਣਾ ਚਾਹੀਦਾ ਹੈ। ਜੇਕਰ ਘੱਟ ਕੱਪੜਾ ਲਿਆ ਜਾਵੇ ਤਾਂ ਚੋਣਾਂ ਵਿਰਲੀਆਂ ਪੈਂਦੀਆਂ ਹਨ। ਜਿਹੜੀਆਂ ਸੁਹਣੀਆਂ ਨਹੀਂ ਲਗਦੀਆਂ। ਜਿੰਨੀਆਂ ਚੋਣਾਂ ਪਾਉਣੀਆਂ ਹੋਣ ਕੱਪੜਾ ਉਸ ਦੇ ਅਨੁਸਾਰ ਲਿਆ ਜਾਂਦਾ ਹੈ। ਚੰਗੀਆਂ ਚੋਣਾਂ ਪਾਉਣ ਲਈ ਕੱਪੜੇ ਦੀ ਲੰਬਾਈ ਤਾਣੇ ਵੱਲ ਦੀ ਅਤੇ ਚੋਣਾਂ ਲਈ ਕੱਚਾ ਕੱਪੜੇ ਦੀ ਚੌੜਾਈ ਵੱਲ ਨੂੰ ਕਰਨਾ ਚਾਹੀਦਾ ਹੈ। ਫਰਾਕਾਂ ਵਿੱਚ ਆਮ ਤੌਰ ਤੇ ਬਾਡੀ ਅਤੇ ਘੇਰੇ (ਸਕੱਰਟ) ਨੂੰ ਜੋੜਨ ਵਾਸਤੇ ਚੋਣਾਂ ਹੀ ਪਾਈਆਂ ਜਾਂਦੀਆਂ ਹਨ।*

## 5. ਸਮੌਕਿੰਗ

*ਸਮੌਕਿੰਗ ਸਜਾਵਟ ਵਾਲਾ ਕੰਮ ਹੈ ਜੋ ਆਪਣੀ ਸੁੰਦਰਤਾ ਕਰਕੇ ਮਸ਼ਹੂਰ ਹੈ। ਇਹ ਕੰਮ ਖਾਸ ਕਰਕੇ ਬੱਚਿਆਂ ਦੀਆਂ ਪੁਸ਼ਾਕਾਂ, ਔਰਤਾਂ ਦੀਆਂ ਕੁਝ ਪੁਸ਼ਾਕਾਂ ਜਿਵੇਂ ਗਾਊਨ, ਮੈਟਰਨਿਟੀ ਜੈਕਟਸ ਆਦਿ ਤੇ ਇਸਤੇਮਾਲ ਕੀਤਾ ਜਾਂਦਾ ਹੈ। ਸਮੌਕਿੰਗ ਦੇ ਮੁੱਖ ਦੋ ਉਦੇਸ਼ ਹਨ—*

*(1) ਪੁਸ਼ਾਕ ਦੀ ਸੁੰਦਰਤਾ ਵਧਾਉਣਾ*

*(2) ਪੁਸ਼ਾਕ ਵਿੱਚ ਖੁੱਲ੍ਹਾਪਨ ਲਿਆਉਣਾ*

*ਸਮੌਕਿੰਗ ਵਿੱਚ ਵੀ ਚੋਣਾਂ ਪਾਉਣ ਉਪਰੰਤ ਵੱਖ-ਵੱਖ ਟਾਂਕਿਆਂ ਨਾਲ ਸਜਾਵਟ ਕੀਤੀ ਜਾਂਦੀ ਹੈ। ਬਰਾਬਰ ਪਾਈਆਂ ਚੋਣਾਂ ਨੂੰ ਵੱਖ-ਵੱਖ ਟਾਂਕਿਆਂ ਨਾਲ ਸਜਾਇਆ ਜਾ ਸਕਦਾ ਹੈ। ਚੋਣਾਂ ਉੱਪਰ ਵੱਖ-ਵੱਖ ਰੰਗਾਂ ਦੇ ਧਾਗਿਆਂ ਨਾਲ ਸੁੰਦਰ ਨਮੂਨੇ ਬਣਾਏ ਜਾਂਦੇ ਹਨ ਅਤੇ ਜਿਸ ਨਾਲ ਪੁਸ਼ਾਕ ਵਿੱਚ ਖੁੱਲ੍ਹਾਪਨ ਅਤੇ ਲਚਕ* (Elasticity) *ਆਉਂਦੀ ਹੈ।*

*ਇਸ ਵਿੱਚ ਕੱਪੜੇ ਦੀ ਜ਼ਿਆਦਾ ਚੌੜਾਈ ਲੈ ਕੇ ਉਸ ਵਿੱਚ ਚੋਣਾਂ ਪਾ ਕੇ ਕੱਪੜੇ ਨੂੰ ਪੁਸ਼ਾਕ ਦੇ ਲੋੜੀਂਦੇ ਨਾਪ ਤੇ ਲਿਆਂਦਾ ਜਾਂਦਾ ਹੈ। ਇਹਨਾਂ ਚੋਣਾਂ ਤੇ ਕਢਾਈ ਦੇ ਸਾਦੇ ਟਾਂਕੇ ਲਾ ਕੇ ਹੀ ਨਮੂਨੇ ਤਿਆਰ ਕੀਤੇ ਜਾਂਦੇ ਹਨ। ਬੇਸ਼ਕ ਟਾਂਕੇ ਤਾਂ ਗਿਣਤੀ ਦੇ ਹੀ ਇਸਤੇਮਾਲ ਕੀਤੇ ਜਾਂਦੇ ਹਨ ਪਰ ਇਹਨਾਂ ਟਾਂਕਿਆਂ ਦਾ ਕਈ ਤਰੀਕਿਆਂ ਨਾਲ ਮੇਲ ਸੁਮੇਲ ਕਰਕੇ ਅਣਗਿਣਤ ਕਿਸਮ ਦੇ ਨਮੂਨੇ ਬਣਾਏ ਜਾ ਸਕਦੇ ਹਨ।*


*ਸਮੌਕਿੰਗ ਸੂਤੀ, ਸਿਲਕ, ਰੂਬੀਆ ਜਾਂ ਲਿਨਨ ਆਦਿ ਕੱਪੜਿਆਂ ਤੇ ਆਸਾਨੀ ਨਾਲ ਕੀਤੀ ਜਾ ਸਕਦੀ ਹੈ ਪਰ ਧਿਆਨ ਰਹੇ ਕਿ ਕੱਪੜਾ ਜ਼ਿਆਦਾ ਮੋਟਾ ਨਹੀਂ ਹੋਣਾ ਚਾਹੀਦਾ ਅਤੇ ਉਸ ਵਿੱਚੋਂ ਸੂਈ ਵੀ ਆਸਾਨੀ ਨਾਲ ਨਿਕਲ ਜਾਣੀ ਚਾਹੀਦੀ ਹੈ।*

*ਸਮੌਕਿੰਗ ਕਰਨ ਸਮੇਂ ਬਰਾਬਰ ਕੱਚਾ ਕਰਕੇ ਜੋ ਚੋਣਾਂ ਪਾਈਆਂ ਜਾਂਦੀਆਂ ਹਨ ਉਸ ਵਿੱਚ ਵੀ ਕਲਾ ਦਾ ਪ੍ਰਦਰਸ਼ਨ ਹੈ ਕਿਉਂਕਿ ਜਿੰਨੇ ਟਾਂਕੇ ਬਰਾਬਰ ਲਏ ਜਾਣਗੇ ਉਨੀਆਂ ਹੀ ਸਹੀ ਚੋਣਾਂ ਪੈਣਗੀਆਂ ਅਤੇ ਉਨ੍ਹਾਂ ਹੀ ਸਾਫ਼ ਅਤੇ ਸਹੀ ਕੰਮ ਹੋ ਸਕੇਗਾ।*

### ਸਮੌਕਿੰਗ ਲਈ ਟਾਂਕੇ ਦਾ ਆਕਾਰ (Shape of the stitch)


*ਸਮੌਕਿੰਗ ਕਰਨ ਲਈ ਇਕ ਸਾਰ ਬਰਾਬਰ ਟਾਂਕੇ ਲੈ ਕੇ ਕੱਚਾ ਕੀਤਾ ਜਾਂਦਾ ਹੈ। ਜੇਕਰ ਇਕਸਾਰ ਕੱਚਾ ਕਰਨਾ ਮੁਸ਼ਕਿਲ ਹੋਵੇ ਤਾਂ ਨਿਸ਼ਾਨ ਲਗਾ ਕੇ ਬਰਾਬਰ ਟਾਂਕੇ ਚੁੱਕ ਕੇ ਕੱਚਾ ਕੀਤਾ ਜਾ ਸਕਦਾ ਹੈ ਜਿਵੇਂ ਚਿੱਤਰ 9.13 ਵਿੱਚ ਦਰਸਾਇਆ ਗਿਆ ਹੈ। ਇਸ ਕੰਮ ਲਈ ਕਈ ਵਾਰ ਗ੍ਰਾਫ਼ ਪੇਪਰ ਦਾ ਇਸਤੇਮਾਲ ਵੀ ਕੀਤਾ*

*ਜਾਂਦਾ ਹੈ। ਇਸੇ ਤਰ੍ਹਾਂ ਕੱਚੇ ਟਾਂਕੇ ਦੀਆਂ ਕਈ ਲਾਈਨਾਂ ਬਣਾ ਲਈਆਂ ਜਾਂਦੀਆਂ ਹਨ। ਪਰ ਧਿਆਨ ਰਹੇ ਕਿ ਸਾਰੇ ਟਾਂਕੇ ਇੱਕੋ ਜਿੰਨੀ ਦੂਰੀ ਅਤੇ ਇਕ ਲਾਈਨ ਵਿੱਚ ਆਉਣੇ ਚਾਹੀਦੇ ਹਨ (ਚਿੱਤਰ 9.13)।*



*ਚਿੱਤਰ 9.13 ਸਮੌਕਿੰਗ ਲਈ ਕੱਚਾ ਕਰਨ ਲਈ ਨਿਸ਼ਾਨ ਲਗਾਉਣਾ*

*ਕੱਚਾ ਕਰਨ ਸਮੇਂ ਧਾਗੇ ਨੂੰ ਗੰਢ ਮਾਰ ਕੇ ਦੂਹਰੇ ਧਾਗੇ ਨਾਲ ਕੱਚਾ ਕਰਨਾ ਸ਼ੁਰੂ ਕੀਤਾ ਜਾਂਦਾ ਹੈ ਅਤੇ ਪੂਰਾ ਕਰਨ ਉਪਰੰਤ ਦੂਸਰੇ ਪਾਸੇ ਧਾਗਾ ਖੁੱਲ੍ਹਾ ਛੱਡ ਦਿੱਤਾ ਜਾਂਦਾ ਹੈ। ਹਰ ਨਵੀਂ ਲਾਈਨ ਦੇ ਕੱਚੇ ਲਈ ਨਵਾਂ ਧਾਗਾ ਇਸਤੇਮਾਲ ਕੀਤਾ ਜਾਂਦਾ ਹੈ। ਜਿਨ੍ਹੀ ਚੌੜੀ ਜਗ੍ਹਾ ਤੇ ਸਮੌਕਿੰਗ ਕਰਨੀ ਹੋਵੇ ਉਸ ਅਨੁਸਾਰ ਹੀ ਕੱਚੇ ਕੀਤੇ ਜਾ ਸਕਦੇ ਹਨ। ਜ਼ਿਆਦਾ ਦੂਰੀ ਤੇ ਕੱਚੇ ਕਰਨ ਨਾਲ ਟਾਂਕਿਆਂ ਦੇ ਅੱਗੇ ਪਿੱਛੇ ਹੋਣ ਦਾ ਡਰ ਰਹਿੰਦਾ ਹੈ। ਲੋੜ ਅਨੁਸਾਰ ਟਾਂਕਿਆਂ ਦੀਆਂ ਲਾਈਨਾਂ ਦੀ ਚੌੜਾਈ ਪੂਰੀ ਹੋਣ ਤੇ ਸਾਰੀਆਂ ਲਾਈਨਾਂ ਦੇ ਖੁੱਲ੍ਹੇ ਛੱਡੇ ਧਾਗਿਆਂ ਨੂੰ ਬਰਾਬਰ ਤਣਾਓ ਵਿੱਚ ਖਿੱਚੋ ਤਾਂ ਕਿ ਚੋਣਾਂ ਬਰਾਬਰ ਪੈ ਜਾਣ ਅਤੇ ਲੋੜੀਂਦੇ ਨਾਪ ਤੇ ਲੈ ਕੇ ਆਓ (ਚਿੱਤਰ 9.14)।*




*ਚਿੱਤਰ 9.14 ਕੱਚੇ ਟਾਂਕੇ ਖਿਚਣ ਉਪਰੰਤ*

*ਇਸ ਤੋਂ ਬਾਅਦ ਕਢਾਈ ਵਾਲੇ ਤੀਹਰੇ ਜਾਂ ਚੌਹਰੇ ਧਾਗੇ ਨਾਲ ਸਮੌਕਿੰਗ ਕੀਤੀ ਜਾਂਦੀ ਹੈ। ਕਢਾਈ ਵਾਂਗ ਹੀ ਸਮੌਕਿੰਗ ਲਈ ਕਈ ਰੰਗਾਂ ਦੇ ਧਾਗੇ ਇਸਤੇਮਾਲ ਕੀਤੇ ਜਾ ਸਕਦੇ ਹਨ ਤਾਂ ਜੋ ਸੁਹਣਾ ਨਮੂਨਾ ਬਣ ਸਕੇ।*


## ਸਮੌਕਿੰਗ ਦੇ ਮੂਲ ਟਾਂਕੇ

**(1) Outline Stitch**—*ਇਹ ਟਾਂਕਾ ਚੋਣਾਂ ਨੂੰ ਸੈੱਟ ਕਰਨ ਲਈ ਸਮੌਕਿੰਗ ਦੇ ਕਿਸੇ ਵੀ ਨਮੂਨੇ ਦੇ ਸ਼ੁਰੂ ਵਿੱਚ ਕੀਤਾ ਜਾਂਦਾ ਹੈ (ਚਿੱਤਰ 9.15)। ਇਹ ਖੱਬੇ ਪਾਸੇ ਤੋਂ ਸ਼ੁਰੂ ਕਰਕੇ ਸੱਜੇ ਪਾਸੇ ਨੂੰ ਲਿਆਇਆ ਜਾਂਦਾ ਹੈ। ਸੂਈ ਨੂੰ ਚੋਣਾਂ ਦੇ ਖੱਬੇ ਪਾਸੇ ਲਿਆਓ ਅਤੇ ਅਗਲੀ ਚੋਣ ਵਿੱਚੋਂ ਸੱਜੇ ਤੋਂ ਖੱਬੇ ਚਿੱਤਰ 9.15 ਵਿੱਚ ਦਰਸਾਏ ਅਨੁਸਾਰ ਟੇਢਾ ਟਾਂਕਾ ਲਓ। ਧਾਗਾ ਸੂਈ ਦੇ ਉੱਪਰ ਵੱਲ ਰੱਖਿਆ ਜਾਂਦਾ ਹੈ। ਇਸ ਤਰ੍ਹਾਂ ਪੂਰੀ ਲਾਈਨ ਬਣਾ ਲਈ ਜਾਂਦੀ ਹੈ।*

**(2) Cable Stitch**—*ਇਹ ਵੀ* Outline Stitch *ਵਰਗਾ ਹੀ ਹੁੰਦਾ ਹੈ ਫਰਕ ਸਿਰਫ ਇਨ੍ਹਾਂ ਹੈ ਕਿ ਇਸ ਵਿੱਚ ਟਾਂਕਾ ਸਿੱਧਾ* (horizontally) *ਲਿਆ ਜਾਂਦਾ ਹੈ ਅਤੇ ਧਾਗਾ ਵੀ ਇਕ ਵਾਰ ਸੂਈ ਦੇ ਉੱਤੇ ਅਤੇ ਇਕ ਵਾਰ ਨੀਚੇ ਰੱਖਿਆ ਜਾਂਦਾ ਹੈ ਜਿਵੇਂ ਕਿ ਚਿੱਤਰ 9.16 ਵਿੱਚ ਦਰਸਾਇਆ ਗਿਆ ਹੈ। ਇਹ ਵੀ ਖੱਬੇ ਤੋਂ ਸੱਜੇ ਨੂੰ ਬਣਾਇਆ ਜਾਂਦਾ ਹੈ। ਇਸ ਨੂੰ ਦੁਹਰਾ ਕੇ ਦੋ ਲਾਈਨਾਂ ਇਕੱਠੀਆਂ ਵੀ ਪਾਈਆਂ ਜਾ ਸਕਦੀਆਂ ਹਨ।*




ਚਿੱਤਰ 9.15 (outline stitch)




ਚਿੱਤਰ 9.16 (cable stitch)

**(3) Diamond Stitch**—*ਮੱਛੀ ਟਾਂਕੇ ਦੀ ਤਰ੍ਹਾਂ ਇਹ ਇੱਕੋ ਵਾਰੀ ਹੀ ਦੋ ਸਮਾਨੰਤਰ ਰੇਖਾਵਾਂ ਵਿੱਚ ਟਾਂਕੇ ਲੈ ਕੇ ਬਣਾ ਲਿਆ ਜਾਂਦਾ ਹੈ। ਇਹ ਵੀ ਖੱਬੇ ਤੋਂ ਸੱਜੇ ਨੂੰ ਹੀ ਬਣਾਇਆ ਜਾਂਦਾ ਹੈ। ਧਾਗੇ ਨੂੰ ਸੂਈ ਦੇ ਉੱਪਰ ਰੱਖਦੇ ਹੋਏ ਉਪਰਲੀ ਲਾਈਨ ਦੀ ਚੋਣ ਵਿੱਚ ਸੱਜੇ ਤੋਂ ਖੱਬੇ ਇੱਕ ਟਾਂਕਾ ਭਰੋ। ਫਿਰ ਧਾਗੇ ਨੂੰ ਸੂਈ ਦੇ ਉੱਪਰ ਹੀ ਰੱਖਦੇ ਹੋਏ ਅਗਲੀ ਚੋਣ ਵਿੱਚ ਉਸੇ ਲਾਈਨ ਵਿੱਚ ਸੱਜੇ ਤੋਂ ਖੱਬੇ ਟਾਂਕਾ ਭਰੋ। ਇਸ ਤੋਂ ਅੱਗੇ ਵਾਲਾ ਟਾਂਕਾ ਨੀਚੇ ਵਾਲੀ ਲਾਈਨ ਦੀ ਅਗਲੀ ਚੋਣ ਵਿੱਚ ਸੱਚੇ ਤੋਂ ਖੱਬੇ ਟਾਂਕਾ ਭਰੋ। ਇਸ ਤੋਂ ਅੱਗੇ ਵਾਲਾ ਟਾਂਕਾ ਨੀਚੇ ਵਾਲੀ ਲਾਈਨ ਦੀ ਅਗਲੀ ਚੋਣ ਵਿੱਚ ਸੱਜੇ ਤੋਂ ਖੱਬੇ ਇਸ ਤਰ੍ਹਾਂ ਭਰੋ ਕਿ ਚਿੱਤਰ 9.17 ਅਨੁਸਾਰ ਟੇਢਾ ਟਾਂਕਾ ਬਣੇ। ਹੁਣ ਧਾਗਾ ਸੂਈ ਦੇ ਨੀਚੇ ਪਾਸੇ ਹੋਏ ਅਗਲੀ ਚੋਣ ਵਿੱਚ ਸੱਜੇ ਤੋਂ ਖੱਬੇ*


*ਸਿੱਧਾ ਟਾਂਕਾ ਭਰੋ। ਇਸ ਤੋਂ ਬਾਅਦ ਧਾਗਾ ਸੂਈ ਦੇ ਨੀਚੇ ਰੱਖਦੇ ਹੋਏ ਉਪਰ ਵਾਲੀ ਲਾਈਨ ਵਿੱਚ, ਪਹਿਲੇ ਲਏ ਗਏ ਟਾਂਕਿਆਂ ਦੀ ਸੇਧ ਵਿੱਚ ਸੱਜੇ ਤੋਂ ਖੱਬੇ ਅਗਲੀ ਚੋਣ ਵਿੱਚੋਂ ਟਾਂਕਾ ਲਾਓ। ਹੁਣ ਧਾਗਾ ਸੂਈ ਦੇ ਉੱਪਰ ਰੱਖਦੇ ਹੋਏ ਪੂਰੀ ਪ੍ਰਕ੍ਰਿਆ ਦੁਹਰਾਓ ਅਤੇ ਪੂਰੀ ਲਾਈਨ ਬਣਾਓ। ਇਸੇ ਤਰੀਕੇ ਚਿੱਤਰ ਵਿੱਚ ਦਰਸਾਏ ਅਨੁਸਾਰ ਦੋ ਲਾਈਨਾਂ ਇਕੱਠੀਆਂ ਵੀ ਪਾਈਆਂ ਜਾ ਸਕਦੀਆਂ ਹਨ (ਚਿੱਤਰ 9.17)।*






*ਚਿੱਤਰ 9.17* **Diamond Stitch**

**(4) Wave Stitch—** *ਟਾਂਕਿਆਂ ਦੀ ਗਿਣਤੀ ਅਨੁਸਾਰ ਇਹ ਟਾਂਕਾ ਵੱਖ-ਵੱਖ ਆਕਾਰ ਵਿੱਚ ਬਣਾਇਆ ਜਾ ਸਕਦਾ ਹੈ।* Cable stitch *ਵਿੱਚ ਹਰੇਕ ਵਾਰੀ ਸੂਈ ਤੇ ਧਾਗਾ ਉਲਟਾਇਆ ਜਾਂਦਾ ਹੈ ਇਸ ਵਿੱਚ ਕੁਝ ਟਾਂਕੇ ਉਪਰ ਜਾਂ ਨੀਚੇ ਨੂੰ ਲਿਜਾਂਦੇ ਹੋਏ ਕੁਝ ਟਾਂਕਿਆਂ ਬਾਅਦ ਧਾਗਾ ਸੂਈ ਤੇ ਉਲਟਾਇਆ ਜਾਂਦਾ ਹੈ ਜਿਵੇਂ ਕਿ ਚਿੱਤਰ 9.18 ਵਿੱਚ ਦਰਸਾਇਆ ਗਿਆ ਹੈ ਅਤੇ ਫਿਰ ਦੂਜੀ ਦਿਸ਼ਾ ਵਿੱਚ ਦੁਹਰਾਇਆ ਜਾਂਦਾ ਹੈ। ਇਸ ਤਰ੍ਹਾਂ ਪੂਰੀ ਲਾਈਨ ਬਣਾ ਲਈ ਜਾਂਦੀ ਹੈ।*




*ਚਿੱਤਰ 9.18*

**(5) Trellis Stitch—** *ਇਹ ਟਾਂਕਾ ਵਿੱਚ ਵੀ* Wave Stitch *ਵਿੱਚ ਪਰਿਵਰਤਨ ਲਿਆ ਕੇ ਬਣਾਇਆ ਜਾਂਦਾ ਹੈ ਜਿਵੇਂ ਕਿ ਚਿੱਤਰ 9.19 ਵਿੱਚ ਦਰਸਾਇਆ ਗਿਆ ਹੈ।*




**ਚਿੱਤਰ 9.19 Trellis Stitch**

**(6) Honey Comb Stitch—** *ਇਹ ਨਮੂਨਾ ਜ਼ਿਆਦਾ ਖੁੱਲ੍ਹਾਪਨ ਲਿਆਉਂਦਾ ਹੈ। ਇਸ ਵਿੱਚ ਦੂਜੀ ਅਤੇ ਪਹਿਲੀ ਚੋਣ ਵਿੱਚੋਂ ਇਕੱਠੇ ਟਾਂਕਾ ਭਰੋ। ਦੂਸਰੀ ਵਾਰ ਉਨ੍ਹਾਂ ਹੀ ਦੋਨਾਂ ਚੋਣਾਂ ਵਿੱਚੋਂ ਇਕੱਠੇ ਟਾਂਕਾ ਭਰਕੇ ਪੱਕਾ ਕਰਦੇ ਹੋਏ ਨੀਚੇ ਦੂਜੀ ਚੋਣ ਵਿੱਚ ਸੂਈ ਲੈ ਕੇ ਜਾਓ। ਹੁਣ ਤੀਜੀ ਅਤੇ ਦੂਜੀ ਚੋਣ ਨੂੰ ਇਕੱਠੇ ਕਰਕੇ ਟਾਂਕਾ ਭਰ ਲਓ। ਦੂਸਰੀ ਵਾਰ ਫਿਰ ਇਹਨਾਂ ਦੋਨਾਂ ਚੋਣਾਂ ਵਿੱਚੋਂ ਟਾਂਕਾ ਭਰਦੇ ਹੋਏ ਸੂਈ ਨੂੰ ਉਪਰ ਤੀਸਰੀ ਚੋਣ ਵਿੱਚ ਕੱਢੋ। ਜਿਸ ਲਾਈਨ ਵਿੱਚ ਪਹਿਲਾਂ ਟਾਕਾ ਲਿਆ ਸੀ ਜਿਵੇਂ ਕਿ ਚਿੱਤਰ 9.20। ਇਸ ਨੂੰ ਦੁਹਰਾਉਂਦੇ ਜਾਓ।*




*ਚਿੱਤਰ 9.20* **Honey Comb Stitch**


*ਉਪਰੋਕਤ ਦਰਸਾਏ ਟਾਂਕਿਆਂ ਦੇ ਮੇਲ ਸੁਮੇਲ ਨਾਲ ਹੀ ਕਈ ਪ੍ਰਕਾਰ ਦੇ ਨਮੂਨੇ ਬਣਾਏ ਜਾ ਸਕਦੇ ਹਨ। (ਚਿੱਤਰ 9.11, 9.12)। ਗੁੰਝਲਦਾਰ, ਨਮੂਨੇ ਬਣਾਉਣ ਸਮੇਂ ਤਾਂ ਚੋਣਾਂ ਨੂੰ ਗਿਣ ਕੇ ਹੀ ਨਮੂਨਾ ਸ਼ੁਰੂ ਕੀਤਾ ਜਾਂਦਾ ਹੈ ਤਾਂ ਜੋ ਅੰਤ ਵਿੱਚ ਨਮੂਨਾ ਟੁੱਟੇ ਨਾ। ਦੋਨੋਂ ਪਾਸਿਆਂ ਤੇ ਬਾਹਰ ਵਾਲਾ ਟਾਂਕਾ ਤਾਂ ਲੋੜ ਅਨੁਸਾਰ ਸਿਲਾਈ ਦੇ ਹੱਕ ਲਈ ਰੱਖਣਾ ਚਾਹੀਦਾ ਹੈ। ਸਮੌਕਿੰਗ ਕਰਨ ਉਪਰੰਤ ਕੱਚੇ ਧਾਗੇ ਉਧੇੜ ਦਿੱਤੇ ਜਾਂਦੇ ਹਨ।*




*ਚਿੱਤਰ 9.21 ਸਮੋਕਿੰਗ ਦਾ ਇੱਕ ਨਮੂਨਾ*



*ਚਿੱਤਰ 9.22 ਸਮੋਕਿੰਗ ਦਾ ਨਮੂਨਾ*



*ਚਿੱਤਰ 9.23 ਸਮੌਕਿੰਗ ਦਾ ਨਮੂਨਾ*

## ਅਭਿਆਸ

### ਵਸਤੂਨਿਸ਼ਠ ਪ੍ਰਸ਼ਨ—

1. *ਪੁਸ਼ਾਕ ਨੂੰ ਖੁੱਲ੍ਹਾ ਕਰਨ ਦੇ ਕਿਸੇ ਚਾਰ ਤਰੀਕਿਆਂ ਦੇ ਨਾਮ ਦੱਸੋ।*
2. *ਡਾਟ ਪੁਸ਼ਾਕ ਵਿੱਚ ਕਿੱਥੇ-ਕਿੱਥੇ ਪਾਏ ਜਾ ਸਕਦੇ ਹਨ?*
3. *ਪਲੀਟਾਂ ਕਿੰਨੀ ਤਰ੍ਹਾਂ ਦੀਆਂ ਹੁੰਦੀਆਂ ਹਨ ਅਤੇ ਕਿਹੜੀਆਂ-ਕਿਹੜੀਆਂ?*
4. *ਪਲੀਟਾਂ ਪਾਉਣ ਲਈ ਕੱਪੜਾ ਲੈਣ ਸਮੇਂ ਸਾਨੂੰ ਕਿਹੜੀਆਂ-ਕਿਹੜੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ?*
5. *ਟਕਸ ਪੁਸ਼ਾਕ ਵਿੱਚ ਕਿਉਂ ਪਾਏ ਜਾਂਦੇ ਹਨ?*
6. *ਪੁਸ਼ਾਕ ਵਿੱਚ ਚੋਣਾਂ ਪਾਉਣ ਦੇ ਕੀ ਕਾਰਨ ਹਨ?*
7. *ਸਮੌਕਿੰਗ ਪੁਸ਼ਾਕਾਂ ਵਿੱਚ ਕਿਉਂ ਕੀਤੀ ਜਾਂਦੀ ਹੈ?*
8. *ਸਮੌਕਿੰਗ ਦੇ ਦੋ ਟਾਂਕਿਆਂ ਦੇ ਨਾਮ ਦੱਸੋ।*

### ਛੋਟੇ ਉੱਤਰਾਂ ਵਾਲੇ ਪ੍ਰਸ਼ਨ—

9. *ਡਾਟ ਪੁਸ਼ਾਕ ਵਿੱਚ ਕਿਉਂ ਅਤੇ ਕਿਵੇਂ ਪਾਏ ਜਾ ਸਕਦੇ ਹਨ?*
10. *ਪਲੀਟਾਂ ਪੁਸ਼ਾਕ ਵਿੱਚ ਕਿਵੇਂ ਪਾਈਆਂ ਜਾਂਦੀਆਂ ਹਨ?*
11. *ਟਕਸ ਤੋਂ ਤੁਸੀਂ ਕੀ ਸਮਝਦੇ ਹੋ ਅਤੇ ਪੁਸ਼ਾਕ ਵਿੱਚ ਕਿਉਂ ਪਾਏ ਜਾਂਦੇ ਹਨ?*

12. *ਚੋਣਾਂ ਪੁਸ਼ਾਕ ਵਿੱਚ ਕਿਉਂ ਪਾਈਆਂ ਜਾਂਦੀਆਂ ਹਨ ਅਤੇ ਪਾਉਣ ਦੇ ਤਰੀਕੇ ਬਾਰੇ ਦੱਸੋ।*

13. *ਸਮੌਕਿੰਗ ਤੋਂ ਕੀ ਭਾਵ ਹੈ ਅਤੇ ਕਿਸ ਉਦੇਸ਼ ਨਾਲ ਪੁਸ਼ਾਕਾਂ ਤੇ ਕੀਤੀ ਜਾਂਦੀ ਹੈ?*

## ਨਿਬੰਧਾਤਮਕ ਪ੍ਰਸ਼ਨ—

14. *ਪੁਸ਼ਾਕਾਂ ਨੂੰ ਖੁੱਲ੍ਹਾ ਕਰਨ ਦੀ ਕੀ ਜ਼ਰੂਰਤ ਹੈ? ਪੁਸ਼ਾਕਾਂ ਨੂੰ ਖੁੱਲ੍ਹਾ ਕਰਨ ਦੇ ਕੀ-ਕੀ ਤਰੀਕੇ ਹਨ?*

********

## ਪਾਠ 10

# ਪੁਸ਼ਾਕ ਦੀ ਡਰਾਫਟਿੰਗ ਅਤੇ ਸਿਲਾਈ

*ਸਿਲਾਈ ਇੱਕ ਕਲਾ ਹੈ। ਇੱਕ ਚੰਗੀ ਅਤੇ ਢੁੱਕਵੀਂ ਪੁਸ਼ਾਕ ਆਪਣੇ ਆਪ ਹੀ ਸਿਉਂਣ ਵਾਲੇ ਦਾ ਕਮਾਲ ਦਿਖਾ ਦਿੰਦੀ ਹੈ। ਕਿਸੇ ਵੀ ਵਸਤਰ ਦੀ ਸਿਲਾਈ ਲਈ ਸਾਨੂੰ ਕਈ ਗੱਲਾਂ ਦਾ ਧਿਆਨ ਹੋਣਾ ਚਾਹੀਦਾ ਹੈ ਜਿਵੇਂ ਕਿ ਸਿਲਾਈ ਲਈ ਚੰਗੀ ਕਟਾਈ, ਚੰਗੀ ਕਟਾਈ ਲਈ ਚੰਗੀ ਡਰਾਫ਼ਟਿੰਗ, ਚੰਗੀ ਡਰਾਫ਼ਟਿੰਗ ਲਈ ਨਾਪ ਲੈਣ ਦੇ ਢੰਗ ਅਤੇ ਇਹਨਾਂ ਸਾਰਿਆਂ ਲਈ ਕੱਪੜੇ ਸਿਉਂਣ ਦੇ ਸਮਾਨ ਦਾ ਗਿਆਨ ਅਤੇ ਨਿਯਮਾਂ ਬਾਰੇ ਪਤਾ ਹੋਣਾ ਜ਼ਰੂਰੀ ਹੈ। ਕਿਸੇ ਵੀ ਕੰਮ ਨੂੰ ਪੂਰਾ ਕਰਨ ਲਈ ਸਾਨੂੰ ਕਈ ਪੜਾਵਾਂ ਵਿੱਚੋਂ ਗੁਜ਼ਰਨਾ ਪੈਂਦਾ ਹੈ। ਜਿਹਨਾਂ ਬਾਰੇ ਤੁਸੀਂ ਪਿਛਲੇ ਪਾਠਾਂ ਵਿੱਚ ਪੜ੍ਹ ਚੁੱਕੇ ਹੋ। ਇਸ ਪਾਠ ਵਿੱਚ ਅਸੀਂ ਰੌਂਪਰ, ਸਲਵਾਰ ਅਤੇ ਕਮੀਜ਼ ਦੀ ਸਿਲਾਈ ਬਾਰੇ ਪੜ੍ਹਾਂਗੇ। ਸਿਲਾਈ ਅਤੇ ਕਟਾਈ ਤੋਂ ਪਹਿਲਾਂ ਉਸਦੀ ਪੁਸ਼ਾਕ ਡਰਾਫ਼ਟਿੰਗ ਬਣਾਉਣੀ ਜ਼ਰੂਰੀ ਹੈ ਜੋ ਕਿ ਨਾਪ ਅਨੁਸਾਰ ਹੁੰਦੀ ਹੈ। ਫਿਰ ਕੱਪੜਾ ਕੱਟਣ ਵੇਲੇ ਲੋੜ ਅਨੁਸਾਰ ਸਿਉਂਣਾਂ ਦੇ ਹੱਕ ਰੱਖ ਕੇ ਕੱਪੜਾ ਕੱਟਿਆ ਜਾਂਦਾ ਹੈ। ਲੋੜ ਅਨੁਸਾਰ ਇਸ ਲਈ ਕਿਹਾ ਗਿਆ ਹੈ ਕਿਉਂਕਿ ਸਿਉਂਣਾ ਦੇ ਹੱਕ ਸਭ ਸਿਉਂਣਾ ਲਈ ਬਰਾਬਰ ਨਹੀਂ ਹੁੰਦੇ। ਕਿਸੇ ਸਥਾਨ ਤੇ ਸਿਉਂਣ ਦਾ ਹੱਕ ਵੱਧ ਚਾਹੀਦਾ ਹੈ ਅਤੇ ਕਈ ਥਾਵਾਂ ਤੇ ਪੂਰਾ-ਪੂਰਾ ਹੀ ਚਾਹੀਦਾ ਹੈ ਨਹੀਂ ਤਾਂ ਉਸ ਥਾਂ ਤੇ ਝੁੰਗ ਪੈ ਜਾਣਗੇ। ਲੰਬਾਈ ਜਾਂ ਚੌੜਾਈ ਵਿੱਚ ਸਿਉਂਣ ਦੇ ਹੱਕ ਵੱਧ ਲਏ ਜਾ ਸਕਦੇ ਹਨ ਕਿਉਂਕਿ ਫੈਸ਼ਨ ਜਾਂ ਲੋੜ ਅਨੁਸਾਰ ਪੁਸ਼ਾਕ ਲੰਬੀ ਜਾਂ ਖੁੱਲ੍ਹੀ ਕੀਤੀ ਜਾ ਸਕਦੀ ਹੈ।*

*ਕਿਸੇ ਵੀ ਪੁਸ਼ਾਕ ਦੀ ਕਟਾਈ ਤੇ ਸਿਲਾਈ ਤੋਂ ਪਹਿਲਾਂ ਉਸਦਾ ਡਰਾਫ਼ਟ ਤਿਆਰ ਕਰ ਲਿਆ ਜਾਂਦਾ ਹੈ ਜਿਸਦੇ ਹੇਠ ਲਿਖੇ ਲਾਭ ਹਨ—*

1. *ਜੇਕਰ ਸਹੀ ਡਰਾਫ਼ਟ ਬਣਾ ਲਿਆ ਜਾਵੇ ਤਾਂ ਕੱਪੜੇ ਦੀ ਕਟਾਈ ਗਲਤ ਨਹੀਂ ਹੋ ਸਕਦੀ। ਇਹ ਬਿਲਕੁਲ ਉਸੇ ਤਰ੍ਹਾਂ ਹੀ ਹੈ ਜਿਵੇਂ ਮਕਾਨ ਬਣਾਉਣ ਲਈ ਪਹਿਲਾਂ ਨਕਸ਼ਾ ਬਣਾਇਆ ਜਾਂਦਾ ਹੈ।*
2. *ਡਰਾਫ਼ਟ ਬਣਾਉਣ ਨਾਲ ਕੱਪੜੇ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ।*
3. *ਡਰਾਫ਼ਟ ਕੱਪੜੇ ਉੱਪਰ ਸਹੀ ਤਰੀਕੇ ਨਾਲ ਰੱਖ ਕੇ ਕੱਟਣ ਨਾਲ ਕੱਪੜਾ ਵਿਅਰਥ ਨਹੀਂ ਜਾਂਦਾ ਸਗੋਂ ਉਸਦਾ ਪੂਰਾ-ਪੂਰਾ ਉਪਯੋਗ* (utilisation) *ਹੁੰਦਾ ਹੈ।*

4. ਇੱਕ ਵਾਰ ਡਰਾਫ਼ਟ ਬਣਾ ਕੇ ਕਈ ਵਾਰ ਕੱਪੜਾ ਕੱਟਿਆ ਜਾ ਸਕਦਾ ਹੈ ਜਿਸ ਨਾਲ ਸਮੇਂ ਦੀ ਬੱਚਤ ਹੁੰਦੀ ਹੈ।

5. ਕਾਗਜ਼ ਤੇ ਡਰਾਫ਼ਟ ਬਣਾਉਣ ਸਮੇਂ ਕਟਾਈ ਵਾਲੀ ਕੋਈ ਵੀ ਸ਼ੇਪ ਰਬੜ ਨਾਲ ਮਿਟਾ ਕੇ ਦੁਬਾਰਾ ਸਹੀ ਬਣਾਈ ਜਾ ਸਕਦੀ ਹੈ ਜਦੋਂ ਤੱਕ ਕਿ ਪੂਰੀ ਤਰ੍ਹਾਂ ਠੀਕ (perfection) ਨਾ ਆ ਜਾਵੇ। ਖਾਸ ਕਰਕੇ ਗਲੇ ਅਤੇ ਮੋਢੇ ਦੀਆਂ ਗੋਲਾਈਆਂ ਆਦਿ ਲਈ।

6. ਪੂਰੇ ਸਾਈਜ਼ ਦਾ ਡਰਾਫ਼ਟ ਤਾਂ ਕੱਪੜਾ ਕੱਟਣ ਲਈ ਬਣਾਇਆ ਜਾਂਦਾ ਹੈ। ਪਰ ਇਸ ਨੂੰ ਛੋਟੇ ਸਕੇਲ ਵਿੱਚ ਜਿਵੇਂ ਕਿ $\frac{1}{2}, \frac{1}{4}, \frac{1}{8}$ ਦੀ ਰੇਸ਼ੋ ਵਿੱਚ ਬਣਾ ਕੇ ਭਵਿੱਖ ਲਈ ਸੰਭਾਲਿਆ ਜਾ ਸਕਦਾ ਹੈ। ਧਿਆਨ ਰੱਖੋ ਕਿ ਕਾਗਜ਼ ਦੀਆਂ ਲਾਈਨਾਂ ਅਨੁਸਾਰ ਹੀ ਡਰਾਫ਼ਟ ਤਿਆਰ ਕੀਤਾ ਜਾਵੇ ਤਾਂ ਜੋ ਕੱਪੜੇ ਕੱਟਣ ਸਮੇਂ ਤਾਣੇ-ਬਾਣੇ ਦਾ ਹਿਸਾਬ ਰਹੇ। ਕਿਉਂਕਿ ਆਡੇ ਰੁਖ਼ ਕੱਪੜੇ ਦੀ ਬਣਾਈ ਪੁਸ਼ਾਕ ਜ਼ਿਆਦਾ ਹੰਢਦੀ ਨਹੀਂ। ਇੱਕ ਗੱਲ ਦਾ ਹੋਰ ਧਿਆਨ ਰੱਖਣਾ ਚਾਹੀਦਾ ਹੈ ਕਿ ਡਰਾਫ਼ਟ ਉੱਪਰ ਲਿਖ ਜ਼ਰੂਰ ਲੈਣਾ ਚਾਹੀਦਾ ਹੈ ਕਿ ਇਸ ਡਰਾਫ਼ਟ ਲਈ ਕਿਹੜੇ-ਕਿਹੜੇ ਨਾਪ ਚਾਹੀਦੇ ਹਨ ਅਤੇ ਕਿੰਨੀ ਸਕੇਲ ਵਿੱਚ ਡਰਾਫ਼ਟ ਬਣਾਇਆ ਗਿਆ ਹੈ।

## 1. ਰੌਂਪਰ

ਰੌਂਪਰ ਛੋਟੇ ਬੱਚਿਆਂ ਖਾਸ ਕਰਕੇ ਛੇ (6) ਮਹੀਨੇ ਤੋਂ ਤਿੰਨ ਸਾਲ ਤੱਕ ਦੇ ਬੱਚੇ ਲਈ ਬਣਾਇਆ ਜਾਂਦਾ ਹੈ। ਇਸ ਵਿੱਚ ਬਾਡੀ ਅਤੇ ਜਾਂਘੀਆਂ ਇਕੱਠੇ ਮਿਲਾ ਕੇ ਇੱਕ ਹੀ ਪੁਸ਼ਾਕ ਬਣਾਈ ਜਾਂਦੀ ਹੈ। ਇਸ ਦੇ ਪੌਂਚਿਆਂ ਵਿੱਚ ਬਾਰੀਕ ਇਲਾਸਟਿਕ ਪਾਇਆ ਜਾਂਦਾ ਹੈ। ਕਈ ਵਾਰ ਕਮਰ ਤੇ ਅੱਗੇ ਜਾਂ ਪਿੱਛੇ ਜਾਂ ਸਿਰ ਪਿੱਛੇ ਵੀ ਇਲਾਸਟਿਕ ਪਾਇਆ ਜਾਂਦਾ ਹੈ।

### ਡਰਾਫ਼ਟਿੰਗ

ਨਾਪ : ਡਰਾਫ਼ਟਿੰਗ ਆਮ ਤੌਰ ਤੇ ਖਾਕੀ ਕਾਗਜ਼ ਤੇ ਬਣਾਈ ਜਾਂਦੀ ਹੈ।

ਛਾਤੀ = 20"

ਲੰਬਾਈ = 18"

ਹਿੱਪ = 22"

ਤੀਰਾ = 10"

**ਅਗਲਾ ਪਾਸਾ—**

*ਕਾਗਜ਼ ਦਾ ਨਾਪ = ਲੰਬਾਈ +* $3\frac{1}{2}$" = $21\frac{1}{2}$"

*ਚੌੜਾਈ =* $\frac{1}{2}$ *ਹਿੱਪ + 8"*

*= 11" + 8" = 19"*

*ਕਾਗਜ਼ ਨੂੰ ਚੌੜਾਈ ਵੱਲੋਂ ਦੂਹਰਾ ਕਰੋ।*

*1–0 = ਪੂਰੀ ਲੰਬਾਈ =18"*

*2–1=* $2\frac{1}{2}$"

*0–3 =* $\frac{1}{4}$ *ਛਾਤੀ + 1"*

*= 5" + 1" = 6"*


*4–0 =* $\frac{1}{2}$ *ਤੀਰਾ + ਬਾਂਹ*

*= 5" + 3" = 8"*

*4–5 =* $\frac{1}{4}$ *ਛਾਤੀ = 5"*

*0–6 =* $\frac{1}{12}$ *ਛਾਤੀ*

*+ .5 ਸੈਂਟੀਮੀਟਰ =* $1\frac{2}{3}$"




*ਚਿੱਤਰ 10.1 ਰੌਂਪਰ ਦਾ ਡਰਾਫ਼ਟ*

*0–7 = $\frac{1}{12}$ **ਛਾਤੀ** + $\frac{1}{3}$" 2"*

*6–7 = ਗਲੇ ਦੀ ਗੋਲਾਈ ਲਈ ਮਿਲਾ ਦਿਓ*

*4–8 = 1" (8 ਅਤੇ 6 ਨੂੰ ਮਿਲਾਓ।)*

*5–9 = 1" (8 ਅਤੇ 9 ਨੂੰ ਮਿਲਾਓ।)*

*3–10 = $\frac{1}{4}$ **ਛਾਤੀ** + $1\frac{1}{2}$" =5"+$1\frac{1}{2}$" =$6\frac{1}{2}$"*

*1–11 = $\frac{1}{4}$ **ਹਿੱਪ** + 4" = $5\frac{1}{2}$"+ 4" =$9\frac{1}{2}$"*

*10–11 ਨੂੰ ਢੁੱਟੇ ਨਾਲ ਮਿਲਾਓ।*

*1–2 = 2–12 = $2\frac{1}{2}$"*

*11 ਅਤੇ 12 ਨੂੰ ਆਪਸ ਵਿੱਚ ਮਿਲਾਓ।*

*1–13 = 1" (12 ਅਤੇ 13 ਨੂੰ ਗੋਲਾਈ ਨਾਲ ਮਿਲਾਓ।)*

*7–14=$\frac{1}{3}$ **ਛਾਤੀ** +$\frac{1}{2}$"=7"*

*14–15 = $\frac{1}{2}$"*

*ਬਟਨਾਂ ਲਈ ਸਿੱਧੀ ਲਾਈਨ ਵਿੱਚ ਕੱਟੋ ਅਤੇ ਮਗਰੋਂ 1" ਚੌੜੀ ਪੱਟੀ ਲਗਾਓ।*

*ਅਗਲਾ ਪਾਸਾ 6,8,9,10,11,12,13 ਅਤੇ 7 ਹੈ।*

**ਪਿਛਲਾ ਪਾਸਾ** *—ਪਿਛਲੇ ਪਾਸੇ ਦੇ ਗਲੇ ਦੀ ਗੋਲਾਈ ਛੋਟੀ ਅਤੇ ਆਸਨ ਇੱਕ ਇੰਚ (1") ਵੱਧ ਹੁੰਦਾ ਹੈ।*

*0–16 = $\frac{3}{4}$"*

*6–16 ਨੂੰ ਗੋਲਾਈ ਵਿੱਚ ਮਿਲਾਓ।*

*13–17=1"*

*12–18 = 1"*

*17–18=1*

*17–18 ਨੂੰ ਗੋਲਾਈ ਵਿੱਚ ਮਿਲਾਓ।*

*11–18 ਨੂੰ ਢੁੱਟੇ ਨਾਲ ਮਿਲਾਓ।*

*ਪਿਛਲਾ ਪਾਸਾ—6,8,9,10,11,18,17 ਅਤੇ 16 ਹੈ।*

**ਕੱਟਣ ਅਤੇ ਸਿਉਂਣ ਦਾ ਤਰੀਕਾ**—*ਡਰਾਫ਼ਟ ਨੂੰ ਕੱਪੜੇ ਤੇ ਇਸ ਤਰ੍ਹਾਂ ਰੱਖੋ ਕਿ ਡਰਾਫ਼ਟ ਦੀ ਲੰਬਾਈ ਕੱਪੜੇ ਦੀ ਲੰਬਾਈ ਅਨੁਸਾਰ ਆਵੇ। ਸਿਉਂਣਾਂ ਦੇ ਹੱਕ ਵਧਾ ਕੇ ਕੱਟੋ। ਜਿਵੇਂ ਗਲੇ ਦੀ ਗੋਲਾਈ $\frac{1}{4}$", ਮੋਢੇ ਦੀ ਕਾਟ ਤੇ ਸਿਉਂਣ ਲਈ $\frac{1}{2}$" ਹੱਕ ਰੱਖ ਕੇ, ਬਾਂਹ ਦੀ ਗੋਲਾਈ ਤੇ ਅੰਦਰ ਮੋੜਨ ਲਈ 1" ਜੇ ਬਾਂਹ ਦੀ ਗੋਲਾਈ ਤੇ ਪੱਟੀ ਲਾਉਣੀ ਤਾਂ ਸਿਰਫ ਸਿਉਂਣ ਦਾ ਹੱਕ ਰੱਖੋ। ਇਸੇ ਤਰ੍ਹਾਂ 9–11 ਤੇ ਸਿਉਂਣ ਲਈ ਅੱਧਾ ਇੰਚ ਹੱਕ ਰੱਖੋ। 11–12 ਅਤੇ 11–18 ਤੇ 1 ਇੰਚ, ਤਾਂ ਜੋ ਮੋੜ ਕੇ ਬਾਰੀਕ ਇਲਾਸਟਿਕ ਪਾਇਆ ਜਾ ਸਕੇ। ਗਲੇ ਦੀ ਖੁੱਲ੍ਹੀ ਪੱਟੀ ਤੇ ਇੱਕ ਪੱਟੀ ਲਾਉਣੀ ਹੈ ਜਾਂ ਦੋ ਪੱਟੀਆਂ ਲਾ ਕੇ ਪੱਟੀ ਬਣਾਉਣੀ ਹੈ, ਅਨੁਸਾਰ ਟਾਕੀ ਦੀ ਕਟਾਈ ਕਰੋ।*

**ਸਿਲਾਈ**—*ਰੌਂਪਰ ਸਿਉਂਣ ਲਈ ਸਭ ਤੋਂ ਪਹਿਲਾਂ ਖੁੱਲ੍ਹੀ ਪੱਟੀ ਤਿਆਰ ਕਰ ਲਵੋ। ਫਿਰ ਦੋਵੇਂ ਪਾਸਿਆਂ ਨੂੰ ਇਕੱਠੇ ਪਕੜ ਕੇ ਉੱਪਰ ਮੋਢੇ ਦੀ ਸਿਲਾਈ ਕਰੋ। ਇਸ ਤੋਂ ਬਾਅਦ ਗਲੇ ਦੀ ਗੋਲਾਈ ਤੇ ਉਰੇਬ ਪੱਟੀ ਲਗਾਈ ਜਾ ਸਕਦੀ ਹੈ। ਬਾਹਵਾਂ ਨੂੰ ਮੋੜ ਕੇ ਲੇਸ ਲਗਾਈ ਜਾ ਸਕਦੀ ਹੈ ਜਾਂ ਪੱਟੀ ਲਗਾ ਕੇ ਅੰਦਰ ਮੋੜਿਆ ਜਾ ਸਕਦਾ ਹੈ। ਫਿਰ ਆਸਨ ਦੀ ਸਿਲਾਈ ਚੋਰ ਸਿਉਂਣ ਨਾਲ ਕਰੋ ਅਤੇ ਪਾਸਿਆਂ ਦੀ ਸਿਉਂਣ ਲਗਾ ਲਵੋ। ਅਖੀਰ ਵਿੱਚ ਪੌਂਚਿਆਂ ਤੇ $\frac{1}{2}$" ਕੱਪੜਾ ਮੋੜ ਕੇ ਫੱਟਾ ਬਣਾ ਕੇ ਇਲਾਸਟਿਕ ਪਾ ਲਵੋ ਅਤੇ ਪੱਟੀ ਤੇ ਲੋੜ ਅਨੁਸਾਰ ਬਟਨ ਲਗਾਓ। ਗਲੇ ਤੇ ਟਿੱਚ ਬਟਨ ਅਤੇ ਉੱਪਰ ਫੈਂਸੀ ਬਟਨ ਵੀ ਲਗਾਏ ਜਾ ਸਕਦੇ ਹਨ।*

*ਰੌਂਪਰ ਕਿਸੇ ਵੀ ਨਰਮ ਕੱਪੜੇ ਵਿੱਚ ਬਣਾਇਆ ਜਾ ਸਕਦਾ ਹੈ ਜੋ ਕਿ ਪਸੀਨਾ ਸੋਖਣ ਵਾਲਾ ਹੋਵੇ। ਕੱਪੜਾ ਰੰਗਦਾਰ ਜਾਂ ਛੋਟੇ ਪ੍ਰਿੰਟ ਵਾਲਾ ਜਾਂ ਨਰਸਰੀ ਪ੍ਰਿੰਟ ਵਾਲਾ ਹੋ ਸਕਦਾ ਹੈ।*

**ਕੱਪੜੇ ਦਾ ਅੰਦਾਜ਼ਾ ਲਗਾਉਣਾ**—*ਇਹ ਪੁਸ਼ਾਕ ਸਿਰਫ਼ ਛੋਟੇ ਬੱਚਿਆਂ ਲਈ ਹੀ ਬਣਾਈ ਜਾਂਦੀ ਹੈ। ਇਸ ਲਈ ਜੇਕਰ ਇੱਕ ਅਰਜ਼ ਵਿੱਚੋਂ ਹੀ ਦੋ ਚੌੜਾਈਆਂ ਨਿਕਲ ਜਾਣ ਤਾਂ ਇੱਕ ਹੀ ਲੰਬਾਈ+ਸਿਉਂਣਾਂ ਦੇ ਹੱਕ ਅਤੇ ਕੁਝ ਕੱਪੜਾ ਪੱਟੀਆਂ ਆਦਿ ਲਈ ਚਾਹੀਦਾ ਹੈ। ਜੇਕਰ ਇਕੋ ਅਰਜ਼ ਵਿੱਚੋਂ ਦੋ ਚੌੜਾਈਆਂ ਨਾ ਨਿਕਲਣ ਤਾਂ ਕੱਪੜੇ ਦੀਆਂ ਦੋ ਲੰਬਾਈਆਂ ਅਤੇ ਸਿਉਂਣਾ ਦੇ ਹੱਕ ਜਿੰਨਾ ਕੱਪੜਾ ਲੈਣਾ ਪਵੇਗਾ।*

*ਸਜਾਵਟ ਲਈ ਅਗਲੇ ਪਾਸੇ ਕਢਾਈ ਕੀਤੀ ਜਾ ਸਕਦੀ ਹੈ ਜਾਂ ਕੋਈ ਲੇਸ ਜਾਂ ਰੇਡੀਮੇਡ ਪੈਚ ਵੀ ਲਾਇਆ ਜਾ ਸਕਦਾ ਹੈ।*

## ਲੇਡੀਜ਼ ਸੂਟ (ਸਲਵਾਰ ਅਤੇ ਕਮੀਜ਼)

*ਲੇਡੀਜ਼ ਸੂਟ ਨੂੰ ਆਮ ਤੌਰ ਤੇ ਸਲਵਾਰ ਕਮੀਜ਼ ਕਿਹਾ ਜਾਂਦਾ ਹੈ। ਪੰਜਾਬੀ ਔਰਤਾਂ ਲਈ ਇਹ ਇੱਕ ਬਹੁਤ ਹੀ ਪਿਆਰੀ ਅਤੇ ਮਨਭਾਉਂਦੀ ਪੁਸ਼ਾਕ ਰਹੀ ਹੈ। ਇਸ ਦਾ ਰਿਵਾਜ਼ ਸਿਰਫ਼ ਪੰਜਾਬੀ ਔਰਤਾਂ ਲਈ ਹੀ ਨਹੀਂ ਸਗੋਂ ਭਾਰਤ ਤੇ ਦੂਸਰੇ ਪ੍ਰਾਂਤਾਂ ਦੀਆਂ ਔਰਤਾਂ ਲਈ ਵੀ ਦੇਖਿਆ ਜਾ ਸਕਦਾ ਹੈ। ਇਸ ਦੀ ਬਨਾਵਟ ਵਿੱਚ*

*ਥੋੜ੍ਹੀ ਬਹੁਤ ਤਬਦੀਲੀ ਲਿਆ ਕੇ ਇਸ ਨੂੰ ਫੈਸ਼ਨ ਵਾਲੀ ਪੁਸ਼ਾਕ ਵੀ ਬਣਾ ਲਿਆ ਜਾ ਸਕਦਾ ਹੈ ਜੋ ਰੋਜ਼ਾਨਾ ਵਰਤੋਂ ਵਿੱਚ ਹੀ ਨਹੀਂ ਸਗੋਂ ਪਾਰਟੀਆਂ ਵਿੱਚ ਵੀ ਪਹਿਨੀ ਜਾ ਸਕਦੀ ਹੈ।*

*ਸਲਵਾਰ ਅਤੇ ਕਮੀਜ਼ ਪੰਜਾਬ ਦੀਆਂ ਔਰਤਾਂ ਦੀ ਆਮ ਪੁਸ਼ਾਕ ਹੈ। ਦਿਨ ਪ੍ਰਤੀ ਦਿਨ ਇਸ ਪੁਸ਼ਾਕ ਦੀ ਲੋਕਪ੍ਰਿਯਤਾ* (popularity) *ਵੱਧ ਰਹੀ ਹੈ। ਕਿਸੇ ਵੀ ਉਮਰ ਦੀਆਂ ਔਰਤਾਂ ਇਹ ਪੁਸ਼ਾਕ ਪਹਿਨ ਸਕਦੀਆਂ ਹਨ ਅਤੇ ਇਸ ਦੀ ਸਿਲਾਈ ਵੀ ਆਸਾਨ ਹੈ। ਸਹੂਲੀਅਤ ਦੇ ਪੱਖੋਂ ਵੀ ਇਹ ਪੁਸ਼ਾਕ ਪਹਿਨਣ ਵਿੱਚ ਅਰਾਮਦਾਇਕ ਹੁੰਦੀ ਹੈ।*

*ਇਸ ਪਾਠ ਵਿੱਚ ਅਸੀਂ ਸਲਵਾਰ, ਕਮੀਜ਼ ਦੇ ਆਦਰਸ਼ ਨਾਪ ਬਾਰੇ ਪੜ੍ਹਾਂਗੇ ਪਰ ਮਨੁੱਖੀ ਸਰੀਰਾਂ ਦੀ ਬਣਤਰ ਇੱਕੋ ਜਿਹੀ ਨਹੀਂ ਹੁੰਦੀ। ਵੈਸੇ ਵੀ ਫੈਸ਼ਨ ਦੇ ਬਦਲਣ ਨਾਲ ਲੰਬਾਈ, ਚੌੜਾਈ ਵਿੱਚ ਮੌਕੇ ਅਨੁਸਾਰ ਤਬਦੀਲੀ ਆਉਂਦੀ ਰਹਿੰਦੀ ਹੈ। ਜਿਸ ਮੁਤਾਬਿਕ ਲੰਬਾਈ ਚੌੜਾਈ ਘਟਾਈ ਜਾਂ ਵਧਾਈ ਜਾ ਸਕਦੀ ਹੈ ਅਤੇ ਜ਼ਰੂਰਤ ਅਨੁਸਾਰ ਆਦਰਸ਼ ਨਾਪ ਤਬਦੀਲ ਕਰਕੇ ਪੁਸ਼ਾਕ ਤਿਆਰ ਕੀਤੀ ਜਾ ਸਕਦੀ ਹੈ।*

## 2. ਸਲਵਾਰ

**ਸਲਵਾਰ ਦਾ ਡਰਾਫ਼ਟ—** *ਸਲਵਾਰ ਦਾ ਡਰਾਫ਼ਟ ਬਣਾਉਣ ਲਈ ਪੌਂਚੇ ਅਤੇ ਕੁੰਦੇ ਅਲੱਗ-ਅਲੱਗ ਲਏ ਜਾਂਦੇ ਹਨ। ਕੱਪੜੇ ਦੀ ਲੰਬਾਈ ਲੈਣ ਸਮੇਂ ਸਲਵਾਰ ਦੀਆਂ ਦੋ ਲੰਬਾਈਆਂ, ਇੱਕ ਆਸਣ ਦੀ ਲੰਬਾਈ ਅਤੇ ਤਿੰਨ ਨੇਫ਼ਿਆਂ ਦੀ ਲੰਬਾਈ ਲਈ ਜਾਂਦੀ ਹੈ।*

*ਆਦਰਸ਼ ਨਾਪ :*

*ਲੰਬਾਈ = 40"*

*ਪੌਂਚਾ = 12"*

*ਆਸਣ = 14"*

*ਪੌਂਚਾ—ਸੱਜੇ ਅਤੇ ਖੱਬੇ ਪਾਸੇ ਲਈ ਦੋ ਪੌਂਚੇ ਕੱਟੇ ਜਾਂਦੇ ਹਨ।*

*1–2 = 3–4 = 12" (ਪੌਂਚੇ ਦੀ ਚੌੜਾਈ ਜ਼ਰੂਰਤ ਮੁਤਾਬਕ ਘੱਟ ਜਾਂ ਵੱਧ ਰੱਖੀ ਜਾ ਸਕਦੀ ਹੈ।)*

*1–3 =2–4=42" (ਸਲਵਾਰ ਦੀ ਲੰਬਾਈ+2" ਨੇਫ਼ੇ ਲਈ)*

*ਕੁੰਦੇ —ਇਹ ਦੋਹਰੇ ਕੱਪੜੇ ਤੇ ਕੱਟੇ ਜਾਂਦੇ ਹਨ। ਕੁੱਲ ਚਾਰ ਹੁੰਦੇ ਹਨ।*


*5–6=7–8 =58" (ਲੰਬਾਈ 40"+2" ਨੇਫ਼ਾ + ਆਸਣ 14"+2" ਨੇਫ਼ਾ)*

*5–9=8–10 = 42" (ਲੰਬਾਈ + ਨੇਫ਼ਾ)*

*6–9=7–10=16" (ਆਸਣ+ਨੇਫ਼ਾ)*

*9–9 = 10–10 =1"*

*9–9 ਅਤੇ 10–10' ਨੂੰ ਕੱਟ ਲਓ। 9 ਅਤੇ 10' ਨੂੰ ਮਿਲਾ ਕੇ ਕੱਟ ਲਓ। ਜੇਕਰ 5 ਅਤੇ 6 ਵਿਚਕਾਰ ਮੋੜ ਹੋਵੇ ਤਾਂ ਉਹ ਵੀ ਕੱਟ ਲਓ ਤਾਂ ਕਿ ਚਾਰ ਕੁੰਦੇ ਅਲੱਗ–ਅਲੱਗ ਹੋ ਜਾਣ (ਚਿੱਤਰ 10.2)*




*ਚਿੱਤਰ 10.2 ਸਲਵਾਰ ਦਾ ਡਰਾਫ਼ਟ (ਪੌਂਚਾ ਅਤੇ ਕੁੰਦਾ)*

**ਸਿਉਂਣ ਦਾ ਤਰੀਕਾ—** *ਇੱਕ ਪੌਂਚੇ ਦੇ ਦੋਨੋਂ ਪਾਸਿਆਂ ਤੇ ਕੁੰਦੇ ਸਾਧਾਰਨ ਸਿਲਾਈ ਨਾਲ ਜੋੜੋ। ਫਿਰ ਦੂਸਰੇ ਪੌਂਚੇ ਦੇ ਆਸਪਾਸ ਵੀ ਕੁੰਦੇ ਜੋੜੋ। ਬਾਅਦ ਵਿੱਚ ਆਸਣ ਜੋੜ ਕੇ ਨੇਫ਼ਾ ਸਿਉਂ ਲਓ। ਪੌਂਚਿਆਂ ਤੇ ਮੋਟਾ ਕੱਪੜਾ ਜਾਂ ਲੱਠਾ ਜਾਂ ਬੁਕਰਮ ਲਗਾ ਕੇ ਸਲਵਾਰ ਨਾਲ ਦੇ ਕੱਪੜੇ ਨੂੰ ਉਸ ਉੱਪਰ ਲਗਾ ਕੇ ਪੁੱਠੇ ਪਾਸੇ ਜੋੜ ਲਓ। ਮਰਜ਼ੀ ਅਨੁਸਾਰ ਨਮੂਨੇ ਬਣਾ ਲਓ। ਪੌਂਚਿਆਂ ਦੀ ਚੌੜਾਈ 2"-3" ਤੱਕ ਰੱਖੀ ਜਾ ਸਕਦੀ ਹੈ। ਇਹ ਵੀ ਫੈਸ਼ਨ ਮੁਤਾਬਿਕ ਘੱਟਦੀ ਜਾਂ ਵੱਧਦੀ ਰਹਿੰਦੀ ਹੈ। ਬਾਅਦ ਵਿੱਚ ਪਾਸੇ ਵਾਲੀ ਸਿਲਾਈ ਲਗਾਓ।*

*ਸਲਾਵਰ ਜੇਕਰ ਖੁਲ੍ਹੀ ਬਣਾਉਣੀ ਹੋਵੇ ਤਾਂ ਪੂਰੇ ਅਰਜ਼ ਦੇ ਕੁੰਦੇ ਪਾ ਲਏ ਜਾਂਦੇ ਹਨ। ਜੇਕਰ ਉੱਪਰ ਬੈਲਟ ਲਗਾਉਣੀ ਹੋਵੇ ਤਾਂ ਪੌਂਚੇ ਅਤੇ ਕੁੰਦਿਆਂ ਦੀਆਂ ਲੰਬਾਈਆਂ ਹਿਪ ਲਾਈਨ ਜਿੰਨੀ ਚੌੜੀ ਬੈਲਟ ਜਿੰਨੇ ਘੱਟ ਕੱਟੇ ਜਾ ਸਕਦੇ ਹਨ। ਬੈਲਟ ਲਗਾ ਕੇ ਸਾਰੀਆਂ ਚੋਣਾਂ ਬੈਲਟ ਦੇ ਅਗਲੇ ਪਾਸੇ ਇਕੱਠੀਆਂ ਕਰ ਲਈਆਂ ਜਾਂਦੀਆਂ ਹਨ।*

**ਕੱਪੜੇ ਦਾ ਅੰਦਾਜ਼ਾ ਲਗਾਉਣਾ—** *ਫੈਸ਼ਨ ਮੁਤਾਬਕ ਸਲਵਾਰ ਵੱਧ ਘੱਟ ਖੁੱਲ੍ਹੀ ਹੋ ਸਕਦੀ ਹੈ। ਖੁੱਲ੍ਹੀ ਸਲਵਾਰ ਨੂੰ ਜ਼ਿਆਦਾ ਕੱਪੜਾ ਲਗਦਾ ਹੈ ਅਤੇ ਤੰਗ ਸਲਵਾਰ ਨੂੰ ਘੱਟ। ਆਮ ਪ੍ਰਚੱਲਿਤ ਸਲਵਾਰ ਵਿੱਚ ਇੱਕ ਅਰਜ਼ ਵਿੱਚੋਂ ਦੋਨੋਂ ਕੁੰਦੇ ਅਤੇ ਪੌਂਚਿਆਂ ਹੇਠ ਲਗਾਉਣ ਲਈ ਪੱਟੀ ਵੀ ਕੱਢ ਲਈ ਜਾਂਦੀ ਹੈ। ਕੁੰਦਿਆਂ ਲਈ ਅਰਜ਼ ਵੱਲੋਂ ਕੱਪੜਾ ਦੂਹਰਾ ਕਰਕੇ ਹੀ ਕੁੰਦੇ ਕੱਟੇ ਜਾਂਦੇ ਹਨ।*

*ਇਸ ਤਰ੍ਹਾਂ ਸਲਵਾਰ ਲਈ ਪੌਂਚਿਆਂ ਲਈ : 1 ਲੰਬਾਈ + 1 ਨੇਫ਼ਾ*

*ਕੁੰਦਿਆਂ ਲਈ : 1 ਲੰਬਾਈ + 1 ਨੇਫ਼ਾ + 1 ਆਸਨ+ 1 ਨੇਫ਼ਾ*

*ਕੁੱਲ ਮਿਲਾ ਕੇ ਦੋ ਲੰਬਾਈਆਂ, ਇੱਕ ਆਸਨ+3 ਨੇਫ਼ਿਆਂ ਜਿੰਨਾ ਕੱਪੜਾ ਚਾਹੀਦਾ ਹੈ।*

*ਅੱਜਕੱਲ੍ਹ ਜ਼ਿਆਦਾ ਖੁੱਲ੍ਹੀਆਂ ਸਲਵਾਰਾਂ ਪਹਿਨੀਆਂ ਜਾਂਦੀਆਂ ਹਨ ਜਿਸ ਵਿੱਚ ਕੁੰਦੇ ਪੂਰੇ ਅਰਜ਼ ਦੇ ਹੀ ਪਾਏ ਜਾਂਦੇ ਹਨ। ਅਜਿਹੀਆਂ ਸਲਵਾਰਾਂ ਲਈ ਕੁੰਦਿਆਂ ਦਾ ਕੱਪੜਾ ਪਹਿਲਾਂ ਦੱਸੀ ਸਲਵਾਰ ਨਾਲੋਂ ਦੁੱਗਣਾ ਹੋਵੇਗਾ।*

*ਆਮ ਤੌਰ ਤੇ ਸਲਵਾਰ ਤੇ ਕਮੀਜ਼ ਇੱਕੋ ਕੱਪੜੇ ਦੇ ਹੀ ਬਣਾਏ ਜਾਂਦੇ ਹਨ। ਉਸ ਵਿੱਚ ਜੇਕਰ ਕਮੀਜ਼ ਦੀ ਚੌੜਾਈ ਘੱਟ ਹੋਵੇ ਤਾਂ ਇੱਕ ਅਰਜ਼ ਵਿੱਚ ਕਮੀਜ਼ ਦੀ ਚੌੜਾਈ ਤੋਂ ਹੀ ਪੌਂਚੇ ਕੱਢ ਲਏ ਜਾਂਦੇ ਹਨ। ਕੱਪੜੇ ਦੀ ਯੋਜਨਾ ਬਣਾ ਕੇ ਹੀ ਕਟਾਈ ਕਰਨੀ ਚਾਹੀਦੀ ਹੈ ਤਾਂ ਜੋ ਕੱਪੜਾ ਬੇਕਾਰ ਨਾ ਜਾਵੇ ਅਤੇ ਪੂਰੀ ਤਰ੍ਹਾਂ ਵਰਤੋਂ ਵਿੱਚ ਲਿਆਂਦਾ ਜਾ ਸਕੇ।*

## 3. ਕਮੀਜ਼

*ਕਮੀਜ਼ ਸਲਵਾਰ ਦੇ ਨਾਲ ਹੀ ਪਹਿਨੀ ਜਾਂਦੀ ਹੈ। ਜਿਸ ਤਰ੍ਹਾਂ ਸਲਵਾਰ ਕਈ*

*ਵਾਰ ਜ਼ਿਆਦਾ ਖੁੱਲ੍ਹੀ ਬਣਾਈ ਜਾਂਦੀ ਹੈ। ਮੋਹਰੀ ਵੀ ਘੱਟ ਜਾਂ ਵੱਧ ਦਾ ਰਿਵਾਜ਼ ਹੋ ਜਾਂਦਾ ਹੈ। ਉਸੇ ਤਰ੍ਹਾਂ ਹੀ ਕਮੀਜ਼ ਦਾ ਘੇਰਾ ਕਦੇ ਘੱਟ ਕਦੇ ਵੱਧ, ਕਦੇ ਡਾਟਾਂ ਪਾਉਣ ਅਤੇ ਕਦੇ ਨਾ ਪਾਉਣ ਅਤੇ ਕਦੇ ਖੁੱਲ੍ਹੀਆਂ ਅਤੇ ਕਦੇ ਤੰਗ ਕਮੀਜ਼ਾਂ ਦਾ ਰਿਵਾਜ਼ ਆ ਜਾਂਦਾ ਹੈ। ਅਸੀਂ ਆਦਰਸ਼ ਨਾਪ ਦੀ ਡਰਾਫ਼ਟਿੰਗ ਬਣਾਵਾਂਗੇ ਜਿਸ ਨੂੰ ਆਪਣੀ ਜ਼ਰੂਰਤ ਅਤੇ ਸਰੀਰ ਦੀ ਬਣਾਵਟ ਅਨੁਸਾਰ ਤਬਦੀਲ ਕੀਤਾ ਜਾ ਸਕਦਾ ਹੈ।*

**ਕਮੀਜ਼—***ਡਰਾਫ਼ਟ ਬਣਾਉਣ ਦਾ ਤਰੀਕਾ*

*ਨਾਪ—*

| | |
|---|---|
| *ਲੰਬਾਈ=42"* | *ਕਮਰ = 30"* |
| *ਛਾਤੀ =36"* | *ਤੀਰਾ = 14"* |
| *ਹਿੱਪ = 38"* | *ਘੇਰਾ = 44"* |

*ਕਮਰ ਤੱਕ ਕੁੱਲ ਲੰਬਾਈ = 14"*

*ਬਾਂਹ ਦੀ ਲੰਬਾਈ = 10"*

*ਬਾਂਹ ਦੀ ਚੌੜਾਈ =16" ($\frac{1}{2}$ ਛਾਤੀ −1" ਤੋਂ 2")*

*ਬਾਂਹ ਦੀ ਮੋਹਰੀ = 12"*

*ਇੱਕ ਕਾਗਜ਼ ਲਓ ਜਿਸ ਦੀ ਲੰਬਾਈ ਕਮੀਜ਼ ਦੀ ਲੰਬਾਈ ਜਿੰਨੀ ਹੋਵੇ ਅਤੇ ਚੌੜਾਈ $\frac{1}{2}$ ਘੇਰਾ +1" ਤੋਂ 2" ਤੱਕ ਘੇਰਾ ਖੁੱਲ੍ਹਾ ਰੱਖਣ ਲਈ ਲਿਆ ਜਾ ਸਕਦਾ ਹੈ। ਚੌੜਾਈ ਵੱਲੋਂ ਉਸ ਨੂੰ ਮੋੜ ਲਓ।*

*0−1=2 −3 =$\frac{1}{4}$ ਘੇਰਾ = 11"*

*0−2=1−3 = ਲੰਬਾਈ = 42"*

**ਪਿਛਲਾ ਪਾਸਾ —**

*0−4=$\frac{1}{12}$ ਛਾਤੀ = 3"*

*0−5 = 1"*

*4 ਅਤੇ 5 ਨੂੰ ਗੋਲਾਈ ਵਿੱਚ ਮਿਲਾਓ। ਇਹ ਪਿਛਲੇ ਗਲੇ ਦੀ ਕਾਟ ਹੈ।*

*0−8 =$\frac{1}{4}$ ਛਾਤੀ−$\frac{1}{2}$"=8$\frac{1}{2}$"*

*0−6=$\frac{1}{2}$" ਤੀਰਾ = 7"*

*6−20 = 1"*

*4 ਤੋਂ 20 ਨੂੰ ਮਿਲਾਓ।*

*8−9 =$\frac{1}{4}$ ਛਾਤੀ + =1$\frac{1}{2}$" 10$\frac{1}{2}$"*

*6 ਤੇ ਲੰਬ ਖਿੱਚੋ ਅਤੇ 17 ਤੱਕ ਲਿਆਓ।*

*20 ਤੋਂ 9 ਨੂੰ ਪਿਛਲੇ ਮੋਢੇ ਦੀ ਗੋਲਾਈ ਲਈ ਮਿਲਾ ਦਿਓ।*


*0–10 ਕਮਰ ਤੱਕ ਦੀ ਲੰਬਾਈ = 14"*

*10–11 = $\frac{1}{4}$ ਕਮਰ + 1"*

*ਡਾਟ ਲਈ + $\frac{1}{2}$"*

*ਢਿੱਲਾ ਰੱਖਣ ਲਈ=9 $\frac{1}{2}$"*

*9 ਤੋਂ 11 ਨੂੰ ਮਿਲਾ ਦਿਓ।*




**ਚਿੱਤਰ 10.3 ਕਮੀਜ਼ ਦਾ ਡਰਾਫ਼ਟ**

*10–12 = 7" ਹਿੱਪ ਲਾਈਨ*

*10–14 = 3$\frac{1}{2}$"*

*14 ਤੋਂ 4" ਉੱਪਰ ਅਤੇ 3$\frac{1}{2}$" ਨੀਚੇ ਨੂੰ ਲੈ ਕੇ 15, 16 ਡਾਟ ਦਾ ਨਿਸ਼ਾਨ ਲਗਾਓ।*

*12–13 = ¼ ਹਿੱਪ + 2" ਖੁੱਲ੍ਹੇਪਨ ਲਈ =* 9½ 2" 11½"

*ਪਿਛਲਾ ਪਾਸਾ—*

*4, 20, 18, 9, 11, 13, 3, 2 ਅਤੇ 5 ਹੈ।*

*ਅਗਲਾ ਪਾਸਾ —*

*ਅਗਲੇ ਪਾਸੇ ਵਿੱਚ ਗਲੇ ਦੀ ਗੋਲਾਈ ਅਤੇ ਮੋਢੇ ਦੀ ਗੋਲਾਈ ਡੂੰਘੀ ਹੁੰਦੀ ਹੈ। ਬਾਕੀ ਪਿਛਲੇ ਪਾਸੇ ਦੇ ਡਰਾਫ਼ਟ ਦੀ ਤਰ੍ਹਾਂ ਹੀ ਹੈ।*

*0–7 =1/12 ਛਾਤੀ + ½"=3½"*

*7 ਤੋਂ 4 ਨੂੰ ਗਲੇ ਦੀ ਗੋਲਾਈ ਲਈ ਮਿਲਾ ਦਿਓ।*

*20–18 = 18–17=20–17 ਦਾ ਅੱਧ 18–19 =½"*

*20, 19, 9 ਨੂੰ ਅਗਲੇ ਮੋਢੇ ਦੀ ਗੋਲਾਈ ਲਈ ਮਿਲਾਓ।*

*ਅਗਲਾ ਪਾਸਾ 4, 20, 19, 9, 11, 13, 3, 2 ਅਤੇ 7 ਹੈ।*


*ਗਲੇ ਦੀ ਡੂੰਘਾਈ, ਚੌੜਾਈ ਅਤੇ ਸ਼ੇਪ ਮਰਜ਼ੀ ਮੁਤਾਬਕ ਰੱਖੇ ਜਾ ਸਕਦੇ ਹਨ।*

*ਬਾਂਹ—*

*ਲੰਬਾਈ =10"*

*ਚੌੜਾਈ = 16" (½ ਛਾਤੀ –2")*

*ਮੋਹਰੀ =12"*




**ਚਿੱਤਰ 10.4 ਬਾਂਹ ਦਾ ਡਰਾਫ਼ਟ**

*ਡਰਾਫ਼ਟ ਬਣਾਉਣ ਤਾ ਤਰੀਕਾ—*

*1–2=3–4 = 10" ਲੰਬਾਈ*

*1–3 =2–4 –½ ਚੌੜਾਈ = 8 (¼" ਛਾਤੀ–½")*

*(1–2 ਨੂੰ ਮੋੜ ਤੇ ਲਓ)*

*3–5 =$3\frac{1}{2}$" ($\frac{1}{4}$ ਬਾਡੀਜ਼ ਬਲਾਕ ਦੀ ਲੰਬਾਈ) 1 ਅਤੇ 5 ਨੂੰ ਮਿਲਾਓ।*

*5–6=1–6 = $\frac{1}{2}$ (1–5)*

*6–6' = 1" ਬਾਂਹ ਦੀ ਪਿਛਲੇ ਪਾਸੇ ਦੀ ਕਾਟ ਲਈ 1, 6' ਅਤੇ 5 ਨੂੰ ਮਿਲਾਓ।*

*1–7=6–7= $\frac{1}{2}$ (1–6)*

*7–7' =$\frac{1}{2}$*

*5–8=8–6=$\frac{1}{2}$ (5–6)*

*8–8 = $\frac{1}{2}$ ਬਾਂਹ ਦੀ ਅਗਲੇ ਪਾਸੇ ਦੀ ਕਾਟ ਲਈ 1, 7, 6, 8 ਅਤੇ 5 ਨੂੰ ਮਿਲਾਓ।*

*2–9 $\frac{1}{2}$ ਮੋਹਰੀ +$\frac{1}{2}$ $6\frac{1}{2}$" 5 ਅਤੇ 9 ਨੂੰ ਮਿਲਾਓ।*

*ਬਾਂਹ ਦਾ ਅਗਲਾ ਪਾਸਾ 1,7,6,8,5,9 ਅਤੇ 2 ਹੈ। ਬਾਂਹ ਦਾ ਪਿਛਲਾ ਪਾਸਾ 1,6,5, 9 ਅਤੇ 2 ਹੈ (ਚਿੱਤਰ 10.4)*

**ਸਿਉਂਣਾਂ ਦੇ ਹੱਕ**—*ਗਲੇ ਦੀ ਗੋਲਾਈ ਲਈ $\frac{1}{4}$" ਮੋਢੇ, ਬਾਂਹ ਦੀ ਕਾਟ, ਬਾਂਹ ਦੀ ਅਗਲੀ ਅਤੇ ਪਿਛਲੀ ਕਾਟ ਲਈ $\frac{1}{2}$" ਬਾਡੀਜ਼ ਬਲਾਕ ਅਤੇ ਬਾਂਹ ਦੇ ਪਾਸਿਆਂ ਲਈ 1" ਬਾਂਹ ਦੀ ਮੋਹਰੀ ਲਈ $1\frac{1}{4}$ ਅਤੇ ਕਮੀਜ਼ ਦੇ ਪਾਸਿਆਂ ਲਈ $1\frac{1}{2}$ ਇੰਚ ਤੋਂ $2\frac{1}{2}$" ਅਤੇ ਘੇਰੇ ਲਈ $2\frac{1}{2}$" ਤੋਂ $3\frac{1}{2}$" ਕੱਪੜਾ ਸਿਉਂਣਾਂ ਦੇ ਹੱਕ ਲਈ ਰੱਖਿਆ ਜਾ ਸਕਦਾ ਹੈ।*

*ਫੈਸ਼ਨ ਜਾਂ ਮਰਜ਼ੀ ਮੁਤਾਬਕ ਜੇਕਰ ਕਮੀਜ਼ ਦਾ ਘੇਰਾ ਵਧਾਉਣਾ ਹੋਵੇ ਤਾਂ 2–3 ਨੂੰ ਅੱਗੇ ਵਧਾ ਕੇ ਨਿਸ਼ਾਨ ਲਗਾਓ (21)। 10 ਤੋਂ 2 ਦੀ ਲੰਬਾਈ 11 ਤੋਂ 21 ਦੇ ਬਰਾਬਰ ਹੋਣੀ ਚਾਹੀਦੀ ਹੈ ਨਹੀਂ ਤਾਂ ਕੋਨਿਆਂ ਤੋਂ ਕੱਪੜਾ ਲਟਕਦਾ ਨਜ਼ਰ ਆਵੇਗਾ। ਛਾਤੀ, ਕਮਰ ਅਤੇ ਹਿੱਪ ਤੇ ਖੁੱਲ੍ਹੇਪਨ ਲਈ ਮਰਜ਼ੀ ਮੁਤਾਬਕ ਵੱਧ ਕੱਪੜਾ ਲਿਆ ਜਾ ਸਕਦਾ ਹੈ।*

**ਕੱਪੜੇ ਦੀ ਤਿਆਰੀ**—*ਸੂਟ ਜੇਕਰ ਸੂਤੀ ਕੱਪੜੇ ਦਾ ਬਨਾਉਣਾ ਹੋਵੇ ਤਾਂ ਕੱਟਣ ਤੋਂ ਪਹਿਲਾਂ ਹੀ ਕੱਪੜੇ ਨੂੰ ਧੋ ਕੇ ਵਰਤੋ ਤਾਂ ਕਿ ਉਸ ਨੇ ਜਿਨ੍ਹਾਂ ਸੁੰਗੜਨਾ ਹੋਵੇ ਸੁੰਗੜ ਜਾਵੇ। ਕੱਪੜੇ ਨੂੰ ਪ੍ਰੈੱਸ ਕਰਕੇ ਸਿਲਵਟਾਂ ਕੱਢ ਲਓ। ਜੇਕਰ ਸੂਟ ਵਾਲਾ ਕੱਪੜਾ ਤਿਲਕਣਾ ਹੋਵੇ ਤਾਂ ਕੱਟਣ ਸਮੇਂ ਪਿੰਨ ਲਗਾਓ ਜਾਂ ਕੱਚਾ ਕਰ ਲਓ। ਜੇਕਰ ਕੱਪੜਾ ਬਹੁਤ ਪਤਲਾ ਹੋਵੇ ਅਤੇ ਸਿਲਾਈ ਸਮੇਂ ਕੋਈ ਔਖ ਆਉਂਦੀ ਹੋਵੇ ਤਾਂ ਸਿਉਂਣ ਵਾਲੀ ਥਾਂ ਕੱਪੜੇ ਥੱਲੇ ਅਖ਼ਬਾਰ ਦੇ ਕਾਗਜ਼ ਦੇ ਟੁਕੜੇ ਰੱਖ ਕੇ ਸਿਲਾਈ*

ਕੀਤੀ ਜਾ ਸਕਦੀ ਹੈ। ਬਾਅਦ ਵਿੱਚ ਇਸ ਨੂੰ ਫਾੜ ਕੇ ਕੱਢ ਦਿਓ। ਜੇਕਰ ਕੱਪੜਾ ਬਹੁਤ ਮੋਟਾ ਹੋਵੇ ਅਤੇ ਸਿਲਾਈ ਠੀਕ ਨਾ ਹੁੰਦੀ ਹੋਵੇ ਤਾਂ ਸਿਉਂਣ ਵਾਲੀ ਥਾਂ ਤੇ ਸਾਬਣ ਦੀ ਸੁੱਕੀ ਚਾਕੀ ਘਸਾ ਕੇ ਫਿਰ ਸਿਉਂਣ ਲਗਾਓ।

ਜੇਕਰ ਕੱਪੜਾ ਪਤਲਾ ਹੋਵੇ ਅਤੇ ਅੰਦਰ ਅੰਦਰਸ ਲਗਾਉਣੀ ਹੋਵੇ ਤਾਂ ਸੂਟ ਨਾਲ ਮੇਲ ਖਾਂਦੇ ਰੰਗ ਦਾ ਸੂਤੀ ਕੱਪੜਾ, ਸੂਟ ਦੇ ਆਕਾਰ ਜਿਨ੍ਹਾਂ ਹੀ ਲਓ ਪਰੰਤੂ ਇਸ ਨੂੰ ਹਮੇਸ਼ਾ ਧੋ ਕੇ ਸੁੰਗੜਾ ਕੇ ਹੀ ਵਰਤੋ। ਸੂਟ ਵਾਲੇ ਕੱਪੜੇ ਤੇ ਅੰਦਰਸ ਵਾਲੇ ਕੱਪੜਿਆਂ ਨੂੰ ਆਪਸ ਵਿੱਚ ਇਕੱਠਾ ਕਰਕੇ ਜੋੜਨ ਤੋਂ ਬਾਅਦ ਮਸ਼ੀਨ ਨਾਲ ਜੋੜੋ।

ਸਿਉਂਣ ਦਾ ਤਰੀਕਾ—

(i) ਸਧਾਰਨ ਸਿਲਾਈ ਨਾਲ ਅਗਲੇ ਅਤੇ ਪਿਛਲੇ ਪਾਸੇ ਨੂੰ ਮੋਢੇ (ਤੀਰੇ) ਤੋਂ ਜੋੜੋ।

(ii) ਗਲੇ ਤੇ ਉਰੇਬ ਪੱਟੀ ਜਾਂ ਸ਼ੇਪ ਵਾਲੀ ਪੱਟੀ ਲਗਾ ਕੇ ਉਲ੍ਹੇੜੀ ਕਰੋ। ਜੇਕਰ ਗਲਾ ਸਾਦੇ ਨਮੂਨੇ ਦਾ ਨਾ ਹੋਵੇ ਤਾਂ ਪਹਿਲਾਂ ਹੀ ਅਗਲੇ ਅਤੇ ਪਿਛਲੇ ਗਲੇ ਤੇ ਨਮੂਨੇ ਮੁਤਾਬਿਕ ਪੱਟੀਆਂ ਲਾਓ ਅਤੇ ਅਗਲੇ ਅਤੇ ਪਿਛਲੇ ਮੋਢੇ ਨੂੰ ਆਪਸ ਵਿੱਚ ਜੋੜੋ।

(iii) ਬਾਹਵਾਂ ਦਾ ਫੱਟਾ ਮੋੜੋ (ਮੁਹਰੀ) ਅਤੇ ਉਲ੍ਹੇੜੀ ਕਰੋ।

(iv) ਕਮੀਜ਼ ਅਤੇ ਬਾਂਹ ਦੇ ਪਾਸਿਆਂ ਦੀ ਸਿਲਾਈ ਕਰੋ।

(v) ਬਾਹਵਾਂ ਨੂੰ ਕਮੀਜ਼ ਨਾਲ ਜੋੜੋ। ਕਮੀਜ਼ ਅਤੇ ਬਾਂਹ ਨੂੰ ਆਪਸ ਵਿੱਚ ਜੋੜਦੇ ਸਮੇਂ ਧਿਆਨ ਰੱਖੋ ਕਿ ਬਾਂਹ ਦੀ ਡੂੰਘੀ ਕਾਟ ਕਮੀਜ਼ ਦੇ ਅਗਲੇ ਪਾਸੇ ਨਾਲ ਜੋੜੋ।

(vi) ਜੇਕਰ ਕਮੀਜ਼ ਪਾਸੇ ਤੋਂ ਖੁੱਲ੍ਹੀ ਰੱਖਣੀ ਹੈ ਤਾਂ ਕਮਰ ਤੇ ਪੱਟੀ ਲਗਾ ਕੇ ਉਲ੍ਹੇੜੀ ਕਰੋ ਅਤੇ ਖੁੱਲ੍ਹੀ ਪੱਟੀ ਬੰਦ ਕਰਨ ਲਈ ਹੁੱਕਾਂ ਜਾਂ ਟਿੱਚ ਬਟਨ ਲਗਾਓ।

(vii) ਕਮੀਜ਼ ਦੇ ਚਾਕ ਅਤੇ ਹੇਠਲੇ ਫੱਟੇ ਤੇ ਉਲ੍ਹੇੜੀ ਕਰੋ ਜਾਂ ਮਸ਼ੀਨ ਨਾਲ ਸਿਲਾਈ ਕਰੋ।

**ਨੋਟ** : ਜ਼ਰੂਰਤ ਅਨੁਸਾਰ ਡਾਟ ਦੀ ਲੰਬਾਈ, ਚੌੜਾਈ ਜਾਂ ਡਾਟਾਂ ਵਿਚਕਾਰਲਾ ਫਾਸਲਾ ਘੱਟ ਵੱਧ ਕੀਤਾ ਜਾ ਸਕਦਾ ਹੈ। ਕਮੀਜ਼ ਦੀ ਲੰਬਾਈ, ਬਾਹਵਾਂ ਦੀ ਲੰਬਾਈ ਵੀ ਘਟਾਈ ਜਾਂ ਵਧਾਈ ਜਾ ਸਕਦੀ ਹੈ ਅਤੇ ਚਾਕ ਦੀ ਲੰਬਾਈ ਵੀ ਫੈਸ਼ਨ ਅਨੁਸਾਰ ਘਟਦੀ ਜਾਂ ਵਧਦੀ ਰਹਿੰਦੀ ਹੈ।

**ਸਜਾਵਟ**—ਹੱਥ ਨਾਲ ਜਾਂ ਮਸ਼ੀਨ ਨਾਲ ਕਢਾਈ ਕਰਕੇ ਜਾਂ ਪੈਚ ਲਗਾ ਕੇ ਕਮੀਜ਼ ਦੀ ਸਜਾਵਟ ਕੀਤੀ ਜਾ ਸਕਦੀ ਹੈ। ਅਗਲੇ ਪਾਸੇ ਦੀ ਸਜਾਵਟ ਲਈ ਸਜਾਵਟੀ ਬਟਨ, ਲੇਸ ਜਾਂ ਫੀਤੇ ਵਰਤੇ ਜਾ ਸਕਦੇ ਹਨ।

**ਕੱਪੜੇ ਦਾ ਅਨੁਮਾਨ ਲਗਾਉਣਾ**—*ਕਮੀਜ਼ ਲਈ ਦੋ ਲੰਬਾਈਆਂ ਦਾ ਘੇਰਾ ਮੋੜਨ ਲਈ ਅਤੇ ਸਿਉਂਣ ਦਾ ਹੱਕ ਜਿੰਨਾ ਕੱਪੜਾ ਚਾਹੀਦਾ ਹੈ ਕਿਉਂਕਿ ਬਾਹਵਾਂ ਕਮੀਜ਼ ਦੇ ਸਾਈਡ ਤੋਂ ਬਚੇ ਕੱਪੜੇ ਦੀਆਂ ਬਣ ਸਕਦੀਆਂ ਹਨ। ਲੇਕਿਨ ਜਦੋਂ ਘੇਰਾ ਜ਼ਿਆਦਾ ਹੁੰਦਾ ਹੈ ਤਾਂ ਦੋ ਲੰਬਾਈਆਂ (ਘੇਰੇ ਦਾ ਫੱਟਾ + ਕਮੀਜ਼ ਦੀ ਲੰਬਾਈ) ਅਤੇ ਇਕ ਬਾਂਹ ਦੀ ਲੰਬਾਈ+ਬਾਂਹ ਦਾ ਫੱਟਾ ਮੋੜਨ ਦੇ ਹੱਕ ਜਿੰਨਾ ਕੱਪੜਾ ਚਾਹੀਦਾ ਹੈ।*

*ਜਿਵੇਂ ਤੁਸੀਂ ਪਹਿਲਾਂ ਵੀ ਪੜ੍ਹ ਚੁੱਕੇ ਹੋ ਕਿ ਜਦੋਂ ਕਮੀਜ਼ ਸਲਵਾਰ ਇਕੱਠੇ ਬਣਾਏ ਜਾਂਦੇ ਹਨ ਤਾਂ ਕਮੀਜ਼ ਅਤੇ ਸਲਵਾਰ ਦਾ ਅਨੁਮਾਨ ਵੀ ਇਕੱਠੇ ਕੱਪੜੇ ਵਿੱਚੋਂ ਹੀ ਲਗਾਉਣਾ ਚਾਹੀਦਾ ਹੈ ਨਹੀਂ ਤਾਂ ਕੁੱਝ ਕੱਪੜਾ ਫਜ਼ੂਲ ਚਲਾ ਜਾਵੇਗਾ।*

*ਪੂਰੀ ਸਿਲਾਈ ਕਰਨ ਉਪਰੰਤ ਪ੍ਰੈੱਸ ਕਰ ਕੇ ਤਹਿ ਲਗਾਓ।*

## ਕੁੜਤਾ-ਪਜ਼ਾਮਾ

*ਆਮ ਤੌਰ 'ਤੇ ਆਪਣੇ ਬੱਚਿਆਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਪੁਸ਼ਾਕਾਂ ਪਹਿਨਾ ਕੇ ਮਾਵਾਂ ਨੂੰ ਬਹੁਤ ਖੁਸ਼ੀ ਮਿਲਦੀ ਹੈ, ਖਾਸ ਕਰਕੇ ਆਪਣੇ ਹੱਥਾਂ ਨਾਲ ਸਿਉਂਤੇ ਹੋਏ ਕੱਪੜੇ, ਪਹਿਨਾ ਕੇ। ਭਾਵੇਂ ਵੱਖ-ਵੱਖ ਤਰ੍ਹਾਂ ਦੀਆਂ ਪੁਸ਼ਾਕਾਂ ਬਜ਼ਾਰੋਂ ਸਿਲੀਆਂ ਸਲਾਈਆਂ ਮਿਲ ਜਾਂਦੀਆਂ ਹਨ ਜਾਂ ਦਰਜ਼ੀ ਕੋਲੋਂ ਸਿਲਾਈਆਂ ਜਾ ਸਕਦੀਆਂ ਹਨ, ਪਰ ਮਾਂ ਨੂੰ ਕੱਪੜੇ ਆਪ ਸਿਉਂ ਕੇ ਸਿਰਫ਼ ਤਸੱਲੀ ਅਤੇ ਖੁਸ਼ੀ ਹੀ ਨਹੀਂ ਮਿਲਦੀ ਸਗੋਂ ਉਹ ਪੈਸੇ ਵੀ ਬਚਾ ਸਕਦੀ ਹੈ।*

*ਇਕ ਸਿਆਣੀ ਮਾਂ ਸਾਧਾਰਣ ਕੱਪੜੇ ਨੂੰ ਸੁਚੱਜੇ ਢੰਗ ਤੇ ਢੁੱਕਵੇਂ ਨਮੂਨੇ ਨਾਲ ਸਿਉਂਕੇ ਉਸ ਨੂੰ ਦਿਲ ਖਿੱਚਵਾਂ ਬਣਾ ਸਕਦੀ ਹੈ ਜਿਸ ਨਾਲ ਬੱਚੇ ਨੂੰ ਹੋਰ ਵੀ ਖੁਸ਼ੀ ਅਤੇ ਆਤਮ ਵਿਸ਼ਵਾਸ ਪ੍ਰਾਪਤ ਹੁੰਦਾ ਹੈ। ਭਾਵੇਂ ਕਈ ਕਿਸਮਾਂ ਦੀਆਂ ਪੁਸ਼ਾਕਾਂ ਬੱਚਿਆਂ ਨੂੰ ਪਹਿਨਾਈਆਂ ਜਾ ਸਕਦੀਆਂ ਹਨ ਲੇਕਿਨ ਕੁੜਤਾ-ਪਜ਼ਾਮਾ ਇਕ ਅਜਿਹੀ ਪੁਸ਼ਾਕ ਹੈ ਜਿਸ ਨੂੰ ਹਰੇਕ ਉਮਰ ਦੇ ਲੜਕੇ ਅਤੇ ਲੜਕੀਆਂ ਪਹਿਨ ਸਕਦੇ ਹਨ ਅਤੇ ਹਰ ਮੌਕੇ 'ਤੇ ਪਹਿਨੇ ਜਾ ਸਕਦੇ ਹਨ।*

*ਕੁੜਤੇ-ਪਜ਼ਾਮੇ ਦੇ ਕੱਪੜੇ ਦੀ ਚੋਣ ਕਰਦੇ ਸਮੇਂ ਰੰਗ ਅਤੇ ਨਮੂਨੇ ਦਾ ਖਾਸ ਖਿਆਲ ਰੱਖਣਾ ਚਾਹੀਦਾ ਹੈ। ਛੋਟੇ ਬੱਚਿਆਂ ਲਈ ਹਲਕੇ ਰੰਗ ਅਤੇ ਛੋਟੇ ਨਮੂਨੇ ਕਾਫੀ ਢੁੱਕਵੇਂ ਰਹਿੰਦੇ ਹਨ। ਜਦਕਿ ਵੱਡੀ ਉਮਰ ਦੇ ਬੱਚਿਆਂ ਲਈ ਹਲਕੇ ਤੇ ਗੂੜ੍ਹੇ ਰੰਗ ਦੇ, ਛੋਟੇ ਤੇ ਵੱਡੇ ਨਮੂਨੇ ਦੋਵੇਂ ਹੀ ਜਚ ਸਕਦੇ ਹਨ। ਪੁਸ਼ਾਕ ਕੱਟਣ ਸਮੇਂ ਉਸ ਨੂੰ ਖੁੱਲ੍ਹੀ ਅਤੇ ਲੰਬਾਈ ਵਿੱਚ ਵੱਧ ਰੱਖਣੀ ਚਾਹੀਦੀ ਹੈ ਤਾਂਕਿ ਉਹ ਬੱਚੇ ਦੀਆਂ ਵਧਦੀਆਂ ਸਰੀਰਕ ਲੋੜਾਂ ਨੂੰ ਪੂਰਾ ਕਰ ਸਕੇ। ਜੇਕਰ ਪੁਸ਼ਾਕ ਤੰਗ ਹੋਵੇਗੀ ਤਾਂ ਬੱਚੇ ਦੇ ਸ਼ਰੀਰਕ ਅੰਗਾਂ ਦੀ ਹਿੱਲ-ਜੁਲ ਵਿੱਚ ਰੁਕਾਵਟ ਪਾਵੇਗੀ।*

## 4. ਕੁੜਤਾ

*ਕੁੜਤੇ ਦੇ ਡਰਾਫ਼ਟ ਬਣਾਉਣ ਦਾ ਤਰੀਕਾ—*

*0,1,2 ਅਤੇ 3 ਚੋਹਰਾ ਕੱਪੜਾ ਲਓ ਤਾਂਕਿ 0–2 ਅਤੇ 0–1 ਮੋੜ ਤੇ ਆ ਜਾਣ।*

*0–1=2–3=ਲੰਬਾਈ + $\frac{1}{2}$"*

*0–2=1–3 = $\frac{1}{2}$ ਤੀਰਾ + $\frac{1}{4}$"*

*0–4 = $\frac{1}{12}$ ਛਾਤੀ (ਗਲੇ ਦੀ ਚੌੜਾਈ)*


*0–5 =ਅਗਲੇ ਪਾਸੇ ਦੇ ਗਲੇ ਦੀ ਡੂੰਘਾਈ, 4 ਤੇ 5 ਨੂੰ ਗੋਲਾਈ ਨਾਲ ਮਿਲਾਓ।*

*0–6= $\frac{1}{2}$" (ਪਿਛਲੇ ਪਾਸੇ ਦੇ ਗਲੇ ਦੀ ਡੂੰਘਾਈ) 4 ਤੇ 6 ਨੂੰ ਗੋਲਾਈ ਨਾਲ ਮਿਲਾਓ।*


*5–7 = $\frac{1}{2}$"*

*7–8= $\frac{1}{3}$ ਛਾਤੀ –1" (ਅਗਲੇ ਪਾਸੇ ਦੀ ਪੱਟੀ)*


*2–9 = $\frac{1}{4}$ ਛਾਤੀ (ਬਾਂਹ ਦੀ ਕਾਟ)*




**(ੳ)**
**ਅਗਲਾ ਅਤੇ ਪਿਛਲਾ ਪਾਸਾ**




**(ਅ)**
**ਕਲੀਆਂ**




*ਚਿੱਤਰ 10.5 ਕੁੜਤੇ ਦਾ ਡਰਾਫ਼ਟ*

*ਕਲੀਆਂ : 10, 11,12 ਅਤੇ 13 ਦੋਹਰਾ ਕੱਪੜਾ ਲਓ।*

*10–11=12–13 = ਲੰਬਾਈ – $\frac{1}{4}$ ਛਾਤੀ +1"*

*10–12 = 11–13 = $\frac{3}{8}$ ਛਾਤੀ*

*10–14=13–15 = $\frac{1}{16}$ ਛਾਤੀ (14 ਤੇ 15 ਨੂੰ ਆਪਸ ਵਿੱਚ ਮਿਲਾ ਲਓ।)*

*14–16 = 15–17 = $\frac{1}{2}$ "*

*(16 ਤੇ 12 ਅਤੇ 11 ਤੇ 17 ਨੂੰ ਆਪਸ ਵਿੱਚ ਗੋਲਾਈ ਨਾਲ ਮਿਲਾਓ।)*

*10,11, 17 ਤੇ 14 ਅਤੇ 12, 13, 15 ਅਤੇ 16 ਦੀਆਂ ਚਾਰ ਕਲੀਆਂ ਤਿਆਰ ਹੋ ਜਾਣਗੀਆਂ।*

*ਬਾਂਹ :*

*18, 19, 20 ਅਤੇ 21 ਦੂਹਰਾ ਕੱਪੜਾ ਲਓ।*

*18–19 = $\frac{1}{4}$ ਛਾਤੀ*

*18–20 = ਬਾਂਹ ਦੀ ਲੰਬਾਈ + $\frac{1}{2}$ "*

*20–21 = $\frac{1}{4}$ ਛਾਤੀ –1*

*18, 19, 20 ਅਤੇ 21 ਨੂੰ ਮਿਲਾਓ ਅਤੇ 18 ਤੇ 20 ਨੂੰ ਮੋੜ ਤੇ ਰੱਖੋ।*

**ਸਿਉਂਣ ਲਈ ਕੱਪੜਾ (ਸਿਉਂਣ ਦੇ ਹੱਕ)**—*ਗਲੇ ਤੇ $\frac{1}{4}$ " ਬਾਕੀ ਸਾਰੀਆਂ ਸਿਉਂਣਾ ਲਈ $\frac{1}{2}$ " ਅਤੇ ਘੇਰੇ ਲਈ 1" ਕੱਪੜਾ ਸਿਉਂਣ ਲਗਾਉਣ ਲਈ ਰੱਖੋ।*

**ਕੁੜਤਾ ਕੱਟਣ ਅਤੇ ਸਿਉਂਣ ਦਾ ਤਰੀਕਾ :**

*0,1,2, ਤੇ 3 ਨੂੰ ਚੌਹਰੇ (ਚਾਰ ਤਹਿਆਂ) ਕੱਪੜੇ ਤੇ ਲਓ, ਅਗਲੇ ਪਾਸੇ ਦੇ ਗਲੇ, ਲਈ 4 ਤੇ 5 ਅਤੇ 7 ਤੇ 8 ਤੋਂ ਕੱਟੋ। ਪਿਛਲੇ ਪਾਸੇ ਦੇ ਗਲੇ ਲਈ 4 ਤੇ 6 ਨੂੰ ਕੱਟੋ। ਦੂਹਰੇ ਕੱਪੜੇ ਤੇ 10, 11,12 ਤੇ 13 ਨੂੰ ਕੱਟੋ। 10, 11, 17 ਤੇ 14 ਅਤੇ*

*12,13,15 ਅਤੇ 11 ਨੂੰ ਕੱਟ ਕੇ ਚਾਰ ਕਲੀਆਂ ਬਣ ਜਾਣਗੀਆਂ 18,19,20 ਤੇ 21 ਨੂੰ ਮੋੜ ਤੇ ਰੱਖ ਕੇ ਦੋ ਬਾਹਵਾਂ ਲਈ ਕੱਪੜਾ ਕੱਟੋ।*

*ਕੁੜਤੇ ਨੂੰ ਸਿਉਂਣ ਸਮੇਂ 7 ਤੇ 8 ਤੇ ਗਲੇ ਲਈ ਪੱਟੀ ਲਗਾਓ। ਗਲੇ ਦੀ ਗੋਲਾਈ ਤੇ ਉਰੇਬਦਾਰ ਪਾਈਪਿੰਗ ਲਗਾਓ। 3 ਤੇ 9 ਨਾਲ ਕਲੀ ਜਾਂ 11 ਤੇ 10 ਜਾਂ 12 ਤੇ 13 ਹਿੱਸਾ ਇਸ ਤਰ੍ਹਾਂ ਸਿਉਂਵੋ ਕਿ ਕਲੀ ਦਾ ਛੋਟਾ ਪਾਸਾ ਉੱਪਰ ਅਤੇ ਜ਼ਿਆਦਾ ਚੌੜਾ ਪਾਸਾ ਨੀਚੇ ਘੇਰੇ ਵੱਲ ਆ ਜਾਵੇ। 2 ਤੇ 9 ਨਾਲ 18 ਤੇ 19 ਨੂੰ ਸਿਉਂਵੋ। 20 ਤੇ 21 ਤੇ ਅੱਧੇ ਇੰਚ ਦੀ ਕੰਨੀ ਭੰਨ ਕੇ ਸਿਲਾਈ ਕਰੋ। 21, 19, 14 ਤੇ 22 ਨੂੰ ਸਿਉਂਵੋ 22, 17, 11, 3 ਅਤੇ 1 ਹਿੱਸੇ ਤੇ ਕੰਨੀ ਭੰਨੋ। ਗਲੇ ਦੀ ਪੱਟੀ ਤੇ ਸੱਜੇ ਪਾਸੇ ਬਟਨ ਲਗਾਓ ਅਤੇ ਖੱਬੇ ਪਾਸੇ ਕਾਜ ਕਰੋ।*

## 5. ਚੂੜੀਦਾਰ ਪਜਾਮਾ

*0—1= ਲੰਬਾਈ + 3" ਚੂੜੀਆਂ ਅਤੇ ਫੱਟੇ ਲਈ)*


*0—2 = $\frac{1}{3}$ ਹਿੱਪ + 1"*

*0—5= 0—2=2—6=5—6, (0,2,6 ਅਤੇ 5 ਨੂੰ ਮਿਲਾਓ।)*

*6–8 =2" (8 ਤੇ 5 ਨੂੰ ਗੋਲਾਈ ਨਾਲ ਮਿਲਾਓ।)*

*2—3=1—3*


*3—4= $\frac{1}{2}$ ਗੋਡੇ ਦੀ ਗੋਲਾਈ + $1\frac{1}{4}$ "*





*ਚਿੱਤਰ 10.6 ਤਿਆਰ ਚੂੜੀਦਾਰ ਪਜ਼ਾਮਾ*

*1—7=3—4 (8,4 ਅਤੇ 7 ਨਾਲ ਮਿਲਾਓ।)*

*0—9=5—10=*$1\frac{1}{2}$*" 0,9, 10 ਅਤੇ 5 ਨੂੰ ਮਿਲਾਓ। ਇਹ ਨੇਫ਼ੇ ਵਾਸਤੇ ਕੱਪੜਾ ਹੈ। ਆਸਣ, ਪਾਸਿਆਂ ਅਤੇ ਪੌਂਚੇ ਲਈ* $\frac{3}{4}$*" ਤੋਂ 1" ਕੱਪੜਾ ਸਿਉਂਣ ਲਗਾਉਣ ਲਈ ਰੱਖੋ।*





*(ੳ)* *(ਅ)*

*ਚਿੱਤਰ 10.7 ਚੂੜੀਦਾਰ ਪਜ਼ਾਮੇ ਲਈ ਥੈਲੀ ਬਣਾਉਣ ਦਾ ਤਰੀਕਾ*

*ਕੱਟਣ ਅਤੇ ਸਿਉਂਣ ਦਾ ਤਰੀਕਾ—(ੳ) ਥੈਲੀ ਬਣਾਉਣਾ—ਚੂੜੀਦਾਰ ਪਜ਼ਾਮਾ ਕੱਪੜੇ ਦੀ ਥੈਲੀ ਬਣਾ ਕੇ ਉਰੇਬਦਾਰ ਕੱਪੜੇ ਤੇ ਕੱਟਿਆ ਜਾਂਦਾ ਹੈ। ਇਸ ਤਰ੍ਹਾਂ ਕੱਪੜੇ ਵਿੱਚ ਲਚਕ ਵੱਧ ਜਾਂਦੀ ਹੈ। ਥੈਲੀ ਬਣਾਉਣ ਲਈ ਕੱਪੜਾ ਪਜ਼ਾਮੇ ਦੀ ਲੰਬਾਈ ਅਤੇ ਚੂੜੀਆਂ, ਫੱਟੇ ਅਤੇ ਨੇਫੇ ਨੂੰ ਮਿਲਾ ਕੇ ਇਸ ਦਾ ਡੇਢ ਗੁਣਾ ਲਿਆ ਜਾਂਦਾ ਹੈ। ਜੇਕਰ ਚੂੜੀਆਂ ਜ਼ਿਆਦਾ ਪਾਉਣੀਆਂ ਹੋਣ ਤਾਂ ਇਹ ਕੱਪੜਾ ਵੀ ਵੱਧ ਲਿਆ ਜਾ ਸਕਦਾ ਹੈ। ਛੋਟੇ ਬੱਚੇ ਲਈ 24" ਚੌੜਾ ਅਤੇ ਵੱਡੇ ਬੱਚਿਆਂ ਲਈ 30" ਚੌੜਾ ਕੱਪੜਾ ਲਓ। ਕੱਪੜੇ ਨੂੰ ਲੰਬਾਈ ਵੱਲੋਂ ਜੋੜ ਕੇ ਦੋਨੋਂ ਪਾਸਿਆਂ ਤੇ ਸੀਉਂਣ ਲਗਾਓ। ਸੀਉਂਣ ਵਾਲੇ ਹਿੱਸੇ 1 ਤੇ 2 ਅਤੇ 3 ਤੇ 4 ਨੂੰ ਕੱਪੜੇ ਤੇ ਸਿੱਧਾ ਕਰਕੇ ਵਿਛਾਓ ਤਾਂ ਕਿ ਇਹ ਕੱਪੜੇ ਦੇ ਵਿਚਕਾਰ ਆ ਜਾਣ। 5 ਤੋਂ ਕੱਪੜੇ ਨੂੰ ਪਕੜ ਕੇ 6 ਅਤੇ 7 ਦਿਸ਼ਾ ਵਾਲੇ ਕੱਪੜੇ ਦੀਆਂ ਕੰਨੀਆਂ ਵਲ ਸੀਉਂਣ ਲਗਾਉਂਦੇ ਜਾਓ ਜਦ ਤਕ ਕਿ ਸੀਉਂਣ 8 ਤੇ ਪਹੁੰਚ ਕੇ ਖਤਮ ਨਾ ਹੋ ਜਾਵੇ। ਇਸ ਤਰ੍ਹਾਂ ਸਾਰਾ ਕੱਪੜਾ ਸੀਉਂਤੇ ਜਾਣ ਤੇ ਇਹ ਉਰੇਬਦਾਰ ਥੈਲੀ ਦਾ ਰੂਪ ਲੈ ਲਵੇਗਾ। ਥੈਲੀ ਨੂੰ ਸਿੱਧੀ ਪੱਧਰ ਵਾਲੀ ਥਾਂ ਤੇ ਰੱਖ ਕੇ ਦੋਨੋਂ ਪਾਸਿਆਂ ਤੋਂ ਕੱਪੜਾ ਕੱਟੋ।*




*ਚਿੱਤਰ 10.8 ਚੂੜੀਦਾਰ ਪਜ਼ਾਮਾ ਕੱਟਣ ਦਾ ਤਰੀਕਾ*

**ਚੂੜੀਦਾਰ ਪਜ਼ਾਮਾ ਕੱਟਣ ਦਾ ਤਰੀਕਾ—***ਦੋਨੋਂ ਪਾਸਿਆਂ ਤੋਂ ਥੈਲੀ ਕੱਟਣ ਤੋਂ ਬਾਅਦ ਪਜ਼ਾਮੇ ਦੇ ਬਣਾਏ ਹੋਏ ਡਰਾਫ਼ਟ (ਚਿੱਤਰ 10.8) ਨੂੰ ਚਿੱਤਰ ਮੁਤਾਬਿਕ ਥੈਲੀ 'ਤੇ ਰੱਖੋ ਅਤੇ ਪਜ਼ਾਮੇ ਦੇ ਦੋਨੋਂ ਪਾਸਿਆਂ ਨੂੰ ਕੱਟੋ।*

**ਸੀਉਂਣ ਦਾ ਤਰੀਕਾ** : *ਪਜ਼ਾਮੇ ਦੇ ਆਸਣ ਨੂੰ ਸੀਉਂਵੋ। ਪਜ਼ਾਮੇ ਦੇ ਨੇਫ਼ੇ ਅਤੇ ਪੌਂਹਚਿਆਂ ਵਾਲਾ ਫੱਟਾ ਭੰਨਣ ਤੋਂ ਬਾਅਦ ਪਾਸਿਆਂ ਤੋਂ ਪਜ਼ਾਮਾ ਸੀਉਂਵੋ।*

## 6. ਸਾਦਾ ਪਜ਼ਾਮਾ

*ਚੂੜੀਦਾਰ ਪਜ਼ਾਮੇ ਤੋਂ ਇਲਾਵਾ ਸਾਦਾ ਪਜ਼ਾਮਾ ਵੀ ਬਣਾਇਆ ਜਾ ਸਕਦਾ ਹੈ।*

**ਡਰਾਫ਼ਟ —**

**ਅਗਲਾ ਪਾਸਾ—**

*1—2 = 14—15 = ਲੰਬਾਈ*

*1—14=2—15 = ਹਿੱਪ +* $2\frac{1}{2}$" *ਤੋਂ 4"*

*1—5=3—4=*$\frac{1}{3}$ *ਹਿੱਪ + 1"*

*1—3=4—5=*$\frac{1}{4}$ *ਹਿੱਪ + 1"*

*4—6=4—5=*$\frac{1}{4}$ *ਹਿੱਪ +1"*


*4—6=*$2\frac{1}{2}$"

*3—6 ਨੂੰ ਗੋਲਾਈ ਨਾਲ ਮਿਲਾ ਦਿਓ।*

*2—7=*$\frac{1}{2}$ *ਮੋਹਰੀ (8"—9")*

*6—7 ਨੂੰ ਗੋਲਾਈ ਵਿੱਚ ਮਿਲਾ ਦਿਓ।*

*1,3, 6,7 ਅਤੇ 2 ਪਜ਼ਾਮੇ ਦਾ ਅਗਲਾ ਪਾਸਾ ਹੈ।*




*ਚਿੱਤਰ 10.9 ਸਾਦੇ ਪਜ਼ਾਮੇ ਦਾ ਡਰਾਫ਼ਟ*

**ਪਿਛਲਾ ਪਾਸਾ—**

*3—8, 8—9, 6—10, 1—12 ਅਤੇ 7—11=1*

*1—9 ਅਤੇ 7—11—10 ਨੂੰ ਆਪਸ ਵਿੱਚ ਮਿਲਾ ਦਿਓ।*

*9—10 ਨੂੰ ਗੋਲਾਈ ਵਿੱਚ ਮਿਲਾ ਦਿਓ।*

*1,9,10, 11 ਅਤੇ 2 ਪਜ਼ਾਮੇ ਦਾ ਪਿਛਲਾ ਪਾਸਾ ਹੈ। ਪਜ਼ਾਮਾ ਸਿਉਂਣ ਦਾ ਤਰੀਕਾ ਚੂੜੀਦਾਰ ਪਜ਼ਾਮੇ ਵਾਂਗ ਹੀ ਹੈ।*

## ਅਭਿਆਸ

### ਵਸਤੂਨਿਸ਼ਠ ਪ੍ਰਸ਼ਨ—

1. *ਰੌਂਪਰ ਕਿਸ ਉਮਰ ਦੇ ਬੱਚਿਆਂ ਲਈ ਬਣਾਈ ਜਾਂਦੀ ਹੈ?*
2. *ਸਲਵਾਰ ਕਮੀਜ਼ ਦੀ ਲੋਕਪ੍ਰਿਯਤਾ ਕਿਉਂ ਵਧ ਰਹੀ ਹੈ?*
3. *ਰੌਂਪਰ ਲਈ ਕੱਪੜੇ ਦਾ ਅੰਦਾਜ਼ਾ ਕਿਵੇਂ ਲਗਾਇਆ ਜਾਂਦਾ ਹੈ।*
4. *ਸਲਵਾਰ ਅਤੇ ਕਮੀਜ਼ ਆਮ ਤੌਰ 'ਤੇ ਇੱਕੋ ਕੱਪੜੇ ਤੋਂ ਕਿਉਂ ਬਣਾਏ ਜਾਂਦੇ ਹਨ?*
5. *ਸਲਵਾਰ ਲਈ ਕੱਪੜੇ ਦਾ ਅੰਦਾਜ਼ਾ ਕਿਵੇਂ ਲਗਾਇਆ ਜਾਂਦਾ ਹੈ?*
6. *ਕੁੜਤਾ ਪਜ਼ਾਮਾ ਕਿਹੋ ਜਿਹੀ ਪੁਸ਼ਾਕ ਹੈ?*

### ਛੋਟੇ ਉੱਤਰਾਂ ਵਾਲੇ ਪ੍ਰਸ਼ਨ—

7. *ਡਰਾਫ਼ਟ ਬਣਾਉਣ ਦੇ ਕੀ ਲਾਭ ਹਨ?*
8. *ਰੌਂਪਰ ਲਈ ਕੱਪੜੇ ਦਾ ਅੰਦਾਜ਼ਾ ਕਿਵੇਂ ਲਗਾਇਆ ਜਾਂਦਾ ਹੈ? ਇਸ ਨੂੰ ਕੱਟਣ ਅਤੇ ਸਿਉਂਣ ਦਾ ਕੀ ਤਰੀਕਾ ਹੈ?*
9. *ਔਰਤਾਂ ਦੀ ਸਲਵਾਰ ਕਮੀਜ਼ ਪੁਸ਼ਾਕ ਬਾਰੇ ਤੁਸੀਂ ਕੀ ਜਾਣਦੇ ਹੋ?*
10. *ਸਲਵਾਰ ਲਈ ਕੱਪੜੇ ਦਾ ਅਨੁਮਾਨ ਕਿਵੇਂ ਲਗਾਇਆ ਜਾਂਦਾ ਹੈ? ਇਸਦੀ ਕਟਾਈ ਅਤੇ ਸਲਾਈ ਕਰਨ ਬਾਰੇ ਵੀ ਦੱਸੋ।*
11. *ਕੁੜਤਾ ਪਜ਼ਾਮਾ ਕਿਹੋ ਜਿਹੀ ਪੁਸ਼ਾਕ ਹੈ? ਚੂੜੀਦਾਰ ਪਜ਼ਾਮੇ ਲਈ ਉਰੇਬ ਕੱਪੜਾ ਕਿਵੇਂ ਬਣਾਇਆ ਜਾਂਦਾ ਹੈ?*

## ਨਿਬੰਧਾਤਮਕ ਪ੍ਰਸ਼ਨ—

12. *ਸਲਵਾਰ ਕਮੀਜ਼ ਲਈ ਕੱਪੜੇ ਦਾ ਅਨੁਮਾਨ ਕਿਸ ਤਰ੍ਹਾਂ ਲਗਾਇਆ ਜਾਂਦਾ ਹੈ? ਇਨ੍ਹਾਂ ਦੀ ਕਟਾਈ ਅਤੇ ਸਿਲਾਈ ਕਰਨ ਬਾਰੇ ਦੱਸੋ।*
13. *ਪੁਸ਼ਾਕ ਦੀ ਸਿਲਾਈ ਕਿਨ੍ਹਾਂ-ਕਿਨ੍ਹਾਂ ਗੱਲਾਂ 'ਤੇ ਨਿਰਭਰ ਕਰਦੀ ਹੈ । ਉਦਾਹਰਨ ਸਾਹਿਤ ਦੱਸੋ?*
14. *ਕਿਸੇ ਇਕ ਪੁਸ਼ਾਕ ਲਈ ਕੱਪੜੇ ਦਾ ਅਨੁਮਾਨ ਲਗਾਉਂਦੇ ਹੋਏ ਉਸ ਦੀ ਡਰਾਫ਼ਟਿੰਗ ਤਿਆਰ ਕਰੋ।*